'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ. ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 21 ਪੁਸਤਕ ਲੜੀ : 83 ਅਪਰੈਲ-ਜੂਨ, 2021

ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ
9, Raseela Nagar
Adjoining Asharam,
Jalandhar-144002
Mob: 98148-60778
pravachan07@gmail.com
www.pravachan. org
ਸੰਤੋਖ ਸਿੰਘ ਧਾਲੀਵਾਲ
65 Wroxham Drive, Wollation,
Nottingham NG8 2QR, U.K.

ਵਿਸ਼ੇਸ਼ ਸਲਾਹਕਾਰ: ਜਸ ਮੰਡ

ਸਹਿਯੋਗ
ਡਾ. ਕੁਲਵੰਤ ਸਿੰਘ ਸੰਧੂ
ਡਾ. ਜਸਵਿੰਦਰ ਸਿੰਘ
ਡਾ. ਪਰਮਜੀਤ ਕੌਰ ਸਿੱਧੂ
ਬਲਬੀਰ ਪਰਵਾਨਾ
ਵਰਿੰਦਰ ਪਰਿਹਾਰ,
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)

ਚੰਦਿਆਂ ਦਾ ਵੇਰਵਾ:

| | |
|---|---|
| India | Rs. 75 Per Issue |
| | Rs. 300 Per Year |
| | Rs.1500 Per 5 Years |
| U.K. | £4 Per issue |
| | £15 Per Year |
| | £75 Per 5 Years |
| U.S.A./ | $30 Per Year |
| Canada | $30 Per Year |
| | $150 Per 5 Years. |

## ਅੰਦਰ ਪੜ੍ਹੋ


- ਸੰਪਾਦਕੀ: ਕਿਸਾਨੀ ਸੰਘਰਸ, ਰਾਜਨੀਤੀ ਅਤੇ ਸਿਰਜਣਕਾਰੀ ....... 2
- ਗੁਰਦਾਸਪੁਰ ਸ਼ਹਿਰ ਨਾਲ ਜੁੜੀਆਂ ਯਾਦਾਂ ਤੇ ਸੁਜਾਨ ਸਿੰਘ ਦੀ ਯਾਦ ਵਿਚ ਇਕ ਮਿਲਣੀ -**ਜਗਜੀਤ ਸਿੰਘ ਆਨੰਦ** ....... 11
- ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਸਾਹਿਤਕ ਚੇਤਨਾ/**ਸੋਹਜ ਦੀਪ** ....... 15
- ਅਤਰਜੀਤ ਦੀ ਕਹਾਣੀ ਕਲਾ -**ਬਲਜੀਤ ਕੌਰ** ....... 22
- ਸੇਖੋਂ ਤੇ ਸਵਰਾਜਬੀਰ: ਪੰਜਾਬੀ ਰੰਗਮੰਚ -**ਮਨਪ੍ਰੀਤ ਕੌਰ** ....... 27
- ਕਹਾਣੀ-ਉਸਨੇ ਮਰ ਹੀ ਜਾਣਾ ਸੀ -**ਬਲਬੀਰ ਪਰਵਾਨਾ** ....... 31
- ਕਹਾਣੀ-ਬਰਫ਼ ਦਾ ਫ਼ੰਬਾ -**ਡਾ: ਕਰਮਜੀਤ ਸਿੰਘ ਨਡਾਲ੍ਹਾ** ....... 42
- ਕਹਾਣੀ-ਰਿਸ਼ਤਿਆਂ ਦੀ ਮਹਿਕ -**ਮਹਿੰਦਰਪਾਲ ਸਿੰਘ ਧਾਲੀਵਾਲ** ....... 52
- ਸ਼ਬਦਾਂ ਦੇ ਰਹਿਨੁਮਾ : ਐੱਸ ਬਲਵੰਤ -**ਮੀਨਾਕਸ਼ੀ ਮੈਨਨ** ....... 61
- ਦਲਿਤ ਜੀਵਨ ਦਾ ਸੰਵਾਦੀ ਬਿਰਤਾਂਤ: ਮਿੱਟੀ ਬੋਲ ਪਈ/**ਰਜਨੀਸ਼ ਬਹਾਦਰ ਸਿੰਘ** ....... 67
- ਗ਼ਜ਼ਲਾਂ: ਅਜੀਮ ਸ਼ੇਖਰ, ਸੰਤੋਖ ਸਿੰਘ ਹੇਅਰ ਸੁਰਿੰਦਰਪਾਲ ਸਿੰਘ, ਸੁਰਿੰਦਰ ਸ਼ੀਹਰਾ, ਜਸਵਿੰਦਰ ਮਾਨ, ਰਜਿੰਦਰਜੀਤ ... 80-96
- ਪੁਸਤਕ ਪੜਚੋਲ ....... 97
- ਪਾਠਕ ਪ੍ਰਤੀਕਿਰਿਆ ....... 102



- ☛ ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
- ☛ ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ Rajnish Bahudar Singh ਦੇ ਨਾਂ ਭੇਜੇ ਜਾਣ।
- ☛ ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।
- ☛ ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

# ਕਿਸਾਨੀ ਸੰਘਰਸ਼, ਰਾਜਨੀਤੀ ਅਤੇ ਸਿਰਜਣਕਾਰੀ

ਅੱਜ ਤੱਕ ਦੇ ਪ੍ਰਾਪਤ ਮਨੁੱਖੀ ਇਤਿਹਾਸ ਵਿਚ ਕਿਸਾਨੀ ਸਮਾਜ, ਇਸ ਤੇ ਉੱਸਰੀਆਂ ਸਮਾਜਿਕ ਸੰਸਥਾਵਾਂ, ਸਭਿਆਚਾਰਕ ਪ੍ਰਗਟਾਵੇ ਦੇ ਰੂਪ ਅਤੇ ਕਲਾਤਮਕ ਸਿਰਜਣਕਾਰੀ ਦੇ ਵੱਖੋ ਵੱਖਰੇ ਰੂਪ ਫੈਸਲਾਕੁੰਨ ਵਰਤਾਰੇ ਹਨ। ਇਸ ਪ੍ਰਬੰਧ ਉਤੇ ਉਸਰੇ ਜੀਵਨ-ਮੁੱਲ ਹਜਾਰਾਂ ਸਾਲਾਂ ਤੋਂ ਮਨੁੱਖੀ ਅਵਚੇਤਨ ਦਾ ਹਿੱਸਾ ਬਣੇ ਹੋਏ ਹਨ। ਇਸ ਤਰ੍ਹਾਂ ਖੇਤੀ ਇਕ ਜੀਵਨ ਉਪਜੀਵਕਾ ਹੀ ਨਹੀਂ, ਸਗੋਂ ਇਕ ਸਾਂਸਕ੍ਰਿਤੀ ਹੈ। ਇਸ ਸਾਂਸਕ੍ਰਿਤੀ ਦਾ ਇਤਿਹਾਸ ਸਮਾਜਕ ਵਰਤਾਰੇ ਵਿਚ ਸਭ ਤੋਂ ਲੰਬਾ ਹੈ। ਮਨੁੱਖ ਜਦੋਂ ਸ਼ਿਕਾਰੀ ਜੀਵਨ ਚੋਂ ਨਿਕਲ ਕੇ ਇਕ ਥਾਂ ਵੱਸਣ ਦੇ ਵਰਤਾਰੇ ਵੱਲ ਵਧਿਆ ਤਾਂ ਉਹ ਪਸ਼ੂ ਪਾਲਣ ਅਤੇ ਅਨਾਜ ਦੀ ਵਰਤੋਂ ਨਾਲ ਖੇਤੀ ਕਰਨ ਤੇ ਪੱਕੇ ਟਿਕਾਣੇ ਬਣਾ ਕੇ ਰਹਿਣ ਲੱਗ ਪਿਆ। ਇਸ ਵਰਤਾਰੇ ਵਿਚ ਭੂਮੀ ਦੇ ਟੁਕੜੇ, ਸਥਾਨਕ ਬਨਸਪਤੀ, ਰੁੱਖਾਂ ਦਰਿਆਵਾਂ ਨਾਲ, ਅਰਥਾਤ ਭੂਗੋਲਿਕ ਖਿੱਤੇ ਦੀ ਪਛਾਣ ਨਾਲ ਜੁੜਿਆ। ਪਸ਼ੂ ਧਨ ਉਤੇ ਕਬਜ਼ਾ ਅਤੇ ਜ਼ਮੀਨ ਨਾਲ ਮੋਹ ਉਸ ਦੀ ਸਾਂਸਕ੍ਰਿਤੀ ਬਣ ਗਏ। ਇਸ ਵਰਤਾਰੇ ਵਿਚੋਂ ਹੀ ਪਰਿਵਾਰ ਅਤੇ ਵਿਆਹ ਦੀਆਂ ਸੰਸਥਾਵਾਂ ਪੈਦਾ ਹੋਈਆਂ। ਮਨੁੱਖ ਵਧੇਰੇ ਕਰਕੇ ਕਬੀਲੇ ਵਿਚ ਬੱਝ ਗਿਆ। ਇਹ ਕਬੀਲਾ ਇਕ ਪ੍ਰਬੰਧ ਵਿਚ ਬੱਝ ਗਿਆ। ਇਸ ਪ੍ਰਬੰਧ ਦਾ ਮੁੱਖੀਆ ਕਬੀਲੇ ਦਾ ਸਰਦਾਰ ਸੀ। ਇਸ ਤਰ੍ਹਾਂ ਇਹ ਇਕ ਪ੍ਰਣਾਲੀ ਵਿਕਸਤ ਹੋ ਗਈ। ਕਬੀਲੇ ਦੀ ਰੱਖਿਆ, ਪੈਦਾਵਾਰ ਦੀ ਵੰਡ, ਪਸ਼ੂ ਧਨ ਦੀ ਵੰਡ ਮੁੱਖੀਏ ਦੀ ਦੇਖ ਰੇਖ ਵਿਚ ਹੁੰਦੀ ਸੀ। ਮੁੱਢਲੇ ਰੂਪ ਵਿਚ ਮੁੱਖੀਏ ਦੀ ਮੌਤ ਤੋਂ ਬਾਅਦ ਕਬੀਲੇ ਦੇ ਆਗੂ ਦੀ ਚੋਣ ਆਮ ਸਹਿਮਤੀ ਨਾਲ ਹੁੰਦੀ ਜਿਹੜੀ ਅੱਗੇ ਚੱਲ ਕੇ ਪਰਿਵਾਰ ਦੀ ਪਰੰਪਰਾ ਨਾਲ ਜੁੜ ਗਈ। ਮੁੱਖੀਆ ਪ੍ਰਣਾਲੀ ਪਰਿਵਾਰ ਤੋਂ ਲੈ ਕੇ ਵਿਅਕਤੀ ਦੀ ਪੂਜਾ ਅਤੇ ਸ਼ਕਤੀਸ਼ਾਲੀ ਦੈਵੀ ਸ਼ਕਤੀ ਦੀ ਸਥਾਪਨਾ ਤੱਕ, ਇਸ ਸਭ ਵਿਚੋਂ ਜੋ ਵੀ ਜੀਵਨ ਮੁੱਲ ਅਤੇ ਸੂਖ਼ਮ ਕਲਾਵਾਂ ਪੈਦਾ ਹੋਈਆਂ ਉਸ ਦੇ ਪਿੱਛੇ ਖੇਤੀ ਆਰਥਿਕਤਾ ਅਤੇ ਉਸ ਉਤੇ ਉਸਰਿਆ ਪ੍ਰਬੰਧ ਸੀ। ਇਸ ਲਈ ਜ਼ਮੀਨ ਅਰਥਾਤ ਮਿੱਟੀ ਦੀ ਮਾਲਕੀ ਦਾ ਮੋਹ ਕਿਸਾਨ ਦੀ ਸਾਂਸਕ੍ਰਿਤੀ ਬਣ ਗਈ। ਪ੍ਰਕ੍ਰਿਤੀ ਦੇ ਉਹ ਰੂਪ ਸ਼ਕਤੀਆਂ ਅਤੇ ਬਾਅਦ ਵਿਚ ਦੇਵੀ ਦੇਵਤਿਆਂ ਦੇ ਰੂਪ ਵਿਚ ਪ੍ਰਗਟ ਹੋਏ ਜਿਹੜੇ ਭੂਮੀ ਤੋਂ ਹੋਈ ਪੈਦਾਵਾਰ ਨਾਲ ਜੁੜੇ ਹੋਏ ਸਨ। ਕਬੀਲਾ ਯੁਗ ਤੋਂ ਲੈ ਕੇ ਜਗੀਰਦਾਰੀ ਪ੍ਰਬੰਧ ਤੱਕ ਕਿਸਾਨ ਦਾ ਮਾਲਕੀ ਤੋਂ ਲੈ ਕੇ ਗੁਲਾਮੀ ਤੱਕ ਦਾ ਸਫ਼ਰ ਸ਼ੁਰੂ ਹੁੰਦਾ ਹੈ। ਜਗੀਰਦਾਰੀ ਪ੍ਰਬੰਧ ਵਿਚ ਜਿਹੜਾ ਕਬੀਲਾ ਜਗੀਰਦਾਰੀ ਪ੍ਰਬੰਧ ਵਿਚ ਕਾਬਜ ਹੋ ਗਿਆ, ਉਹੀ ਜ਼ਮੀਨ ਦਾ ਮਾਲਕ ਬਣ ਗਿਆ। ਉਸ ਦਾ ਸਾਰਾ ਪ੍ਰਬੰਧ ਕਿਸਾਨਾਂ ਦੀ ਲੁੱਟ ਉਤੇ ਚੱਲਣ ਲਗ ਪਿਆ। ਜਗੀਰਦਾਰ ਭੂਮੀ ਦਾ ਮਾਲਕ ਅਤੇ ਕਿਸਾਨ ਉਸ ਉਤੇ ਕੰਮ ਕਰਦਾ ਸੀ। ਲਗਾਨ ਦੀ ਰਕਮ ਜਾਂ ਪੈਦਾਵਾਰ ਦਾ ਹਿੱਸਾ ਜਗੀਰਦਾਰ ਤੈਅ ਕਰਦਾ ਸੀ ਅਤੇ ਇਕੱਠਾ ਕਰਨ ਦਾ ਇਕ ਪ੍ਰਬੰਧ ਬਣਿਆ ਹੋਇਆ ਸੀ। ਸਾਰਿਆਂ ਦੇ ਉਪਰ ਰਾਜਾ ਸੀ। ਉਸ ਦਾ ਹਿੱਸਾ ਉਸ ਕੋਲ ਪਹੁੰਚ ਜਾਂਦਾ ਸੀ।

ਥੋੜੇ ਬਹੁਤੇ ਫ਼ਰਕ ਨਾਲ ਇਹ ਪ੍ਰਬੰਧ ਸਾਰੇ ਭੂ-ਖੰਡ ਵਿਚ ਇਸੇ ਅਧਾਰ ਉਤੇ ਚੱਲਦਾ ਸੀ। ਮਾਲੀਏ ਦੀਆਂ ਦਰਾਂ ਨੂੰ ਲੈ ਕੇ ਦੁਨੀਆ ਵਿਚ ਕਿਸਾਨੀ ਵਿਦਰੋਹ ਹੁੰਦੇ ਰਹੇ ਹਨ। ਆਪਣੀ ਪੁਸਤਕ 'ਭਾਰਤ ਇਕ ਖੋਜ', ਵਿਚ ਪੰਡਤ ਜਵਾਹਰ ਲਾਲ ਨਹਿਰੂ ਯੂਰਪ ਅਤੇ

ਭਾਰਤ ਦੀ ਜਗੀਰਦਾਰੀ ਦੀ ਬਣਤਰ ਵਿਚ ਅੰਤਰ ਕਰਦੇ ਹੋਏ ਲਿਖਦਾ ਹੈ ਕਿ ਯੂਰਪ ਵਿਚ ਜਗੀਰਦਾਰਾਂ ਨੇ ਮਜ਼ਬੂਤ ਕਿਲ੍ਹੇ ਬਣਾਏ ਅਤੇ ਲੋਕਾਂ ਨੂੰ ਸੁਰੱਖਿਆ ਦੀ ਗਰੰਟੀ ਦੇ ਕੇ ਉਹਨਾਂ ਤੋਂ ਮਾਲੀਆ ਇਕੱਠਾ ਕਰਦੇ ਸਨ। ਅਰਥਾਤ ਸਾਰੀ ਤਾਕਤ ਸੱਤਾ ਵਿਚ ਬੈਠੇ ਲੋਕਾਂ ਕੋਲ ਸੀ ਪਰੰਤੂ ਭਾਰਤ ਵਿਚ ਪਿੰਡ ਪੱਧਰ ਉਤੇ ਕੁਝ ਅਧਿਕਾਰ ਪੰਚਾਇਤ ਕੋਲ ਸਨ। ਅਰਥਾਤ ਪਿੰਡ ਦੇ ਮੁਖੀਏ ਤੋਂ ਰਾਜ ਪ੍ਰਬੰਧ, ਥੱਲੇ ਇਕਾਈ ਤੋਂ ਉਤੇ ਵਲ ਜਾਂਦਾ ਸੀ। ਮੁਗਲਾਂ ਨੇ ਸੱਤਾ ਦਾ ਕੇਂਦਰੀਕਰਨ ਕਰ ਦਿੱਤਾ। ਇਸ ਦੇ ਵਿਰੁੱਧ ਕਿਸਾਨਾਂ ਨੇ ਵੱਡੇ ਸੰਘਰਸ਼ ਲੜੇ। ਕਈ ਵਾਰਾਂ ਇਸੇ ਸੰਘਰਸ਼ ਦੁਆਲੇ ਘੁੰਮਦੀਆਂ ਹਨ। ਪੰਜਾਬ ਵਿਚ ਦੁੱਲੇ ਭੱਟੀ ਦੀ ਗਾਥਾ ਇਸ ਦਾ ਸਭ ਤੋਂ ਵੱਡਾ ਸਬੂਤ ਹੈ। ਮੱਧਕਾਲ ਸਮੇਂ ਕਿਸਾਨੀ ਜਗੀਰਦਾਰਾਂ ਅਤੇ ਰਾਜਾਸ਼ਾਹੀ ਵਿਰੁੱਧ ਲਗਾਤਾਰ ਸੰਘਰਸ਼ਸ਼ੀਲ ਰਹਿੰਦੀ ਸੀ। ਉਸ ਦੌਰ ਦੀ ਕਿਸਾਨੀ ਅਤਿ-ਪਿਛੜੇ ਸੰਦਾਂ ਨਾਲ ਹੀ ਨਹੀਂ ਜੁੜੀ ਹੁੰਦੀ ਸੀ ਸਗੋਂ ਸਮੁੱਚੇ ਰੂਪ ਵਿਚ ਕੁਦਰਤ ਉਤੇ ਵੀ ਨਿਰਭਰ ਰਹਿੰਦੀ ਸੀ। ਕਿਤੇ ਕਾਲ ਪੈ ਗਿਆ, ਕਿਤੇ ਹੜ੍ਹਾਂ ਨੇ ਤਬਾਹੀ ਮਚਾ ਦਿੱਤੀ। ਰਾਜਾਸ਼ਾਹੀ ਵਲੋਂ ਕਈ ਫਸਲਾਂ ਦੀ ਕੀਮਤ ਪਹਿਲਾਂ ਹੀ ਲਾ ਦਿੱਤੀ ਜਾਂਦੀ ਸੀ। ਕੁਦਰਤੀ ਆਫ਼ਤਾਂ ਨਾਲ ਫਸਲਾਂ ਤਬਾਹ ਹੋ ਜਾਂਦੀਆਂ ਸਨ। ਉਸ ਸਮੇਂ ਬਹੁਤਾ ਸੰਘਰਸ਼ ਮਾਲੀਆ ਮਾਫ਼ ਕਰਾਉਣ ਦਾ ਹੁੰਦਾ ਸੀ। ਕਿਸਾਨੀ ਦਾ ਸ਼ੋਸਣ ਹਰ ਪੱਧਰ ਉਤੇ ਸੀ। ਇਸ ਸਥਿਤੀ ਵਿਚ ਕਿਸਾਨ ਆਪਣੀ ਜ਼ਮੀਨ, ਫਸਲ ਅਤੇ ਪਸ਼ੂ ਧਨ ਨਾਲ ਭਾਵੁਕ ਰੂਪ ਵਿਚ ਜੁੜਿਆ ਹੁੰਦਾ ਸੀ। ਕਿਸਾਨ ਸ਼ਾਹੂਕਾਰਾਂ ਦਾ ਆਮ ਤੌਰ ਉਤੇ ਕਰਜ਼ਾ ਨਾ ਮੋੜਨ ਦੀ ਸਥਿਤੀ ਵਿਚ ਆਪਣੇ ਦੁਧਾਰੂ ਪਸ਼ੂਆਂ ਤੋਂ ਹੱਥ ਧੋ ਬੈਠਦਾ ਸੀ। ਇਹ ਜ਼ਮੀਨ ਨਾਲ ਜੁੜੇ ਮੋਹ ਨੂੰ ਹੀ ਰਾਜਸੱਤਾ ਦੇਸ਼ਭਗਤੀ ਦੇ ਜ਼ਜਬੇ ਅਧੀਨ ਹਮਲੇ ਰੋਕਣ ਲਈ ਵਰਤਦੀ ਸੀ। ਕਿਸਾਨ ਇਕ ਪਾਸੇ ਅਨਾਜ ਪੈਦਾ ਕਰਦਾ ਸੀ ਦੂਜੇ ਪਾਸੇ ਰਾਜੇ ਦੀ ਭੂਮੀ ਦੀ ਰੱਖਿਆ ਕਰਦਾ ਸੀ ਅਤੇ ਰਾਜ ਵਿਚ ਅੰਦਰੂਨੀ ਸ਼ਾਂਤੀ ਬਣਾਈ ਰੱਖਦਾ ਸੀ। ਸਰਹੱਦਾਂ ਉਤੇ ਰਾਜ ਦੀ ਰਾਖੀ ਕਰਦਾ ਹੋਇਆ ਜਾਨ ਵਾਰ ਦਿੰਦਾ ਸੀ। ਸਮੁੱਚੀ ਦੁਨੀਆ ਦਾ ਸਾਹਿਤ ਇਸ ਪੀੜਾ ਨਾਲ ਭਰਿਆ ਪਿਆ। ਭੂਮੀ ਦੀ ਪ੍ਰਸ਼ੰਸਾ ਵਿਚ ਉਹ ਖੁਸ਼ੀ ਦੇ ਗੀਤ ਗਾਉਂਦਾ ਸੀ। ਔਰਤਾਂ ਵਿਧਵਾ ਹੁੰਦੀਆਂ ਸਨ, ਬੱਚੇ ਯਤੀਮ ਹੋ ਜਾਂਦੇ ਸਨ ਪਰ ਉਹ ਹਰ ਸਥਿਤੀ ਵਿਚ ਡਟਿਆ ਰਹਿੰਦਾ ਸੀ। ਰਾਜ ਸੱਤਾ ਤੋਂ ਆਪਣੇ ਹੱਕਾਂ ਲਈ ਜਾਨ ਦਿੰਦਾ ਸੀ। ਜਗੀਰਦਾਰੀ ਪ੍ਰਬੰਧ ਵਿਚ ਸਭ ਤੋਂ ਵੱਧ ਪੀੜਾ ਕਿਸਾਨੀ ਸਮਾਜ ਭੋਗਦਾ ਸੀ।

ਸਨਅਤੀਕਰਨ ਦੇ ਖੇਤਰ ਵਿਚ ਪ੍ਰਵੇਸ਼ ਕਰਦੇ ਹੀ ਪਿੰਡ ਦੀ ਸੰਯੁਕਤ ਇਕਾਈ ਭੰਗ ਹੋਣ ਦੀ ਪ੍ਰਕ੍ਰਿਆ ਵਿਚ ਪੈਂਦੀ ਹੈ। ਪਿੰਡ ਦਾ ਦਸਤਕਾਰ ਅਤੇ ਛੋਟੀ ਕਿਸਾਨੀ ਪਿੰਡ ਤੋਂ ਉਠ ਕੇ ਸ਼ਹਿਰ ਵਲ ਕੂਚ ਕਰਦੀ ਹੈ। ਇਹ ਸਫ਼ਰ ਕਿਸਾਨੀ ਅੰਦਰ ਸਮਾਜਿਕ ਅਤੇ ਰਾਜਸੀ ਚੇਤਨਾ ਦੀ ਜਾਗ ਲਾਉਂਦਾ ਹੈ। ਸ਼ਹਿਰੀਕਰਨ ਦੇ ਵਰਤਾਰੇ ਦੀ ਚੇਤਨਾ ਅਧੀਨ ਹੀ ਉਸ ਅੰਦਰ ਆਪਣੇ ਅਧਿਕਾਰਾਂ ਪ੍ਰਤੀ ਚੇਤਨਾ ਪੈਦਾ ਹੁੰਦੀ ਹੈ। ਪਿੰਡ ਪੱਧਰ ਉਤੇ ਜਗੀਰਦਾਰੀ ਪ੍ਰਬੰਧ ਵਿਰੁੱਧ ਚੇਤਨਾ ਪੈਦਾ ਹੁੰਦੀ ਹੈ। ਕ੍ਰਿਸ਼ਨ ਚੰਦਰ ਦਾ ਨਾਵਲ 'ਜਬ ਖੇਤ ਜਾਗੇ' ਇਸੇ ਚੇਤਨਾ ਦਾ ਪ੍ਰਤੀਕ ਹੈ। ਭਾਰਤ ਅੰਦਰ ਇਹ ਚੇਤਨਾ ਬਸਤੀਵਾਦ ਦੇ ਦੌਰ ਅੰਦਰ ਪੈਦਾ ਹੁੰਦੀ ਹੈ। ਅੰਗਰੇਜ਼ ਸਾਮਰਾਜ ਦੇ ਦਾਖਲੇ ਨੇ ਹੀ ਭਾਰਤ ਅੰਦਰ ਸਵੈ-ਨਿਰਭਰ ਪੇਂਡੂ ਆਰਥਿਕਤਾ ਉਤੇ ਸੱਟ ਮਾਰੀ। ਬਸਤੀਵਾਦ ਦੇ ਵਰਤਾਰੇ ਨੇ ਹੌਲੀ-ਹੌਲੀ ਸਥਾਨਕ ਦਸਤਕਾਰੀ ਲਈ ਸਮੱਸਿਆ ਖੜੀ

ਕਰ ਦਿੱਤੀ। ਭਾਰਤ ਦੇ ਕਈ ਹਿੱਸਿਆਂ ਵਿਚ ਉਸ ਸਮੇਂ ਠੇਕੇ ਉਤੇ ਨੀਲ ਦੀ ਖੇਤੀ ਬਸਤੀਕਾਰਾਂ ਨੇ ਆਰੰਭ ਕੀਤੀ, ਜਿਸ ਦੇ ਫਲਸਰੂਪ ਕਿਸਾਨੀ ਸੰਕਟ ਵਿਚ ਘਿਰ ਗਈ। ਬਸਤੀਵਾਦ ਦੇ ਵਰਤਾਰੇ ਅਧੀਨ ਇਹ ਕਿਸਾਨੀ ਦੀ ਮਹੱਤਵਪੂਰਨ ਬਗਾਵਤ ਸੀ। ਪੰਜਾਬ ਵਿਚ ਖੇਤੀ ਦੇ ਖੇਤਰ ਵਿਚ ਕਿਸਾਨੀ ਦੇ ਆਰਥਿਕ ਸੰਕਟ ਅਤੇ ਮਾਲਕੀ ਦੇ ਸਵਾਲ ਨੂੰ ਲੈ ਕੇ ਸੰਕਟ ਚੱਲਦੇ ਰਹੇ। ਅੰਗਰੇਜ਼ ਨੇ ਕਿਸਾਨੀ ਦੇ ਉਪਰਲੇ ਵਰਗ ਲਈ ਕਈ ਸਹੂਲਤਾਂ ਬਾਰਾਂ ਵਸਾਉਣ ਸਮੇਂ ਪੈਦਾ ਕੀਤੀਆਂ, ਕਿਉਂਕਿ ਪੰਜਾਬ ਵਿਚ ਫੌਜ ਦੀ ਭਰਤੀ ਸਮਾਜ ਦੇ ਇਸੇ ਹਿੱਸੇ 'ਚੋਂ ਹੁੰਦੀ ਸੀ। ਇਸ ਲਈ ਇਸ ਹਿੱਸੇ ਨੂੰ ਭਰਮਾਉਣਾ ਜ਼ਰੂਰੀ ਸੀ। ਪਰੰਤੂ 1907 ਈ. ਵਿਚ ਅੰਗਰੇਜ਼ ਸਰਕਾਰ ਨੇ ਤਿੰਨ ਕਿਸਾਨ ਵਿਰੋਧੀ ਕਾਨੂੰਨ ਬਣਾਏ ਜਿਨ੍ਹਾਂ ਨੂੰ ਕਿਸਾਨਾਂ ਨੇ ਕਾਲੇ ਕਾਨੂੰਨ ਕਿਹਾ। ਪੰਜਾਬ ਦੇ ਪ੍ਰਮੁੱਖ ਚਿੰਤਕ ਡਾ. ਚਮਨ ਲਾਲ ਨੇ ਅਜੀਤ ਸਿੰਘ ਬਾਰੇ ਲਿਖੇ ਆਪਣੇ ਮਹੱਤਵਪੂਰਨ ਲੇਖ ਵਿਚ ਇਸ ਦਾ ਜਿਕਰ ਕਰਦੇ ਹੋਏ ਲਿਖਿਆ ਕਿ ਇਹਨਾਂ ਤਿੰਨ ਕਾਲੇ ਕਾਨੂੰਨਾਂ ਵਿਚ 1906 ਦਾ ਪੰਜਾਬ ਲੈਂਡ ਕਲੋਨਾਈਜੇਸ਼ਨ ਬਿਲ; ਜਿਸ ਰਾਹੀਂ ਕਿਸਾਨਾਂ ਦੀ ਜ਼ਮੀਨ ਤੱਕ ਜ਼ਬਤ ਕੀਤੀ ਜਾ ਸਕਦੀ ਸੀ। ਇਸ ਤੋਂ ਬਿਨਾਂ 25% ਮਾਲੀਆ ਵਧਾਉਣ ਦੇ ਨਾਲ ਬਾਰੀ ਦੁਆਬ ਨਹਿਰ ਦੇ ਪਾਣੀ ਦੀਆਂ ਦਰਾਂ ਵਧਾਉਣਾ ਵੀ ਸ਼ਾਮਲ ਸੀ। ਅੰਗਰੇਜ਼ਾਂ ਦੇ ਇਸ ਫੈਸਲੇ ਦੇ ਵਿਰੁੱਧ ਪੰਜਾਬ ਵਿਚ ਵਿਰੋਧ ਦੀ ਲਹਿਰ ਚੱਲ ਪਈ। ਇਕ ਇਕੱਠ ਵਿਚ 'ਝੰਗ ਸਿਆਲ' ਦੇ ਸੰਪਾਦਕ ਬਾਂਕੇ ਦਿਆਲ ਨੇ 'ਪਗੜੀ ਸੰਭਾਲ ਜੱਟਾ' ਨਾਂ ਦੀ ਕਵਿਤਾ ਪੜ੍ਹੀ। ਇਸ ਲਈ ਇਹ ਕਿਸਾਨ ਅੰਦੋਲਨ 'ਪਗੜੀ ਸੰਭਾਲ ਜੱਟਾ' ਦੇ ਨਾਂ ਉਤੇ ਪ੍ਰਸਿੱਧ ਹੋਇਆ। ਅੰਗਰੇਜ਼ ਸਰਕਾਰ ਨੇ ਕਿਸਾਨ ਲਹਿਰ ਦੇ ਲੋਕ ਲਹਿਰ ਵਿਚ ਬਦਲਣ ਦੇ ਡਰੋਂ ਤਿੰਨੇ ਕਾਨੂੰਨ ਵਾਪਸ ਲੈ ਲਏ। ਇਸ ਤੋਂ ਬਾਅਦ ਗਦਰ ਲਹਿਰ, ਕੂਕਾ ਲਹਿਰ, ਕੌਮੀ ਮੁਕਤੀ ਅੰਦੋਲਨ ਦਾ ਹਿੱਸਾ ਬਣਕੇ ਉਭਰੀਆਂ। ਇਹ ਲਹਿਰਾਂ ਅਸਲ ਵਿਚ ਕਿਸਾਨੀ ਅੰਦੋਲਨ ਸਨ। ਇਸ ਲਹਿਰ ਨੇ ਸਮੁੱਚੇ ਸਾਹਿਤ ਅਤੇ ਹੋਰ ਕਲਾਵਾਂ ਨੂੰ ਪ੍ਰਭਾਵਿਤ ਕੀਤਾ। ਗਦਰ ਲਹਿਰ ਦੀ ਕਵਿਤਾ ਇਸ ਵਿਚ ਸਭ ਤੋਂ ਪ੍ਰਮੁੱਖ ਸੀ। ਜਲ੍ਹਿਆਂ ਵਾਲੇ ਬਾਗ ਦੀ ਘਟਨਾ ਨੇ ਅਜ਼ਾਦੀ ਦੀ ਲਹਿਰ ਨੂੰ ਹੋਰ ਪ੍ਰਚੰਡ ਕਰ ਦਿੱਤਾ। ਗੁਰਦੁਆਰਾ ਸੁਧਾਰ ਲਹਿਰ ਭਾਵੇਂ ਉਪਰੋਂ ਵੇਖਿਆ ਧਾਰਮਿਕ ਲਹਿਰ ਸੀ, ਪਰੰਤੂ ਇਸ ਦਾ ਅਧਾਰ ਵੀ ਕਿਸਾਨੀ ਸਮਾਜ ਸੀ, ਜਿਸ ਵਿਚ ਕਾਂਗਰਸ ਦੀ ਉਪਰਲੀ ਲੀਡਰਸ਼ਿਪ ਸ਼ਾਮਲ ਹੋਈ ਅਤੇ ਅੰਤਿਮ ਰੂਪ ਵਿਚ ਇਹ ਦੇਸ਼ ਨੂੰ ਅਜ਼ਾਦ ਕਰਾਉਣ ਵਿਚ ਸਹਾਇਕ ਹੋਈ। ਦੇਸ਼ ਭਰ ਦੀ ਕਿਸਾਨੀ ਸਰਗਰਮੀ ਨਾਲ ਅਜ਼ਾਦੀ ਦੀ ਲਹਿਰ ਵਿਚ ਪ੍ਰਵੇਸ਼ ਕਰ ਗਈ। ਇਸ ਤਰ੍ਹਾਂ ਭਾਰਤ ਦੇ ਸਮਾਜਿਕ ਅਤੇ ਰਾਜਸੀ ਘੋਲ ਦੇ ਹਰ ਮੋੜ ਉਤੇ ਕਿਸਾਨੀ ਦੀ ਪ੍ਰਮੁੱਖ ਭੂਮਿਕਾ ਰਹੀ ਹੈ। ਪਰੰਤੂ ਕਈ ਸ਼ਾਵਨਵਾਦੀ ਸੋਚ ਅਤੇ ਸੌੜੀ ਮਾਨਸਿਕਤਾ ਅਧੀਨ, ਖਾਸ ਤੌਰ 'ਤੇ ਪੰਜਾਬ ਵਿਚ ਇਸ ਸੰਘਰਸ਼ ਨੂੰ ਇਕ ਧਰਮ ਅਤੇ ਜਾਤੀ ਤੱਕ ਸੀਮਤ ਕਰ ਦਿੰਦੇ ਹਨ ਅਤੇ ਸ਼ਹੀਦਾਂ ਦੀ ਗਿਣਤੀ ਇਸੇ ਅਧਾਰ ਉਤੇ ਕਰਦੇ ਹਨ। ਜਦੋਂ ਕਿ ਉਹ ਸਾਰੇ ਦਲੇਰੀ ਭਰੇ ਸਭਿਆਚਾਰਕ ਅਵਚੇਤਨ ਅਧੀਨ ਸਮੂਹਿਕ ਕਾਰਜ ਜਾਂ ਭਾਰਤ ਮਾਤਾ ਦੀ ਜੈ ਦੇ ਨਾਹਰੇ ਅਧੀਨ ਸ਼ਹੀਦ ਹੋਏ ਸਨ। ਇਸ ਮਾਨਸਿਕਤਾ ਦੇ ਕਾਰਨ ਕਈ ਪੱਧਰ ਉਤੇ ਫੈਲੇ ਹੋਏ ਹਨ।

ਦੇਸ਼ ਦੀ ਅਜ਼ਾਦੀ ਸਮੇਂ ਦੇਸ਼ ਵੰਡ ਦਾ ਦੁਖਾਂਤ ਸਭ ਤੋਂ ਵੱਧ ਕਿਸਾਨੀ ਨੇ ਝੱਲਿਆ। ਉਹ ਮਿੱਟੀ ਦੇ ਮੋਹ ਨਾਲ ਜੁੜੇ ਅਤੇ ਅਵਿਕਸਤ ਆਵਾਜਾਈ ਦੇ ਸਾਧਨਾਂ ਅਤੇ ਸ਼ਹਿਰਾਂ ਤੋਂ

ਦੂਰ ਦਰਾਜ ਦੇ ਇਲਾਕਿਆ ਵਿਚ ਰਹਿਣ ਕਰਕੇ ਸਭ ਤੋਂ ਵੱਧ ਸੰਕਟ ਦਾ ਸ਼ਿਕਾਰ ਹੋਏ। ਪਰੰਤੂ ਛੇਤੀ ਹੀ ਦ੍ਰਿੜਤਾ ਨਾਲ ਵਸ ਕੇ ਖੇਤੀ ਵਿਚ ਵੀ ਡਟ ਗਏ ਅਤੇ ਅਜ਼ਾਦ ਭਾਰਤ ਦੀ ਫੌਜ ਦਾ ਹਿੱਸਾ ਬਣ ਅੰਦਰੂਨੀ ਸੁਰੱਖਿਆ ਦੇ ਖੇਤਰ ਵਿਚ ਵੀ ਡਟ ਗਏ। ਪੰਜਾਬ ਅਤੇ ਤਿਲੰਗਾਨਾ ਦੇ ਨਾਲ-ਨਾਲ ਦੇਸ਼ ਦੇ ਕਈ ਹਿੱਸਿਆਂ ਵਿਚ ਮੁਜਾਰਾ ਲਹਿਰਾਂ ਚਲੀਆਂ ਅਤੇ ਜਿੱਤੀਆਂ। ਪਰੰਤੂ ਸਰਕਾਰਾਂ ਨੇ ਪਹਿਲੀ ਪੰਜ ਸਾਲਾ ਯੋਜਨਾ ਤੋਂ ਲੈ ਕੇ, ਇਸ ਯੋਜਨਾ ਦੇ ਆਯੋਗ ਵਿਚ ਬਦਲਣ ਤੱਕ ਕਿਸਾਨੀ ਉਤੇ ਬਹੁਤ ਥੋੜਾ ਬਜਟ ਰੱਖਿਆ ਗਿਆ। ਜਾਣਕਾਰੀ ਦੇ ਅਭਾਵ ਕਾਰਨ ਵੀ ਵੱਡਾ ਹਿੱਸਾ ਇਸ ਤੋਂ ਦੂਰ ਰਿਹਾ। ਇਸ ਵਰਗ ਕੋਲ ਫੌਜ, ਪੁਲੀਸ ਤੇ ਆਵਾਜਾਈ ਤੋਂ ਬਿਨਾਂ ਥੋੜੇ ਖੇਤਰਾਂ ਵਿਚ ਪ੍ਰਵੇਸ਼ ਹੋਇਆ। ਖ਼ਾਸ ਕਰ ਛੋਟੀ ਕਿਸਾਨੀ ਉਚੇਰੀ ਅਤੇ ਤਕਨੀਕੀ ਸਿੱਖਿਆ ਤੋਂ ਵੀ ਪੱਛੜੀ ਰਹੀ। ਇਸੇ ਕਰਕੇ ਇਸ ਦਾ ਵੱਡਾ ਹਿੱਸਾ ਵਿਦੇਸ਼ਾਂ ਵਿਚ ਮਜ਼ਦੂਰੀ ਕਰਨ ਲਈ ਤੁਰ ਪਿਆ। ਵੀਹਵੀਂ ਸਦੀ ਦੇ ਪੰਜਵੇਂ, ਛੇਵੇਂ ਦਹਾਕੇ ਤੱਕ ਭਾਰਤ ਵਿਚ ਅਨਾਜ ਦੀ ਸਮੱਸਿਆ ਬਣੀ ਰਹੀ। ਭਾਰਤ ਸਰਕਾਰ ਦੀ ਹਰੇ ਇਨਕਲਾਬ ਦੀ ਸਕੀਮ ਅਧੀਨ ਪੰਜਾਬ, ਹਰਿਆਣੇ ਸਮੇਤ ਉੱਤਰੀ ਭਾਰਤ ਦੇ ਇਕ ਹਿੱਸੇ ਨੇ ਖੇਤੀ ਦੇ ਮਸ਼ੀਨੀਕਰਨ ਵੱਲ ਹੱਥ ਵਧਾਇਆ। ਸਰਕਾਰ ਦੀ ਹੱਲਾਸ਼ੇਰੀ ਅਤੇ ਕਿਸਾਨਾਂ ਦੀ ਮਿਹਨਤ ਨੇ ਸੁਧਰੇ ਹੋਏ ਬੀਜ, ਖਾਦ ਅਤੇ ਖੇਤੀ ਦੇ ਨਵੇਂ ਸੰਦਾਂ ਦੀ ਵਰਤੋਂ ਕਰਕੇ ਅਨਾਜ ਦੀ ਪੈਦਾਵਾਰ ਵਿਚ ਅਥਾਹ ਵਾਧਾ ਕੀਤਾ। ਸਰਕਾਰ ਨੇ ਸੱਤਵੇਂ ਦਹਾਕੇ ਵਿਚ ਸਰਕਾਰੀ ਮੰਡੀ ਐਕਟ ਅਤੇ ਕੁਝ ਫਸਲਾਂ ਦਾ ਘੱਟੋ ਘੱਟ ਮੁੱਲ ਨਿਰਧਾਰਤ ਕਰਕੇ, ਕਿਸਾਨੀ ਦੇ ਇਕ ਹਿੱਸੇ ਦੀ ਖੁਸ਼ਹਾਲੀ ਲਈ ਰਾਹ ਪੱਧਰਾ ਕਰ ਦਿੱਤਾ। ਇਸ ਨਾਲ ਇਕ ਪਾਸੇ ਖੇਤੀ ਦੀ ਕੁੱਲ ਪੈਦਾਵਾਰ ਵਿਚ ਵਾਧਾ ਹੋਇਆ, ਦੂਜੇ ਪਾਸੇ ਕਿਸਾਨੀ ਦੀਆਂ ਪਰਤਾਂ ਵਿਚ ਆਰਥਿਕ ਪਾੜਾ ਵਧਿਆ। ਲੋਕਾਂ ਦੇ ਜੀਵਨ ਪੱਧਰ ਵਿਚ ਤਬਦੀਲੀ ਆਈ। ਪਿੰਡਾਂ ਵਿਚ ਇਕ ਮੱਧ-ਵਰਗ ਪੈਦਾ ਹੋਇਆ। ਇਸ ਮੱਧ ਵਰਗ ਦੀ ਜੀਵਨ-ਜਾਚ ਬਦਲੀ। ਆਵਾਜਾਈ ਦੇ ਸਾਧਨਾਂ ਦੀ ਬਹੁਤਾਤ, ਘਰ ਵਿਚ ਬਿਜਲੀ ਯੰਤਰਾਂ ਦੀ ਵਰਤੋਂ ਵਿਚ ਵਾਧੇ ਨੇ ਖਰਚੇ ਵਧਾ ਦਿੱਤੇ। ਉਧਰ ਖੇਤੀ ਉਤੇ ਵੀ ਮਸ਼ੀਨੀਕਰਨ ਕਰਕੇ ਖ਼ਰਚੇ ਵੱਧ ਗਏ। ਖੇਤੀ ਦੀ ਪੈਦਾਵਾਰ ਇਕ ਸਿਖ਼ਰ ਉਤੇ ਪਹੁੰਚ ਕੇ ਰੁਕ ਗਈ। ਇਸ ਤਰ੍ਹਾਂ ਪਰਿਵਾਰਕ ਇਕਾਈ ਦੇ ਖਰਚੇ ਅਤੇ ਆਮਦਨ ਵਿਚ ਪਾੜਾ ਵੱਧ ਗਿਆ। ਖੇਤੀ ਨਾਲ ਜੁੜੇ ਹੋਏ ਉਦਯੋਗਾਂ ਦੀ ਅਣਹੋਂਦ ਨੇ ਪੰਜਾਬ ਦੀ ਕਿਸਾਨੀ ਨੂੰ ਪਰੰਪਰਾਗਤ ਫਸਲਾਂ ਅਰਥਾਤ ਕਣਕ, ਝੋਨਾ ਅਤੇ ਕਪਾਹ/ਨਰਮੇ ਤਕ ਸੀਮਤ ਕਰ ਦਿੱਤਾ। ਇਸ ਤਰ੍ਹਾਂ ਪੰਜਾਬ ਦੀ ਖੇਤੀ ਅਧਾਰਿਤ ਨਵੀਂ ਪੀੜ੍ਹੀ ਲਈ ਰੁਜ਼ਗਾਰ ਦੇ ਸਾਧਨ ਸੀਮਤ ਹੋ ਗਏ। ਸਨਅਤੀ ਵਿਕਾਸ ਦੀ ਅਣਹੋਂਦ ਨੇ ਤਕਨੀਕੀ ਕਾਮਿਆਂ ਲਈ ਵੀ ਰਾਹ ਬੰਦ ਕਰ ਦਿੱਤੇ। ਜਿਹੜੇ ਕੁਝ ਅਦਾਰਿਆਂ ਦੇ ਪ੍ਰਬੰਧਕੀ ਅਤੇ ਪਬਲਿਕ ਸੈਕਟਰ ਵਿਚ ਥਾਂ ਬਚੀ ਸੀ, ਉਹ ਆਟੋਮੇਸ਼ਨ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਨੇ ਘਟਾ ਦਿੱਤੀ। ਪੇਂਡੂ ਖੇਤਰ ਦੀ ਆਰਥਿਕਤਾ ਸੰਕਟ ਵਲ ਧੱਕੀ ਗਈ। ਇਹ ਸੰਕਟ ਸਿਰਫ਼ ਕਿਸਾਨੀ ਦਾ ਹੀ ਨਹੀਂ ਸਗੋਂ ਖੇਤ ਮਜ਼ਦੂਰ ਦਾ ਵੀ ਬਣ ਗਿਆ। ਇਥੋਂ ਤੱਕ ਛੋਟਾ ਦੁਕਾਨਦਾਰ ਅਤੇ ਵਪਾਰੀ ਪਿੰਡ ਤੋਂ ਹਿਜ਼ਰਤ ਕਰਨ ਲੱਗ ਪਿਆ। ਇਸ ਆਰਥਿਕ ਸੰਕਟ ਨੇ ਕਿਸਾਨੀ ਨੂੰ ਖੁਦਕੁਸ਼ੀ ਦੇ ਰਾਹ ਵਲ ਤੋਰ ਦਿੱਤਾ। ਇਹ ਵਰਤਾਰਾ ਪੰਜਾਬ ਹੀ ਨਹੀਂ ਸਗੋਂ ਸਮੁੱਚੇ ਭਾਰਤ ਵਿਚ ਫੈਲ ਗਿਆ। ਕਈ ਰਾਜ ਸਰਕਾਰਾਂ ਨੇ ਖੇਤਰੀ ਮੰਡੀਆਂ ਖ਼ਤਮ ਕਰ ਦਿੱਤੀਆਂ। ਫਸਲ ਦਾ

ਘੱਟੋ ਘੱਟ ਮੁੱਲ ਮਿਲਣਾ ਬੰਦ ਹੋ ਗਿਆ। ਕਿਸਾਨੀ ਦੀ ਸਾਂਸਕ੍ਰਿਤ ਸਥਿਤੀ ਨੂੰ ਸਮਝਣ ਤੋਂ ਬਿਨਾਂ ਕਿਸਾਨੀ ਬਾਰੇ ਤਰਕ ਦਿੱਤਾ ਜਾਂਦਾ ਹੈ ਕਿ ਖੇਤ ਮਜ਼ਦੂਰ ਕਿਸਾਨਾਂ ਬਦਲੇ ਘੱਟ ਖ਼ੁਦਕੁਸ਼ੀ ਕਰਦਾ ਹੈ ਅਤੇ ਦੂਜਾ ਬਿਹਾਰ ਦੇ ਕਿਸਾਨ ਵੀ ਪੰਜਾਬ ਹਰਿਆਣਾ ਅਤੇ ਮਹਾਂਰਾਸ਼ਟਰ ਦੇ ਬਦਲੇ ਸਮਾਨਤਨ ਘੱਟ ਆਮਦਨ ਹੋਣ ਦੇ ਬਾਵਜੂਦ ਉਹ ਖ਼ੁਦਕੁਸ਼ੀ ਨਹੀਂ ਕਰਦਾ। ਪਹਿਲਾਂ ਹੀ ਪੰਜਾਬ ਦੀ ਕਿਸਾਨੀ ਅੰਦਰ ਕਬੀਲਾਈ ਮਾਨਸਿਕਤਾ ਅਤੇ ਮੱਧ-ਵਰਗੀ ਸੋਚ ਕਰਕੇ ਵਿਖਾਵੇ ਦੀ ਜ਼ਿੰਦਗੀ ਜਿਊਣ ਦਾ ਚਲਣ ਬਹੁਤ ਹੈ। ਇਸ ਵਿਖਾਵੇ ਉਤੇ ਖ਼ਰਚ ਕਰਨ ਲਈ ਉਹ ਸਰਕਾਰੀ ਗੈਰ-ਸਰਕਾਰੀ ਅਦਾਰਿਆਂ ਅਤੇ ਆੜ੍ਹਤੀਆਂ ਤੋਂ ਕਰਜ਼ਾ ਲੈਣ ਤੋਂ ਨਹੀਂ ਝਿਜਕਦਾ। ਇਹ ਸਾਰਾ ਕੁਝ ਉਹ ਅਖੌਤੀ ਸ਼ਾਨ ਲਈ ਕਰਦਾ ਹੈ। ਇਥੋਂ ਤੱਕ ਖ਼ਰਚੇ ਪੂਰੇ ਕਰਨ ਲਈ ਲੋਨ ਉਤੇ ਟਰੈਕਟਰ ਖਰੀਦ ਕੇ ਦੋ ਮਹੀਨਿਆਂ ਬਾਅਦ ਵੇਚਣ ਤੁਰ ਪੈਂਦਾ ਹੈ। ਪੰਜਾਬ ਵਿਚ ਵਿਸ਼ੇਸ਼ ਤੌਰ 'ਤੇ ਮਾਲਵੇ ਵਿਚ ਟਰੈਕਟਰਾਂ ਦੀਆਂ ਮੰਡੀਆਂ ਲੱਗਦੀਆਂ ਹਨ। ਇਸੇ ਤਰ੍ਹਾਂ ਬਦੇਸ਼ ਜਾਣ ਲਈ ਵਿਸ਼ੇਸ਼ ਤੌਰ 'ਤੇ ਪੜ੍ਹਾਈ ਦੇ ਅਧਾਰ 'ਤੇ ਜਾਣ ਲਈ ਕਰਜ਼ਾ ਲੈ ਕੇ ਜਾਣ ਦੀ ਹੋੜ ਲੱਗੀ ਹੋਈ ਹੈ। ਜਦੋਂ ਕਰਜ਼ਾ ਦੇਣ ਵਾਲੀਆਂ ਏਜੰਸੀਆਂ ਅਤੇ ਆੜ੍ਹਤੀਆ ਦਬਾਅ ਵਧਾਉਂਦੇ ਹਨ ਤਾਂ ਨਮੋਸ਼ੀ ਮਾਰਿਆ ਕਿਸਾਨ ਖ਼ੁਦਕੁਸ਼ੀ ਦੇ ਰਾਹ ਪੈਂਦਾ ਹੈ। ਜ਼ਮੀਨ ਦੇ ਸਹਾਰੇ ਉਹ ਕਰਜ਼ੇ ਲਈ ਯੋਗ ਪਾਤਰ ਹੁੰਦਾ ਹੈ। ਖੇਤ ਮਜ਼ਦੂਰ ਇਸ ਵਰਤਾਰੇ ਤੋਂ ਬਚਿਆ ਰਹਿੰਦਾ ਹੈ। ਬਿਹਾਰ ਦਾ ਕਿਸਾਨ ਖੇਤ ਮਜ਼ਦੂਰ ਬਣਨ ਦੀ ਪ੍ਰਕ੍ਰਿਆ ਵਿਚ ਬੇਜਆਤ ਹੋਣ ਦੀ ਪ੍ਰਕ੍ਰਿਆ ਵਿਚ ਪੈ ਚੁੱਕਾ ਹੈ। ਉਹ ਬਿਹਾਰ ਤੋਂ ਬਾਹਰਲੇ ਪ੍ਰਦੇਸਾਂ ਵਿਚ ਮਜ਼ਦੂਰੀ ਲਈ ਚਲਾ ਜਾਂਦਾ ਹੈ। ਉਹ ਵੱਧ ਤੋਂ ਵੱਧ ਕਰਜ਼ਾ ਦੂਜੇ ਸੂਬਿਆਂ ਵਿਚ ਜਾਣ ਲਈ ਕਿਰਾਏ ਦੀ ਪੂਰਤੀ ਲਈ ਲੈਂਦਾ ਹੈ ਜਿਸ ਨੂੰ ਉਹ ਕਮਾ ਕੇ ਮੋੜਨ ਦੀ ਸਮਰੱਥਾ ਵਿਚ ਹੁੰਦਾ ਹੈ। ਮੋਟੇ ਰੂਪ ਵਿਚ ਦੇਖਿਆ ਜਾਏ ਸਾਰੇ ਭਾਰਤ ਦੀ ਕਿਸਾਨੀ ਆਰਥਿਕ ਸੰਕਟ ਵਿਚ ਘਿਰੀ ਹੋਈ ਹੈ। ਰਾਜੀਵ ਗਾਂਧੀ ਦੀ ਸਰਕਾਰ ਸਮੇਂ ਇੰਦਰਜੀਤ ਗੁਪਤਾ ਦੇ ਪਾਰਲੀਮੈਂਟ ਵਿਚ ਪੁੱਛੇ ਸਵਾਲ ਦੇ ਜਵਾਬ ਵਿਚ ਖੇਤੀਬਾੜੀ ਮੰਤਰੀ ਨੇ ਕਿਹਾ ਸੀ ਕਿ ਭਾਰਤ ਵਿਚ ਹਰ ਸਾਲ ਪੰਜ ਲੱਖ ਕਿਸਾਨ ਖੇਤ ਮਜ਼ਦੂਰ ਬਣਨ ਦੀ ਪ੍ਰਕ੍ਰਿਆ ਵਿਚ ਪੈਂਦਾ ਹੈ।

ਪਿਛਲੇ ਕਈ ਦਹਾਕਿਆਂ ਤੋਂ ਭਾਰਤ ਦੀ ਰਾਜਨੀਤੀ ਲਾਹੇਵੰਦ ਧੰਦੇ ਵਿਚ ਪਰਿਵਰਤਨ ਹੋ ਗਈ ਹੈ। ਕਰੋੜਾਂ ਰੁਪਏ ਚੋਣਾਂ ਵਿਚ ਖ਼ਰਚ ਹੁੰਦੇ ਹਨ। ਫਿਰ ਚੋਣਾਂ ਜਿੱਤਣ ਤੋਂ ਬਾਅਦ ਉਸ ਦੀ ਉਗਰਾਹੀ ਲਈ ਭ੍ਰਿਸ਼ਟ ਤਰੀਕੇ ਅਪਨਾਏ ਜਾਂਦੇ ਹਨ। ਇਸ ਲਈ ਰਾਜ ਸੱਤਾ, ਅਫ਼ਸਰਸ਼ਾਹੀ ਅਤੇ ਮਾਫ਼ੀਆ ਦਾ ਗਠਜੋੜ ਬਣ ਚੁੱਕਾ ਹੈ। ਇਸ ਦੀ ਸਿਖਰ ਯੂ.ਪੀ. ਏ. ਸਰਕਾਰ ਸਮੇਂ ਦੇਖਣ ਨੂੰ ਮਿਲੀ। ਹੁਣ ਰਾਜਸੀ ਖੇਤਰ ਵਿਚ ਕਾਰਪੋਰੇਟ ਦੇ ਦਖ਼ਲ ਨੇ ਪੂਰਾ ਦ੍ਰਿਸ਼ ਹੀ ਬਦਲ ਦਿੱਤਾ। ਚੋਣਾਂ ਇਕ ਪ੍ਰੋਗਰਾਮ ਵਿਉਂਤਬੰਦੀ ਅਧੀਨ ਹੁੰਦੀਆਂ ਹਨ। ਇਸ ਲਈ ਕੁਝ ਪੇਸ਼ਾਵਰ ਬੰਦੇ ਹਨ। ਉਹ ਨਾਹਰਿਆਂ ਤੋਂ ਲੈ ਕੇ ਰਾਜਸੀ ਪ੍ਰੋਗਰਾਮਾਂ ਦੀ ਵਿਉਂਤਬੰਦੀ ਕਰਦੇ ਹਨ। ਇਕ ਵਿਅਕਤੀ ਵੱਖ-ਵੱਖ ਖੇਤਰੀ ਪਾਰਟੀਆਂ ਤੋਂ ਲੈ ਕੇ ਕੇਂਦਰੀ ਪਾਰਟੀਆਂ ਲਈ ਚੋਣਾਂ ਦੀ ਵਿਉਂਤਬੰਦੀ ਕਰਦਾ ਹੈ। ਇਹ ਖਰਚੇ ਵੀ ਪਾਰਟੀਆਂ ਕਰਦੀਆਂ ਹਨ। ਇਸੇ ਤਰ੍ਹਾਂ ਸ਼ੋਸਲ ਮੀਡੀਆ ਨੂੰ ਵਰਤਣ ਲਈ ਆਈ.ਟੀ. ਸੈੱਲ ਬਣੇ ਹੋਏ ਹਨ। ਇਸ ਖੇਤਰ ਵਿਚ ਹਜ਼ਾਰਾਂ ਬੰਦੇ ਤਨਖ਼ਾਹ ਉਤੇ ਕੰਮ ਕਰਦੇ ਹਨ। 2014 ਦੀਆਂ ਚੋਣਾਂ ਵਿਚ ਇਹਨਾਂ ਸਾਰੇ ਸਾਧਨਾਂ ਦੀ

ਖੁਲ੍ਹੇਆਮ ਵਰਤੋਂ ਹੋਈ। ਇਹ ਚਰਚਾ ਆਮ ਹੈ ਕਿ 2014 ਦੀਆਂ ਚੋਣਾਂ ਵਿਚ ਖ਼ਰਚੇ ਦੀ ਸੰਭਾਵਨਾ ਨੂੰ ਦੇਖਦੇ ਹੋਏ ਸੱਤਾ ਦੀ ਦਾਵੇਦਾਰ ਉਸ ਸਮੇਂ ਦੀ ਵਿਰੋਧੀ ਪਾਰਟੀ ਵਿਚ ਜਦੋਂ ਇਸ ਦਾ ਪ੍ਰਬੰਧ ਕਰਨ ਦੀ ਗੱਲ ਆਈ ਤਾਂ ਪਰੰਪਰਾਗਤ ਲੀਡਰਸ਼ਿਪ ਨੇ ਹੱਥ ਖੜੇ ਕਰ ਦਿੱਤੇ ਤੇ ਫਿਰ ਉਸੇ ਪਾਰਟੀ ਦੇ ਮੁੱਖ ਮੰਤਰੀ ਨੇ ਆਪਣੇ ਆਪ ਨੂੰ ਪ੍ਰਧਾਨ ਮੰਤਰੀ ਦੇ ਉਮੀਦਵਾਰ ਐਲਾਨਣ ਦੀ ਸ਼ਰਤ ਉਤੇ ਸਾਰੀ ਜ਼ਿੰਮੇਵਾਰੀ ਲਈ। ਫਿਰ 2014 ਦੀਆਂ ਚੋਣਾਂ ਜਿੱਤਣ ਤੋਂ ਬਾਅਦ ਇਕ ਕਾਰਪੋਰੇਟ ਦੇ ਨਿੱਜੀ ਜਹਾਜ਼ ਵਿਚ ਸਹੁੰ ਚੁੱਕਣ ਲਈ ਆਇਆ। ਇਸ ਤੋਂ ਸਪੱਸ਼ਟ ਹੈ ਕਿ ਜਿਹੜਾ ਕਾਰਪੋਰੇਟ ਤੁਹਾਡੇ ਉਤੇ ਖ਼ਰਚ ਕਰਦਾ ਹੈ, ਉਹ ਵਸੂਲੀ ਵੀ ਕਰੇਗਾ। ਵਸੂਲੀ ਦਾ ਜ਼ਰੀਆ ਸਿਰਫ ਵਪਾਰਕ ਅਦਾਰੇ ਅਤੇ ਉਦਯੋਗ ਹੀ ਹਨ। ਨਿੱਜੀਕਰਨ ਦਾ ਕੰਮ ਅਤੇ ਯੋਜਨਬੱਧ ਆਰਥਿਕਤਾ ਦੀ ਥਾਂ ਬਜ਼ਾਰ ਆਰਥਿਕਤਾ ਦੀ ਯੋਜਨਾ ਤਾਂ ਨਰਸਿੰਮਾ ਰਾਓ ਅਤੇ ਮਨਮੋਹਨ ਸਿੰਘ ਦੀਆਂ ਸਰਕਾਰਾਂ ਲੈ ਕੇ ਆਈਆਂ ਸਨ ਪਰੰਤੂ ਪਬਲਿਕ ਸੈਕਟਰ ਨੂੰ ਦੋ ਕਾਰਪੋਰੇਟ ਘਰਾਣਿਆਂ ਦੇ ਹੱਥਾਂ 'ਚ ਦੇਣ ਦੀ ਪ੍ਰਕ੍ਰਿਆ ਵਰਤਮਾਨ ਪ੍ਰਧਾਨ ਮੰਤਰੀ ਨੇ ਸ਼ੁਰੂ ਕੀਤੀ ਹੈ। ਸੱਤਾ 'ਤੇ ਕਬਜ਼ਾ ਰੱਖਣ ਲਈ ਧਾਰਮਿਕ ਧਰੁਵੀਕਰਨ ਨੂੰ ਇਸ ਨੇ ਬ੍ਰਾਹਮ-ਅਸ਼ਤਰ ਬਣਾ ਲਿਆ ਹੈ। ਇਸ ਦੇ ਨਾਲ ਮੌਕਾਪ੍ਰਸਤ ਖੇਤਰੀ ਪਾਰਟੀਆਂ ਤੋਂ ਲੈ ਕੇ ਮੌਕਾਪ੍ਰਸਤ ਰਾਜਸੀਵਾਨਾਂ ਨੂੰ ਸੱਤਾ ਦਾ ਲਾਲਚ ਦੇ ਕੇ ਨਾਲ ਲਾ ਲਿਆ। ਚੁਣੇ ਹੋਏ ਨੁਮਾਇੰਦਿਆਂ ਦੀ ਖ਼ਰੀਦੋ ਫਰੋਖ਼ਤ ਅਤੇ ਸਰਕਾਰੀ ਏਜੰਸੀਆਂ ਦੀ ਖੁਲ੍ਹੀ ਵਰਤੋਂ ਸੱਤਾ 'ਤੇ ਕਾਬਜ਼ ਪਾਰਟੀ ਨੇ ਸ਼ੁਰੂ ਕੀਤੀ ਹੈ। ਸਾਰੇ ਭਾਰਤ ਦੇ ਜਿਲ੍ਹਿਆਂ ਵਿਚ ਪੰਜ ਤਾਰਾ ਹੋਟਲਾਂ ਵਰਗੇ ਆਧੁਨਿਕ ਸੁਖ ਸਹੂਲਤਾਂ ਨਾਲ ਲੈਸ ਦਫਤਰ ਬਣਾ ਦਿੱਤੇ ਹਨ। ਆਈ.ਟੀ ਸੈੱਲ ਦੇ ਹਜ਼ਾਰਾਂ ਕਰਮਚਾਰੀਆਂ ਦੀ ਤਨਖ਼ਾਹ ਤੇ ਹੋਰ ਖਰਚੇ ਇਹਨਾਂ ਘਰਾਣਿਆਂ ਤੋਂ ਹੀ ਆਉਂਦੇ ਹਨ। ਇਸੇ ਲਈ ਇਕ ਇਕ ਕਰਕੇ ਪਬਲਿਕ ਸੈਕਟਰ ਇਹਨਾਂ ਦੇ ਹਵਾਲੇ ਕੀਤੇ ਜਾ ਰਹੇ ਹਨ। ਤੇਲ ਕੰਪਨੀਆਂ ਤੋਂ ਲੈ ਕੇ ਮੋਬਾਇਲ ਕੰਪਨੀਆਂ, ਨਿੱਜੀ ਸੰਚਾਰ ਸਾਧਨ ਪ੍ਰਧਾਨ ਮੰਤਰੀ ਦੀ ਫੋਟੋ ਪ੍ਰਚਾਰ ਲਈ ਵਰਤ ਰਹੇ ਹਨ। ਪਬਲਿਕ ਅਦਾਰਿਆਂ ਤੋਂ ਬਾਅਦ ਹੁਣ ਨੰਬਰ ਖੇਤੀ ਸੈਕਟਰ ਦਾ ਹੈ।

ਖੇਤੀ ਖੇਤਰ ਵਿਚ ਕਾਰਪੋਰੇਟ ਦੇ ਪ੍ਰਵੇਸ਼ ਲਈ ਪ੍ਰਧਾਨ ਮੰਤਰੀ ਉਹ ਸਾਰੇ ਨਾਹਰੇ ਅਤੇ ਵਾਅਦੇ ਭੁੱਲ ਗਿਆ, ਜਿਨ੍ਹਾਂ ਉਤੇ ਸਵਾਰ ਹੋ ਕੇ ਉਨ੍ਹਾਂ ਨੇ ਸੱਤਾ ਹਥਿਆਈ ਸੀ। ਕਿਸਾਨੀ ਅਤੇ ਖੇਤੀ ਸੈਕਟਰ ਨਾਲ ਭਾਰਤ ਦੀ ਅਬਾਦੀ ਦਾ ਵੱਡਾ ਹਿੱਸਾ ਜੁੜਿਆ ਹੋਇਆ ਹੈ। ਖੇਤੀਬਾੜੀ ਭਾਰਤ ਦੇ ਕਿਸਾਨਾਂ ਦਾ ਧੰਦਾ ਹੀ ਨਹੀਂ ਇਕ ਜੀਵਨ ਜਾਚ ਅਤੇ ਸਾਂਸਕ੍ਰਿਤੀ ਹੈ। ਭਾਰਤ ਸਰਕਾਰ ਨੇ ਸੱਤਵੇਂ ਦਹਾਕੇ ਵਿਚ ਜਿਹੜੀ ਘੱਟੋ ਘੱਟ ਕੀਮਤ ਤੈਅ ਕੀਤੀ ਸੀ, ਉਹ ਕਾਨੂੰਨ ਦੀ ਥਾਂ ਸਰਕਾਰੀ ਹੁਕਮ ਉਤੇ ਅਧਾਰਿਤ ਸੀ। ਘੱਟੋ-ਘੱਟ ਕੀਮਤ ਤੈਅ ਕਰਨ ਲਈ ਸਵਾਮੀਨਾਥਨ ਕਮਿਸ਼ਨ ਦੀ ਸਥਾਪਨਾ ਹੋਈ। ਉਸ ਦੀਆਂ ਤਜ਼ਵੀਜਾਂ ਨੂੰ ਲਾਗੂ ਕਰਾਉਣ ਲਈ ਕਿਸਾਨ ਜਥੇਬੰਦੀਆਂ ਸੰਘਰਸ਼ ਕਰਦੀਆਂ ਰਹੀਆਂ ਪਰੰਤੂ ਹਾਲੇ ਤੱਕ ਲਾਗੂ ਨਹੀਂ ਹੋਈਆਂ। ਕਿਸਾਨ ਜਥੇਬੰਦੀਆਂ ਪਹਿਲਾਂ ਕਰਜ਼ਾਂ ਮੁਆਫ਼ੀ, ਬਿਜਲੀ ਦੇ ਬਿਲਾਂ ਦੀ ਮੁਆਫ਼ੀ ਵਰਗੀਆਂ ਮੰਗਾਂ ਉਤੇ ਧਿਆਨ ਕੇਂਦਰਿਤ ਕਰਦੀਆਂ ਸਨ। ਘੱਟੋ-ਘੱਟ ਸਮਰੱਥਨ ਮੁੱਲ ਵੀ ਸਿਰਫ਼ 6% ਕਿਸਾਨਾਂ ਨੂੰ ਹੀ ਮਿਲਦਾ ਸੀ। ਉਂਝ ਵੀ ਕਿਸਾਨੀ ਸੰਘਰਸ਼ ਕੁਝ ਖੇਤਰਾਂ ਤੱਕ ਹੀ ਸੀਮਤ ਸੀ। ਇਹਨਾਂ ਵਿਚ ਖੇਤਰੀ ਮੁੱਦੇ ਭਾਰੂ ਸਨ। 2014 ਵਿਚ ਇਸ ਸਰਕਾਰ ਨੇ ਬਾਕੀ

ਮੁੱਦਿਆਂ ਵਾਂਗ ਖੇਤੀ ਨਾਲ ਜੁੜੀਆਂ ਮੰਗਾਂ ਨੂੰ ਲੈ ਕੇ ਲੋਕਾਂ ਨੂੰ ਗੁਮਰਾਹ ਕਰਨਾ ਸ਼ੁਰੂ ਕੀਤਾ ਕਿ ਉਸਨੇ ਸਵਾਮੀਨਾਥਨ ਦੀਆਂ ਤਜ਼ਵੀਜਾਂ ਨੂੰ ਲਾਗੂ ਕਰ ਦਿੱਤਾ ਹੈ ਅਤੇ 2024 ਤਕ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਏਗੀ। ਸਾਰਾ ਪ੍ਰਚਾਰ ਤੰਤਰ ਇਸ ਵਿਚ ਲਗਾ ਦਿੱਤਾ। ਉਧਰੋਂ ਕੋਵਿਡ-19 ਦੀ ਸਮੱਸਿਆ ਸ਼ੁਰੂ ਹੋ ਗਈ। ਲੌਕਡਾਊਨ ਕਰਕੇ ਦੇਸ਼ ਦੀ ਪੈਦਾਵਾਰ ਗੋਤਾ ਖਾ ਗਈ। ਸਿਰਫ਼ ਖੇਤੀ ਦੇ ਖੇਤਰ ਵਿਚ ਹੀ ਵਾਧਾ ਨੋਟ ਕੀਤਾ ਗਿਆ। ਸਰਕਾਰ ਨੇ ਲੌਕਡਾਊਨ ਦਾ ਫਾਇਦਾ ਉਠਾ ਕੇ ਬਿਨਾਂ ਕਿਸਾਨ ਜਥੇਬੰਦੀਆਂ ਨੂੰ ਭਰੋਸੇ ਵਿਚ ਲਿਆਂ 5 ਜੂਨ 2020 ਨੂੰ ਖੇਤੀ ਪੈਦਾਵਾਰ ਅਤੇ ਵਿਕਰੀ ਨਾਲ ਸੰਬੰਧਿਤ ਆਰਡੀਨੈਂਸ ਜਾਰੀ ਕਰ ਦਿੱਤਾ ਅਤੇ ਫਿਰ ਬਿਨਾਂ ਸੰਪੂਰਨ ਮਾਪਦੰਡ ਅਪਣਾਏ 17 ਸਤੰਬਰ ਨੂੰ ਲੋਕ ਸਭਾ ਅਤੇ 20 ਸਤੰਬਰ 2020 ਨੂੰ ਰਾਜ ਸਭਾ ਵਿਚ ਬਿਨਾਂ ਵੋਟ ਤੋਂ ਪਾਸ ਕਰ ਦਿੱਤਾ ਅਤੇ 27 ਸਤੰਬਰ 2020 ਨੂੰ ਰਾਸ਼ਟਰਪਤੀ ਨੇ ਦਸਤਖ਼ਤ ਕਰ ਦਿੱਤੇ। ਇਸ ਤਰ੍ਹਾਂ ਇਹ ਤਿੰਨ ਬਿੱਲ ਕਾਨੂੰਨ ਵਿਚ ਬਦਲ ਗਏ। ਇਹਨਾਂ ਤਿੰਨ ਕਾਨੂੰਨਾਂ ਅਨੁਸਾਰ ਭਾਰਤ ਵਿਚ ਖੇਤੀ ਦੇ ਵਪਾਰ ਦੀ ਖੁਲ੍ਹ, ਜਖੀਰੇਬਾਜ਼ੀ ਅਸੀਮਤ ਰੂਪ ਵਿਚ ਕਰਨ ਦਾ ਅਧਿਕਾਰ, ਕੰਟਰੈਕਟ ਖੇਤੀ ਦੀਆਂ ਮੱਦਾਂ ਤੱਕ ਸ਼ਾਮਲ ਕਰ ਲਈਆਂ ਅਤੇ ਸਰਕਾਰੀ ਮੰਡੀ ਦੇ ਸਮਾਂਤਰ ਨਿੱਜੀ ਮੰਡੀਆਂ ਬਣਾ ਦਿੱਤੀਆਂ। ਇਹਨਾਂ ਬਿੱਲਾਂ ਰਾਹੀਂ ਸਰਕਾਰ ਨੇ ਕਾਰਪੋਰੇਟ ਸੈਕਟਰ ਲਈ ਰਾਹ ਪੱਧਰਾ ਕਰ ਦਿੱਤਾ। ਇਹਨਾਂ ਬਿੱਲਾਂ ਰਾਹੀ ਅਗਲਾ ਹਮਲਾ ਘੱਟੋ ਘੱਟ ਲਾਗਤ ਮੁੱਲ ਉਤੇ ਹੋਇਆ, ਜਿਸ ਦੇ ਫਲਸਰੂਪ ਅੰਨ ਸੁਰੱਖਿਆ ਦੀ ਸਕੀਮ ਲਈ ਵੀ ਖ਼ਤਰਾ ਖੜਾ ਹੋਣ ਦੀਆਂ ਸੰਭਾਵਨਾਵਾਂ ਬਣ ਗਈਆਂ।

ਇਹਨਾਂ ਖ਼ਤਰਿਆਂ ਨੂੰ ਭਾਂਪਦੇ ਹੋਏ ਕਿਸਾਨ ਜਥੇਬੰਦੀਆਂ ਨੇ ਕੋਵਿਡ-19 ਦੀ ਪ੍ਰਵਾਹ ਨਾ ਕਰਦਿਆਂ ਆਪਣੇ-ਆਪਣੇ ਪੱਧਰ ਉਤੇ ਸੰਘਰਸ਼ ਆਰੰਭ ਦਿੱਤਾ। ਇਹ ਸੰਘਰਸ਼ ਰੇਲ ਦੀਆਂ ਪਟੜੀਆਂ ਉਤੇ ਧਰਨੇ ਦੇਣ ਤੋਂ ਸ਼ੁਰੂ ਹੋ ਕੇ ਦਿੱਲੀ ਬਾਰਡਰ ਤਕ ਪਹੁੰਚ ਗਿਆ। ਸਰਕਾਰ ਨੇ ਦਮਨ ਸ਼ੁਰੂ ਕੀਤਾ। ਇਹ ਸੰਘਰਸ਼ ਬੱਤੀ ਜਥੇਬੰਦੀਆਂ ਦੇ ਸੰਯੁਕਤ ਮੋਰਚੇ ਵਿਚ ਤਬਦੀਲ ਹੋ ਗਿਆ। ਭਾਰਤ ਪੱਧਰ ਦੀਆਂ 400 ਜਥੇਬੰਦੀਆਂ ਦਾ ਸਾਥ ਵੀ ਇਸ ਸੰਘਰਸ਼ ਨੂੰ ਮਿਲ ਗਿਆ। ਇਸ ਵਿਚ ਪਹਿਲਕਦਮੀ ਪੰਜਾਬ ਨੇ ਕੀਤੀ। ਹਰਿਆਣਾ ਦੇ ਕਿਸਾਨਾਂ ਨੇ ਸਾਥ ਦਿੱਤਾ ਅਤੇ ਫਿਰ ਪੱਛਮੀ ਉੱਤਰ ਪ੍ਰਦੇਸ਼ ਦੀ ਸਰਗਰਮੀ ਤੋਂ ਲੈ ਕੇ ਬਿਹਾਰ, ਰਾਜਸਥਾਨ, ਮੱਧ-ਪ੍ਰਦੇਸ਼, ਗੁਜਰਾਤ, ਮਹਾਂਰਾਸ਼ਟਰ, ਕਰਟਾਨਕ, ਤਾਮਿਲਨਾਡੂ ਤੋਂ ਪੱਛਮੀ ਬੰਗਾਲ ਅਰਥਾਤ ਸਮੁੱਚੇ ਭਾਰਤ ਵਿਚ ਫੈਲ ਗਿਆ। ਸੰਯੁਕਤ ਕਿਸਾਨ ਮੋਰਚੇ ਅਤੇ ਕੇਂਦਰੀ ਸਰਕਾਰ ਵਿਚਕਾਰ ਗਿਆਰਾਂ ਗੇੜ ਦੀ ਗੱਲਬਾਤ ਹੋਈ। ਕਿਸਾਨਾਂ ਨੇ ਦੋ ਮੰਗਾਂ ਉਤੇ ਧਿਆਨ ਕੇਂਦਰਿਤ ਕੀਤਾ। ਇਕ ਤਿੰਨੇ ਕਾਲੇ ਕਾਨੂੰਨ ਰੱਦ ਕਰਨ ਅਤੇ ਘੱਟੋ ਘੱਟ ਸਮਰੱਥਨ ਮੁੱਲ ਨੂੰ ਕਾਨੂੰਨੀ ਦਰਜਾ ਦੁਆਉਣ ਦਾ। ਇਹ ਦੋਵੇਂ ਮਸਲੇ ਕੇਂਦਰੀ ਸਰਕਾਰ ਲਈ ਇੱਜ਼ਤ ਦਾ ਸਵਾਲ ਹੀ ਨਹੀਂ, ਸਗੋਂ ਆਪਣੇ ਕਾਰਪੋਰੇਟੀ ਅਕਾਵਾਂ ਦੀ ਸੇਵਾ ਦੇ ਪ੍ਰਤੀਕ ਵੀ ਬਣੇ ਹੋਏ ਹਨ। ਹੁਣ ਸਰਕਾਰ ਇਸ ਅੰਦੋਲਨ ਨੂੰ ਬਦਨਾਮ ਕਰਕੇ ਫੇਲ ਕਰਨ ਉਤੇ ਤੁਲੀ ਹੋਈ ਸੀ। ਇਸ ਲਈ ਉਸ ਨੇ ਆਪਣੇ ਆਈ.ਟੀ. ਸੈਲ ਰਾਹੀਂ ਇਸ ਅੰਦੋਲਨ ਨੂੰ ਧਰਮ ਅਤੇ ਜਾਤ ਦੇ ਨਾਂ ਉਤੇ ਵੰਡਣ ਦੀ ਕੋਸ਼ਿਸ਼ ਕੀਤੀ। ਪਹਿਲਾਂ ਇਸ ਨੂੰ ਸਿਰਫ਼ ਸਿੱਖਾਂ ਦੇ ਅੰਦੋਲਨ, ਫਿਰ ਜੱਟਾਂ ਦਾ ਅਤੇ ਫਿਰ ਮੁੱਠੀ ਭਰ ਕਿਸਾਨਾਂ ਤੱਕ ਸੀਮਤ ਕੀਤਾ ਗਿਆ। ਫਿਰ ਇਸ ਨੂੰ ਖਾਲਸਤਾਨੀ, ਨਕਸਲਬਾੜੀ, ਕਾਮਰੇਡਾਂ

ਦਾ ਅੰਦੋਲਨ ਕਹਿ ਕੇ ਭੰਡਣਾ ਸ਼ੁਰੂ ਕਰ ਦਿੱਤਾ। ਇਸ ਪਾਸੇ ਵਲ ਮੋੜ ਕੱਟਣ ਦਾ ਕੰਮ ਸ਼ਾਇਦ ਜਾਣੇ-ਅਣਜਾਨੇ ਕੁਝ ਬੁਲਾਰਿਆਂ ਨੇ ਕਰਨਾ ਸ਼ੁਰੂ ਕੀਤਾ। ਇਕ ਪੰਜਾਬੀ ਫਿਲਮਾਂ ਦੇ ਪਾਕਿਸਤਾਨੀ ਐਕਟਰਾਂ ਵਾਂਗ ਉਚੀ ਬੋਲਣ ਦੀ ਨਕਲ ਕਰਨ ਵਾਲੇ ਨੇ ਰੈਲੀਆਂ ਵਿਚ ਜਦੋਂ ਸਿੱਖਾਂ ਨੂੰ ਹਿੰਦੂਆਂ ਦੀ ਬਹੂ-ਬੇਟੀਆਂ ਬਚਾਉਣ ਵਾਲੇ ਕਹਿ ਕੇ ਬਕਵਾਸ ਸ਼ੁਰੂ ਕੀਤਾ। ਜਿਵੇਂ ਸਿੱਖ, ਜੈਨੀ, ਬੋਧੀਆਂ ਵਾਂਗ ਭਾਰਤੀ ਧਰਮ 'ਚੋਂ ਨਾ ਹੋ ਕੇ ਕੇਂਦਰੀ ਏਸ਼ੀਆ 'ਚੋਂ ਆਈ ਵੱਖਰੀ ਨਸਲ ਹੋਵੇ। ਕਿਸਾਨਾਂ ਦੇ ਸਿਆਣੇ ਆਗੂਆਂ ਨੇ ਉਸ ਨੂੰ ਰੋਕ ਦਿੱਤਾ। ਉਹ ਮੁੜ ਕੇ ਉਥੇ ਨਜ਼ਰ ਨਹੀਂ ਆਇਆ। ਇਸੇ ਰਾਹ ਉਤੇ ਇਕ ਗਾਇਕ ਅਤੇ ਇਕ ਪੁਰਾਣਾ ਗੈਂਗਸਟਰ ਇਕ ਵੱਖਰੀ ਸੁਰ ਅਲਾਪਦੇ ਹੀ ਨਹੀਂ ਸਗੋਂ 26 ਜਨਵਰੀ 2021 ਨੂੰ ਝੰਡਾ ਮਾਰਚ ਕਰਦੇ ਹੋਏ ਸੰਯੁਕਤ ਮੋਰਚੇ ਵਲੋਂ ਅਪਣਾਏ ਰਾਹ ਦੀ ਥਾਂ ਦਿੱਲੀ ਪੁਲੀਸ ਨਾਲ ਮਿਲ ਕੇ ਹੋਰ ਹੀ ਰਾਹ ਫੜ ਕੇ ਲਾਲ ਕਿਲ੍ਹੇ ਉਤੇ ਪਹੁੰਚ ਗਏ। ਇਹ ਸਰਕਾਰ ਦੀ ਚਾਲ ਵੀ ਸਿਆਣੇ ਆਗੂਆਂ ਨੇ ਫੇਲ੍ਹ ਕਰ ਦਿੱਤੀ। ਸਰਕਾਰ ਇਹਨਾਂ ਕਾਨੂੰਨਾਂ ਨੂੰ ਵਾਪਸ ਨਾ ਲੈਣ ਉਤੇ ਅੜੀ ਹੋਈ ਹੈ।

ਇਹ ਕਾਨੂੰਨ ਨਿੱਜੀ ਵਪਾਰੀਆਂ ਨੂੰ ਅਸੀਮਤ ਭੰਡਾਰਨ ਦੀ ਆਗਿਆ ਦਿੰਦਾ ਹੈ। ਇਸ ਨਾਲ ਨਿੱਜੀ ਕੰਪਨੀਆਂ ਅਨਾਜ, ਦਾਲਾਂ, ਫ਼ਲ, ਸਬਜ਼ੀਆਂ ਦਾ ਭੰਡਾਰਨ ਕਰਕੇ ਬਾਅਦ ਵਿਚ ਆਪਣੇ ਤੈਅ ਕੀਤੇ ਮੁੱਲ ਉਤੇ ਵੇਚਣਗੀਆਂ। ਦੂਜਾ ਪ੍ਰਾਈਵੇਟ ਮੰਡੀ ਨੂੰ ਟੈਕਸ ਤੋਂ ਬਿਨਾਂ ਖਰੀਦ ਲਈ ਵਰਤਣਗੇ, ਕਿਉਂਕਿ ਸਰਕਾਰੀ ਮੰਡੀ ਵਿਚ ਟੈਕਸ ਖਰੀਦਦਾਰ ਨੂੰ ਦੇਣਾ ਪੈਂਦਾ ਹੈ। ਪਹਿਲਾਂ ਉਹੀ ਟੈਕਸ ਉਹ ਮੁੱਲ ਵਿਚ ਜੋੜ ਦੇਵੇਗਾ। ਆਪਣੀ ਇਜ਼ਾਰੇਦਾਰੀ ਹੋਣ ਤੇ ਮਰਜ਼ੀ ਕਰੇਗਾ। ਉਹ ਟੈਕਸ ਪਿੰਡਾਂ ਨੂੰ ਮੰਡੀਆਂ ਨਾਲ ਜੋੜਨ ਲਈ ਸੜਕਾਂ ਦਾ ਕੰਮ ਇਸੇ ਟੈਕਸ ਤੋਂ ਹੁੰਦਾ ਹੈ, ਉਹ ਬੰਦ ਹੋ ਜਾਵੇਗਾ। ਹੁਣ ਯੂ.ਪੀ ਅਤੇ ਬਿਹਾਰ ਦੀਆਂ ਪਿੰਡਾਂ ਦੀਆਂ ਸੜਕਾਂ ਦੀ ਹਾਲਤ ਨੂੰ ਵੇਖਿਆ ਜਾ ਸਕਦਾ ਹੈ। ਕੰਟਰੈਕਟ ਫਾਰਮਿੰਗ ਦੀ ਹਾਲਤ ਦਾ ਤਜਰਬਾ ਕਿਸਾਨਾਂ ਕੋਲ ਹੈ। ਐਮ.ਐਸ.ਪੀ ਨੂੰ ਕਾਨੂੰਨੀ ਦਰਜਾ ਨਾ ਦੇ ਕੇ ਨਿੱਜੀ ਵਪਾਰੀ ਨੂੰ ਆਪਣੀ ਮਰਜ਼ੀ ਕਰਨ ਦੀ ਖੁਲ੍ਹ ਦਿੱਤੀ ਜਾ ਰਹੀ ਹੈ। ਸਰਕਾਰ ਨੂੰ ਕਿਸਾਨ ਆਗੂ ਇਹ ਖ਼ਦਸ਼ੇ ਦੱਸ ਚੁੱਕੇ ਹਨ। ਪਰੰਤੂ ਵਾਰ ਵਾਰ ਸਰਕਾਰੀ ਪੱਖ ਵਲੋਂ ਕਿਸਾਨਾਂ ਨੂੰ ਰਾਜਸੀ ਪਾਰਟੀਆਂ ਦੁਆਰਾ ਗੁੰਮਰਾਹ ਹੋਏ ਦੱਸਿਆ ਜਾ ਰਿਹਾ ਹੈ। ਇਸ ਸਭ ਦੇ ਬਾਵਜੂਦ ਕਿਸਾਨ ਜਥੇਬੰਦੀਆਂ ਆਪਣੇ ਮਕਸਦ ਵਿਚ ਹੁਣ ਤੱਕ ਕਾਮਯਾਬ ਹਨ। ਪਹਿਲੀ ਵਾਰ ਇਹ ਅੰਦੋਲਨ ਧਰਮ, ਜਾਤ ਦੇ ਮੁੱਦਿਆਂ ਨੂੰ ਪਾਰ ਕਰਕੇ ਕਿਸਾਨੀ ਅੰਦੋਲਨ ਬਣ ਚੁੱਕਾ ਹੈ। ਪੰਜਾਬ ਵਿਚ ਕਿਸਾਨੀ ਵਿਚ ਬਹੁ-ਸੰਖਿਅਕ ਜੱਟ ਸਿੱਖ ਹਨ ਪਰ ਇਕ ਵੱਡਾ ਹਿੱਸਾ ਸੈਣੀਆਂ, ਲੁਬਾਣਿਆਂ, ਕੰਬੋਜਾਂ ਅਤੇ ਪਹਾੜੀ ਖੇਤਰਾਂ ਨਾਲ ਜੁੜੇ ਜਿਲ੍ਹਿਆਂ ਵਿਚ ਰਾਜਪੂਤਾਂ ਦਾ ਵੀ ਹੈ। ਇਸੇ ਤਰ੍ਹਾਂ ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਜਾਟਾਂ ਦੇ ਨਾਲ ਰਾਜਪੂਤ, ਗੁੱਜਰ, ਸੈਣੀ, ਤਿਆਗੀ, ਬਿਹਾਰ ਅਤੇ ਪੂਰਬੀ, ਉੱਤਰ ਪ੍ਰਦੇਸ਼ ਵਿਚ ਯਾਦਵ, ਦੱਖਣ ਅਤੇ ਕੇਂਦਰੀ ਭਾਰਤ ਵਿਚ ਪਟੇਲ, ਰੈਡੀ ਆਦਿ ਜਾਤੀਆਂ ਕਿਸਾਨਾਂ ਦੀਆਂ ਹਨ। ਸਰਕਾਰ ਨੇ ਇਹਨਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਪਰੰਤੂ ਕਿਸਾਨੀ ਹੱਕਾਂ ਦੀ ਚੇਤਨਾ ਨੇ ਸਭ ਤੋੜ ਦਿੱਤਾ। ਕਿਸਾਨੀ ਏਕਤਾ ਵੱਡਾ ਮੁੱਦਾ ਬਣਕੇ ਉਭਰੀ। ਉੱਤਰੀ ਭਾਰਤ ਵਿਚ ਸਰਵਜਾਤੀ ਮਹਾਂ-ਪੰਚਾਇਤਾਂ ਹੋ ਰਹੀਆਂ ਹਨ। ਉਹ ਕਿਸਾਨੀ ਏਕਤਾ ਦੀਆਂ ਸਭ ਤੋਂ ਵੱਡੀਆਂ ਉਦਾਹਰਣਾਂ ਹਨ। ਧਾਰਮਿਕ ਪਛਾਣ ਤੋਂ ਉਪਰ ਉਠ ਕੇ ਹਿੰਦੂ, ਸਿੱਖਾਂ

ਤੇ ਮੁਸਲਮਾਨਾਂ ਦੇ ਸਾਂਝੇ ਲੰਗਰ ਚਲ ਰਹੇ ਹਨ। ਐਮ.ਐਸ.ਪੀ. ਦਾ ਅਰਥ ਸਮੁੱਚੇ ਭਾਰਤ ਦੇ ਕਿਸਾਨਾ ਨੂੰ ਸਮਝ ਆਉਣ ਲੱਗ ਪਿਆ ਹੈ। ਦਿੱਲੀ ਦੇ ਬਾਰਡਰਾਂ ਉਤੇ ਬੈਠੇ ਲੋਕਾਂ ਵਿਚ ਦਸ-ਦਸ ਸਾਲ ਦੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ, ਔਰਤਾਂ ਨੂੰ ਇਹਨਾਂ ਬਿੱਲਾਂ ਦੇ ਰੱਦ ਕਰਾਉਣ ਦੀ ਚੇਤਨਾ ਹੈ। ਖੇਤ ਮਜ਼ਦੂਰਾਂ, ਪਿੰਡਾਂ ਦੇ ਛੋਟੇ ਦੁਕਾਨਦਾਰਾਂ, ਛੋਟੇ ਵਪਾਰੀਆਂ ਮਜ਼ਦੂਰਾਂ ਨੂੰ ਇਸ ਸੰਘਰਸ਼ ਨੇ ਇਕ ਕਰ ਦਿੱਤਾ ਹੈ। ਜਿਉਂ-ਜਿਉਂ ਇਹ ਸੰਘਰਸ਼ ਲੰਮਾ ਹੋ ਰਿਹਾ ਹੈ ਤਿਉਂ-ਤਿਉਂ ਇਸ ਦਾ ਅਧਾਰ ਫੈਲ ਰਿਹਾ ਹੈ। ਦੇਸ਼ ਅਜ਼ਾਦੀ ਤੋਂ ਬਾਅਦ ਵਿਸ਼ਾਲ ਕੈਨਵਸ ਵਾਲਾ ਸੰਘਰਸ਼ ਸਾਹਿਤ ਅਤੇ ਕਲਾਵਾਂ ਦੀ ਵਸਤ ਬਨਣ ਲਗ ਪਿਆ ਹੈ। ਪੰਜਾਬੀ ਦੇ ਪ੍ਰਸਿੱਧ ਨਾਟਕਕਾਰਾਂ ਨੇ ਦਿੱਲੀ ਬਾਰਡਰ 'ਤੇ ਲੱਗੇ ਧਰਨਿਆਂ ਉਤੇ ਕਿਸਾਨੀ ਸਮੱਸਿਆਵਾਂ ਨਾਲ ਸਬੰਧਿਤ ਨਾਟਕਾਂ ਦੀ ਪੇਸ਼ਕਾਰੀ ਕੀਤੀ। ਪੰਜਾਬੀ ਵਿਚ ਪਹਿਲਾਂ ਵੀ ਦਵਿੰਦਰ ਦਮਨ, ਅਜਮੇਰ ਔਲਖ, ਭਾਅ ਗੁਰਸ਼ਰਨ ਸਿੰਘ ਆਦਿ ਨਾਟਕਕਾਰ ਕਿਸਾਨੀ ਮਸਲਿਆਂ ਨੂੰ ਆਪਣੇ ਨਾਟਕਾਂ ਦੇ ਮੰਚਨ ਰਾਹੀਂ ਉਠਾਉਂਦੇ ਰਹੇ ਹਨ। ਹੁਣ ਕਿਸਾਨੀ ਧਰਨੇ ਉਤੇ ਜਾ ਕੇ ਸਾਡੇ ਸਰਗਰਮ ਪੰਜਾਬੀ ਨਾਟਕਕਾਰਾਂ ਜਿਨ੍ਹਾਂ ਵਿਚ ਪ੍ਰਮੁੱਖ ਕੇਵਲ ਧਾਲੀਵਾਲ, ਡਾ. ਸਾਹਿਬ ਸਿੰਘ, ਡਾ. ਕੁਲਦੀਪ ਦੀਪ, ਕਰਾਂਤੀ, ਲੱਖਾ ਲਹਿਰੀ, ਸੋਮਪਾਲ ਹੀਰਾ, ਕੀਰਤੀ ਕਿਰਪਾਲ, ਹਰਕੇਸ਼ ਚੌਧਰੀ ਸ਼ਾਮਿਲ ਹਨ ਨੇ ਕਿਸਾਨੀ ਸਮੱਸਿਆਵਾਂ ਨੂੰ ਰੰਗ ਮੰਚ ਉਤੇ ਉਠਾਇਆ। ਪੰਜਾਬੀ ਕਵਿਤਾ ਦੇ ਖੇਤਰ ਵਿਚ ਸੁਰਜੀਤ ਪਾਤਰ ਤੋਂ ਲੈ ਕੇ ਇੰਗਲੈਂਡ ਵੱਸਦੀ ਕੁਲਵੰਤ ਢਿਲੋਂ ਤਕ ਲਗਭਗ ਹਰ ਕਵੀ ਨੇ ਇਸ ਮਸਲੇ ਨੂੰ ਕਵਿਤਾ ਰਾਹੀਂ ਉਠਾਇਆ। ਕੋਵਿਡ-19 ਦੇ ਬਾਵਜੂਦ ਹਰ ਸੰਵਾਦ ਦੇ ਪਲੇਟਫਾਰਮ ਉਤੇ ਇਸ ਲਹਿਰ ਦਾ ਜ਼ਿਕਰ ਹੋਇਆ। ਕਈ ਵਿਦਵਾਨਾਂ ਨੇ ਨਿੱਠ ਕੇ ਕੰਮ ਕੀਤਾ। ਪੱਤਰਕਾਰੀ ਦੇ ਖੇਤਰ ਵਿਚ ਸਵਰਾਜਬੀਰ, ਸ਼ਿਵਇੰਦਰ, ਸੁਕੀਰਤ, ਦੇਸ ਰਾਜ ਕਾਲੀ, ਤਸਕੀਨ, ਹਰਵਿੰਦਰ ਭੰਡਾਲ ਆਦਿ ਦੀਆਂ ਲਿਖਤਾਂ ਬਹੁਤ ਮਹੱਤਵਪੂਰਨ ਹਨ। ਇਸ ਲਹਿਰ ਨੇ ਪੰਜਾਬੀ ਗਾਇਕੀ ਦਾ ਮੁਹਾਵਰਾ ਹੀ ਬਦਲ ਦਿੱਤਾ। ਇਸ ਵਿਚ ਕਿਸਾਨੀ ਦੇ ਸੰਕਟ, ਸਿਦਕ, ਸੰਘਰਸ਼ ਦਾ ਮਾਦਾ, ਕੇਂਦਰ ਸਰਕਾਰ ਦੀਆਂ ਚਾਲਾਂ ਅਤੇ ਬਦਨੀਤੀ ਸਾਹਿਤ ਦੀ ਵਸਤ ਬਣਦੇ ਰਹੇ। ਇਸ ਲਹਿਰ ਨੇ ਰਾਜਸੀ ਪਾਰਟੀਆਂ ਨੂੰ ਵੀ ਆਪਣੇ ਸਿਆਸੀ ਦਾਅਪੇਚਾਂ ਬਾਰੇ ਦੁਬਾਰਾ ਸੋਚਣ ਲਈ ਮਜ਼ਬੂਰ ਕਰ ਦਿੱਤਾ।

ਇਸ ਸੰਘਰਸ਼ ਚਲਦੇ ਨੂੰ ਚਾਰ ਮਹੀਨੇ ਤੋਂ ਉਪਰ ਦਾ ਸਮਾਂ ਹੋ ਚੁੱਕਿਆ ਹੈ। ਹੁਣ, 'ਬਿੱਲ ਵਾਪਸੀ ਨਹੀਂ ਘਰ ਵਾਪਸੀ ਨਹੀਂ' ਨਾਹਰਾ ਲੋਕਾਂ ਦੀ ਮਾਨਸਿਕਤਾ ਵਿਚ ਬੈਠ ਗਿਆ ਹੈ। ਇਹ ਸੰਘਰਸ਼ ਜਦੋਂ ਤੱਕ ਕਾਰਪੋਰੇਟ ਦੇ ਦਲਾਲਾਂ ਨੂੰ ਸੱਤਾ ਤੋਂ ਬਾਹਰ ਕਰਨ ਦਾ ਬਾਇਸ ਨਹੀਂ ਬਣਦਾ, ਉਦੋਂ ਤਕ ਮਸਲੇ ਦਾ ਹੱਲ ਨਹੀਂ ਹੋਣਾ। ਹੁਣ ਲੜਾਈ ਕਾਰਪੋਰੇਟ ਅਤੇ ਉਸ ਦੇ ਰਾਜਸੀ ਦਲਾਲਾਂ ਨਾਲ ਸਿੱਧੇ ਰੂਪ ਵਿਚ ਹੈ। ਭਾਰਤ ਦੇ ਸਾਰੇ ਵਰਗਾਂ ਦੇ ਲੋਕਾਂ ਨੂੰ ਦੇਸ਼ ਦੀ ਸੰਪਤੀ ਨਿੱਜੀ ਹੱਥਾਂ ਵਿਚ ਜਾਣ ਤੋਂ ਰੋਕਣ ਲਈ ਇਕੱਠੇ ਹੋਣਾ ਪਏਗਾ। ਹੁਣ ਹਰ ਅਵਾਜ਼, ਹਰ ਨਾਹਰਾ, ਹਰ ਕਲਮ ਇਸ ਸਥਾਨਕ ਈਸਟ ਇੰਡੀਆ ਕੰਪਨੀ ਦੇ ਵਿਰੋਧ ਵਿਚ ਉਠਣੀ ਚਾਹੀਦੀ ਹੈ। ਇਹ ਬੇਇਨਸਾਫੀ ਦੀ ਹਨੇਰੀ ਰਾਤ ਏਕਤਾ ਦੀ ਮਸ਼ਾਲ ਨਾਲ ਹੀ ਖ਼ਤਮ ਹੋਏਗੀ।

**ਰਜਨੀਸ਼ ਬਹਾਦਰ ਸਿੰਘ**

# ਗੁਰਦਾਸਪੁਰ ਸ਼ਹਿਰ ਨਾਲ ਜੁੜੀਆਂ ਯਾਦਾਂ ਤੇ ਸੁਜਾਨ ਸਿੰਘ ਦੀ ਯਾਦ ਵਿਚ ਇਕ ਮਿਲਣੀ

**ਜਗਜੀਤ ਸਿੰਘ ਆਨੰਦ**

ਗੁਰਦਾਸਪੁਰ ਜ਼ਿਲ੍ਹੇ ਨਾਲ ਵੀ, ਤੇ ਸ਼ਹਿਰ ਨਾਲ ਵੀ ਬਹੁਤ ਕੁਝ ਜੁੜਿਆ ਹੋਇਆ ਹੈ। ਫੇਰੀ ਤਾਂ ਹੁਣ ਚੋਖੀ ਵਿੱਥ ਪਿੱਛੋਂ ਪੈਂਦੀ ਹੈ, ਕਈ ਵਾਰ ਵਕਫਾ ਦੋ ਸਾਲਾਂ ਤੋਂ ਵੱਧ ਦਾ ਵੀ ਪੈ ਜਾਂਦਾ ਹੈ, ਪਰ ਚੇਤੇ ਦੀਆਂ ਨਵੀਂਆਂ ਪੁਰਾਣੀਆਂ ਤੰਦਾਂ ਸ਼ਹਿਰ ਵੱਲ ਮੂੰਹ ਕਰਨ ਨਾਲ ਹੀ ਅੰਦਰਲਾ ਸਗਵੇਂ ਦਾ ਸਗਵਾਂ ਹਲੂਣ ਜਾਂਦੀਆਂ ਹਨ।

ਪਹਿਲੀ ਵਾਰ ਦੇਸ਼ ਦੀ ਵੰਡ ਪਿੱਛੋਂ ਉਦੋਂ ਗਿਆ ਸਾਂ, ਜਦੋਂ ਸੰਤਾਲੀਏ ਦੇ ਘੋਰ ਦੁਖਾਂਤ ਪਿੱਛੋਂ ਤੇਜਾ ਸਿੰਘ ਸੁਤੰਤਰ ਤੇ ਰਾਮ ਸਿੰਘ ਦੱਤ ਦੇ ਸ਼ਿਸ਼ਾਂ ਨੂੰ ਨਵੇਂ ਸਿਰਿਓਂ ਪਾਰਟੀ ਜੱਥੇਬੰਦੀ ਵਿੱਚ ਪਰੋਣ ਦਾ ਮਸਲਾ ਸਾਹਮਣੇ ਆ ਗਿਆ। ਗਿਆ ਮੈਂ ਡੇਰਾ ਬਾਬਾ ਨਾਨਕ, ਇਕੱਠ ਕੀਤਾ ਜਸਵੰਤ ਸਿੰਘ ਰਾਹੀ ਦੇ ਚੌੜਾਈ ਵਿੱਚ ਮਸਾਂ ਸੱਤ ਕੁ ਫੁੱਟ, ਪਰ ਲੰਬਾਈ ਵਿੱਚ ਕੋਈ ਸਤਵੰਜਾ ਫੁੱਟ ਵਾਲੇ ਲੰਮੇ, ਅੱਧ ਕੱਚੇ ਗਰੀਬੀ ਮਾਰੇ ਘਰ ਵਿੱਚ, ਜਿਸ ਦੇ ਐਨ ਸਾਹਮਣੇ ਉਸ ਦੇ ਉਨ੍ਹਾਂ ਸਮਿਆਂ ਦੇ ਰੰਗਦਾਰ ਸ਼ੀਸ਼ਿਆਂ ਵਾਲੇ ਸੋਹਣੇ ਛੱਜੇ ਸਨ ਤੇ ਉਨ੍ਹਾਂ ਪਿੱਛੇ ਐਸੇ ਖੁੱਲ੍ਹੇ-ਡੁੱਲ੍ਹੇ ਕਮਰੇ ਕਿ ਅਸਾਮ ਦੀ ਰੇਲ ਦੇ ਠੇਕਿਆਂ ਅਤੇ ਕੋਇਟੇ ਦੇ ਭੂਚਾਲ ਪਿੱਛੋਂ ਮੁੜ ਉਸਾਰੀਆਂ ਇਮਾਰਤਾਂ ਤੋਂ ਕੀਤੀਆਂ ਕਮਾਈਆਂ ਜਣੇ-ਖਣੇ ਦਾ ਧਿਆਨ ਖਿੱਚ ਰਹੀਆਂ ਸਨ।

ਇਹ ਦੋ ਰੋਜ਼ਾ ਕਾਨਫ਼ਰੰਸ ਪਾਰਟੀ ਨੂੰ ਮੁੜ ਪੈਰਾਂ 'ਤੇ ਖਲ੍ਹਿਆਰਣ ਵਾਸਤੇ ਵਿੱਢੀ ਗਈ ਸੀ। ਤਰੀਕਾਂ ਉਸ ਦੀਆਂ ਭੁਲਾਇਆਂ ਵੀ ਨਹੀਂ ਭੁੱਲਦੀਆਂ, ਕਿਉਂਕਿ ਜਿਸ ਦਿਨ ਸ਼ਾਮ ਦੀ ਗੱਡੀ ਵਾਪਸ ਪਰਤਿਆ, ਫਤਿਹਗੜ੍ਹ ਚੂੜੀਆਂ ਸਟੇਸ਼ਨ ਉੱਤੇ ਹੀ ਸਿਰੇ ਦੀ ਕੁਲਹਿਣੀ ਖ਼ਬਰ ਮਿਲ ਗਈ ਕਿ ਦੇਸ ਪਿਤਾ ਮਹਾਤਮਾ ਗਾਂਧੀ ਨੂੰ ਗੋਲੀ ਮਾਰ ਦਿੱਤੀ ਗਈ ਹੈ। ਹਰ ਸੁਣਨ ਵਾਲਾ ਮਸੋਸਿਆ ਗਿਆ ਕਿ ਹੁਣ ਨਵੇਂ-ਨਵੇਂ ਆਜ਼ਾਦ ਹੋਏ ਦੇਸ਼ ਦਾ ਕੀ ਬਣੂ।

ਅੰਮ੍ਰਿਤਸਰ ਤੱਕ ਦਾ ਫ਼ਾਸਲਾ ਤਾਂ ਮਸਾਂ ਅੱਧੇ ਘੰਟੇ ਦਾ ਹੋਵੇਗਾ, ਪਰ ਪੈਂਡਾ ਮੁੱਕਣ ਵਿੱਚ ਨਾ ਆਵੇ। ਸਾਲ ਦੇ ਪਹਿਲੇ ਮਹੀਨੇ ਦੇ ਇੱਕ ਘੱਟ ਆਖਰੀ ਦਿਨ ਨੂੰ ਇਹ ਘੋਰ ਦੁਖਾਂਤ ਉਦੋਂ ਵਾਪਰਿਆ ਜਦੋਂ ਸ਼ਾਮਾਂ ਰਾਤ ਵਿੱਚ ਢਲਣ ਵੱਲ ਵਧ ਰਹੀਆਂ ਸਨ। ਵੰਡੇ ਪੰਜਾਬ ਦੇ ਸਾਡੇ ਹਿੱਸੇ ਆਏ ਇਸ ਸਭ ਤੋਂ ਵੱਡੇ ਸ਼ਹਿਰ ਵਿੱਚ ਕਬਰਾਂ ਵਰਗੀ ਚੁੱਪ ਛਾਈ ਹੋਈ ਸੀ। ਅੱਧਾ ਹਾਲ ਬਾਜ਼ਾਰ ਲੰਘ ਕੇ ਹੀ ਲੋਕਾਂ ਦੀ ਪਹਿਲੀ ਟੋਲੀ ਮਿਲੀ, ਜਿਸ ਵਿੱਚ ਅਣਪਛਾਤੇ ਲੋਕ ਇੱਕ-ਦੂਜੇ ਦੇ ਗਲ਼ ਲੱਗ ਭੁੱਬਾਂ ਮਾਰ ਰਹੇ ਲੱਭੇ।

ਸਾਡਾ ਪਾਰਟੀ ਦਫ਼ਤਰ ਦੋ ਵੱਡੇ ਹੱਟਾਂ ਵਿਚਕਾਰੋਂ ਉੱਪਰ ਨੂੰ ਚੜ੍ਹਦੀਆਂ ਪੌੜੀਆਂ ਦੀ ਸਿਖਰਲੀ ਮੰਜ਼ਿਲ ਉੱਤੇ ਸੀ । ਬਿਜਲੀ ਦੇ ਲਾਟੂ ਦੀ ਨਿੰਮ੍ਹੀ ਜਿਹੀ ਰੌਸ਼ਨੀ ਵਿੱਚ, ਪਾਟੀ ਜਿਹੀ ਦਰੀ ਦੀ ਪਰਲੀ ਨੁੱਕਰੇ, ਘਸੇ ਜਿਹੇ ਕੰਬਲ ਦੀ ਬੁੱਕਲ ਮਾਰੀ ਯਾਰਾਂ ਦਾ ਯਾਰ ਫੌਜਾ ਸਿੰਘ ਭੁੱਲਰ ਬੈਠਾ ਸੀ। ਉਸ ਦੀ ਕੰਡ ਦੁਆਲੇ ਹੱਥ ਵਲਾਉਂਦਿਆਂ ਜਦੋਂ ਸਿਰ ਮੋਢੇ ਉੱਤੇ ਜਾ ਡਿੱਗਾ, ਅਜਿਹਾ ਗੱਚ ਭਰ ਆਇਆ ਕਿ ਦੋਵੇਂ ਅਬੋਲ ਹੋ ਕੇ ਰਹਿ ਗਏ।

ਹੁਣ ਵਾਲੇ ਦਿਨ ਨਹੀਂ ਸਨ। ਟੀ ਵੀ ਦੀ ਤਾਂ ਗੱਲ ਛੱਡੋ, ਰੇਡੀਓ ਵੀ ਸਿਰਫ਼ ਦਿੱਲੀ ਵਾਲਾ ਹੀ ਬੋਲਦਾ ਸੀ। ਉਸ ਤੱਕ ਵੀ ਦਫ਼ਤਰ ਦੀਆਂ ਸਾਰੀਆਂ ਪੌੜੀਆਂ ਉੱਤਰ ਕੇ ਪਹੁੰਚਣਾ ਪੈਂਦਾ ਸੀ। ਧਰਵਾਸ ਸਿਰਫ਼ ਇੱਕ ਗੱਲ ਦਾ ਹੋਇਆ ਕਿ ਮਹਾਤਮਾ ਜੀ ਨੂੰ ਗੋਲੀ ਮਾਰਨ ਵਾਲਾ ਕੋਈ ਮੁਸਲਮਾਨ ਨਹੀਂ ਸੀ, ਸਗੋਂ ਨੱਥੂ ਰਾਮ ਗੌਡਸੇ ਨਾਮੀ ਹਿੰਦੂ ਸੀ। ਇਹ ਗੌਡਸੇ ਕੌਣ ਸੀ, ਕਿੰਨ੍ਹਾਂ ਦਾ ਬੰਦਾ ਸੀ, ਇਸ ਬਾਰੇ ਅਜੇ ਅਵਾਈਆਂ ਹੀ ਉੱਡ ਰਹੀਆਂ ਸਨ। ਅੰਤਿਮ ਯਾਤਰਾ ਅਗਲੇਰੇ ਦਿਨ ਸ਼ੁਰੂ ਹੋਣੀ ਸੀ। ਇੱਕੋ ਗੱਲ ਸੁੱਝੀ ਕਿ ਜਿਹੜੀ ਪਹਿਲੀ ਗੱਡੀ ਮਿਲੇ, ਉਸ ਵਿੱਚ ਘੁੱਸੜ ਕੇ ਦਿੱਲੀ ਪਹੁੰਚਿਆ ਜਾਏ। ਚੇਤੇ ਰੱਖਣਾ ਚਾਹੀਦਾ ਹੈ ਕਿ ਇਹ ਹਾਲ ਮੇਰੇ ਵਰਗੇ ਉਨ੍ਹਾਂ ਲੋਕਾਂ ਦਾ ਸੀ, ਜਿਹੜੇ ਨਾ ਕੱਟੜਵਾਦੀ ਹਿੰਦੂ ਸਨ ਤੇ ਨਾ ਹੀ ਗਾਂਧੀ ਜੀ ਦੀ ਸੋਚ ਨੂੰ ਪ੍ਰਣਾਏ ਹੋਏ। ਦਿੱਲੀ ਜਾ ਕੇ, ਲੰਮੀਆਂ ਭੀੜਾਂ ਵਿੱਚੋਂ ਲੰਘਦੇ ਜਮਨਾ ਦਰਿਆ ਨਾਲ ਲੱਗਦੇ ਸ਼ਮਸ਼ਾਨਘਾਟ ਪਹੁੰਚਣ ਤੱਕ ਇੱਕੋ ਗੱਲ ਮਨ ਨੂੰ ਧਰਵਾਸ ਦਿਵਾਉਂਦੀ ਰਹੀ ਕਿ ਮਾਤਮ ਦੀ ਘੜੀ ਸਭ ਧਰਮਾਂ, ਰੰਗਾਂ ਦੇ ਲੋਕ ਕੁੱਲ ਤੁਫਰਕੇ ਮਿਟਾ ਕੇ ਸਾਂਝੇ ਗ਼ਮ ਵਿੱਚ ਡੁੱਬੇ ਲੱਭੇ।

ਦੇਸ਼ ਨੂੰ ਜਿਨ੍ਹਾਂ ਔਖੀਆਂ ਘਾਟੀਆਂ ਵਿੱਚੋਂ ਲੰਘਣਾ ਪਿਆ, ਉਨ੍ਹਾਂ ਨੂੰ ਮੁੜ ਚਿਤਵਣ-ਚਿਤਾਰਨ ਦੀ ਲੋੜ ਨਹੀਂ। ਸਿਰਫ਼ ਇਹ ਗੱਲ ਪੱਲੇ ਬੰਨ੍ਹਣ ਵਾਲੀ ਹੈ ਕਿ ਜੇ ਦੇਸ਼ ਦੇ ਹੋਰ ਟੋਟੇ ਨਹੀਂ ਹੋਏ, ਜੇ ਪਿੱਛੋਂ ਦੇ ਸਾਲਾਂ ਦੇ ਫਸਾਦ ਨਾ ੪੭ ਵਾਲਿਆਂ ਜਿੰਨੇ ਵੱਡੇ ਹੋਏ ਤੇ ਨਾ ਹੀ ਉਹ ਨਿਵਾਣਾਂ ਛੋਹਣ ਵਾਲੇ ਤਾਂ ਬਾਪੂ ਦੇ ਵਿਛੋੜੇ ਦੇ ਸੱਲ ਨਾਲ ਉੱਭਰੀਆਂ ਸਾਂਝ ਦੀਆਂ ਤੰਦਾਂ ਦਾ ਉਸ ਵਿੱਚ ਕੋਈ ਘੱਟ ਹੱਥ ਨਹੀਂ।

ਉਸ ਤੋਂ ਪਿੱਛੋਂ ਜੋ ਹੋਇਆ ਵਾਪਰਿਆ ਹੈ, ਸਭ ਦੇ ਸਾਹਮਣੇ ਹੈ। ਉਸ ਨੂੰ ਨਾ ਵਾਪਸ ਲਿਆਂਦਾ ਜਾ ਸਕਦਾ ਹੈ ਤੇ ਨਾ ਹੀ ਭੁਲਾਇਆ। ਅਜ਼ਾਦੀ ਦੇ ਕੋਈ ਛੇ ਕੁ ਦਹਾਕੇ ਤਾਂ ਅਸੀਂ ਚੰਗੇ-ਮੰਦੇ ਹਾਲਾਤ ਵਿੱਚੋਂ ਲੰਘਦਿਆਂ ਹੰਢਾਅ ਲਏ, ਪਰ ਜੇ ਇਹੀ ਹਾਲਤ ਚੱਲਦੇ ਰਹੇ ਤਾਂ ਦੇਸ਼ ਦੇ ਸੁਰਖਰੂ ਭਵਿੱਖ ਬਾਰੇ ਭਰੋਸਾ ਕਰਨਾ ਸਹੀ ਸਿੱਧ ਨਹੀਂ ਹੋਵੇਗਾ। ਇਹ ਸਾਰਿਆਂ ਲਈ ਜੁੜ ਬੈਠ ਕੇ ਸੋਚਣ ਦੀ ਘੜੀ ਹੈ ਕਿ ਅੰਨ੍ਹੇ ਬਾਜ਼ਾਰੂ ਵਿਕਾਸ ਦੀ ਦਲਦਲ ਵਿੱਚ ਖੁੱਭਦੇ ਜਾਣ ਦੀ ਅਵਸਥਾ ਵਿੱਚੋਂ ਕਿਵੇਂ ਉਭਰਿਆ ਜਾਵੇ।

ਉਪਰਲੇ ਸਭ ਕੁਝ ਨੇ ਮਨ ਏਨਾ ਮੱਲ ਰੱਖਿਆ ਸੀ ਕਿ ਉਸ ਨੂੰ ਆਪਣੇ ਲੋਕਾਂ ਨਾਲ ਸਾਂਝਾ ਕੀਤੇ ਬਗੈਰ ਅੱਗੇ ਚੱਲ ਨਹੀਂ ਸੀ ਹੋ ਰਿਹਾ, ਪਰ ਮੰਤਵ ਇਸ ਲਿਖਤ ਦਾ ਗੁਰਦਾਸਪੁਰ ਸ਼ਹਿਰ ਤੇ ਜ਼ਿਲ੍ਹੇ ਨਾਲ ਜੁੜੀਆਂ ਯਾਦਾਂ ਨੂੰ ਪਰੋਸਣਾ ਹੈ।

***

ਸਬੱਬ ਤਾਜ਼ਾ ਫੇਰੀ ਦਾ ਬਣਿਆ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵੱਲੋਂ ਕੇਂਦਰੀ ਪੰਜਾਬੀ ਸਾਹਿਤ ਸਭਾ ਦੇ ਸਹਿਯੋਗ ਨਾਲ ਰਚਾਇਆ ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਮਾਰੋਹ। ਕੇਂਦਰੀ ਲੇਖਕ ਸਭਾ ਦੀਆਂ ਚੋਣਾਂ ਹੋਈਆਂ ਸਨ ਮਾਰਚ ਮਹੀਨੇ ਦੇ ਪਹਿਲੇ ਅੱਧ ਵਿੱਚ, ਸ਼ਨਿਚਰਵਾਰ ੧੨ ਤਰੀਕ ਨੂੰ। ਇਨ੍ਹਾਂ ਚੋਣਾਂ ਵਿੱਚ ਏਨੀ ਗਹਿਮਾ-ਗਹਿਮੀ ਦੇਖਣ ਨੂੰ ਮਿਲੀ ਕਿ ਸਭਾ ਦੇ ਚੜ੍ਹਾਅ ਦੇ ਦਿਨਾਂ ਦੇ ਸੰਮੇਲਨਾਂ ਦੀ ਯਾਦ ਤਾਜ਼ਾ ਹੋ ਗਈ।

ਅਜੇ ਕੁਝ ਸਮਾਂ ਪਹਿਲਾਂ ਹੀ ਤਾਂ ਪਿਛਲੀ ਟੀਮ ਵੱਲੋਂ ਇਕ ਹੋਰ ਸਮਾਗਮ ਆਯੋਜਿਤ ਕੀਤਾ ਗਿਆ ਸੀ ਜਿਸ ਵਿੱਚ ਉੱਘੇ ਸਾਹਿਤਕਾਰਾਂ ਨੂੰ ਸਨਮਾਨਿਆ ਗਿਆ ਸੀ ਅਤੇ ਪਿਛਲੇ

ਕੰਮ ਦੀ ਰਿਪੋਰਟ ਵੀ ਪੇਸ਼ ਕੀਤੀ ਗਈ ਸੀ। ਹੋਰ ਸਭ ਕੁਝ ਤਾਂ ਠੀਕ ਠਾਕ ਸੀ, ਪਰ ਹਾਜ਼ਰੀ ਪੱਖੋਂ ਵੀ ਤੇ ਕਾਰਗੁਜ਼ਾਰੀ ਪੱਖੋਂ ਵੀ, ਸਮਾਗਮ ਅਸਾਧਾਰਨ ਤੌਰ 'ਤੇ ਫਿੱਕਾ ਰਿਹਾ। ਮਨ ਵਿੱਚ ਤੌਖਲਾ ਉੱਠਦਾ ਸੀ ਕਿ ਏਨੀਆਂ ਬੁਲੰਦੀਆਂ ਛੋਹਣ ਵਾਲੀ ਕੇਂਦਰੀ ਸਭਾ ਇਸ ਹਾਲਤ ਨੂੰ ਪਹੁੰਚ ਗਈ ਹੈ ਕਿ ਪਤਾ ਨਹੀਂ ਅੱਗੋਂ ਕੀ ਹੋਵੇ। ਪਰ ਕੁਝ ਹੀ ਦਿਨਾਂ ਵਿੱਚ ਨਿਤਾਣੀ ਜਿਹੀ ਲੱਭਦੀ ਇਹ ਸਭਾ ਏਨੀ ਜੁੱਸਾਵਾਨ ਹੋ ਉੱਠੀ ਕਿ ਆਪਣੇ-ਪਰਾਏ ਸਾਰੇ ਦੰਗ ਰਹਿ ਗਏ। ਕਾਰਨ ਇਸ ਦਾ ਕੀ ਸੀ। ਡਾ. ਤੇਜਵੰਤ ਸਿੰਘ ਮਾਨ ਵਾਲੀ ਸਭਾ ਨਾਲ ਰਲੇਵਾਂ ਤਾਂ ਪਿਛਲੇ ਕਈ ਸਾਲਾਂ ਦੇ ਯਤਨਾਂ ਦੇ ਬਾਵਜੂਦ ਸੰਭਵ ਨਹੀਂ ਹੋਇਆ, ਪਰ ਕਮਿਊਨਿਸਟ ਪਾਰਟੀਆਂ ਦੇ ਉਤਲੇ ਆਗੂਆਂ ਵੱਲੋਂ ਬੁੱਕਲ ਵਿੱਚ ਰੋੜੀ ਭੰਨਣ ਵਾਲੀ ਰਵਾਇਤ ਟੁੱਟ ਗਈ। ਵਿਚਾਰਧਾਰਾ ਵਿੱਚ ਵੱਡੀ ਸਾਂਝ ਦੇ ਬਾਵਜੂਦ ਜਥੇਬੰਦਕ ਵਖਰੇਵਿਆਂ ਕਾਰਨ ਜੋ ਕੁਝ ਅੰਦਰੋ-ਅੰਦਰ ਰਿੱਝਦਾ ਰਹਿੰਦਾ ਸੀ, ਉਹ ਬਾਹਰ ਆ ਗਿਆ। ਸੂਚੀਆਂ ਤਾਂ ਉਪਰਲਿਆਂ ਆਗੂਆਂ ਨੇ ਇਸ ਵਾਰ ਵੀ ਤਿਆਰ ਕੀਤੀਆਂ, ਫਰਕ ਸੀ ਤਾਂ ਇਹ ਕਿ ਸਮੁੱਚੀ ਟੀਮ ਬਾਰੇ ਸਹਿਮਤੀ ਸੰਭਵ ਨਾ ਹੋਈ।

ਅਸੀਂ ਸਮਝਦੇ ਹਾਂ ਕਿ ਪਹਿਲਾਂ ਕੋਈ ਕੁਝ ਵੀ ਸੋਚਦਾ ਰਿਹਾ ਹੋਵੇ, ਖੁੱਲ੍ਹੇ ਮੁਕਾਬਲੇ ਵਿੱਚ ਨਿੱਤਰ ਕੇ ਜਿਹੜੀਆਂ ਦੋ ਵੱਡੀਆਂ ਧਿਰਾਂ ਉੱਭਰੀਆਂ, ਉਨ੍ਹਾਂ ਨੇ ਜਿਹੋ ਜਿਹੀ ਰੱਸਾਕਸ਼ੀ ਕੀਤੀ, ਉਸ ਨੇ ਇੱਕ ਤਰ੍ਹਾਂ ਦਾ ਇਨਕਲਾਬ ਹੀ ਲੈ ਆਂਦਾ। ਉਤਲਿਆਂ ਦੀਆਂ ਪਰਚੀਆਂ ਵੀ ਨਾ ਚੱਲੀਆਂ ਤੇ ਹੇਠਲਿਆਂ ਦੀ ਆਲਸ ਤੋਂ ਵੀ ਮੁਕਤੀ ਹੋ ਗਈ।

ਚੋਣਕਾਰ ਵੱਡੇ-ਛੋਟੇ ਸਾਹਿਤ ਸੇਵੀ ਹੀ ਸਨ। ਲਾਮਬੰਦੀ ਲਈ ਜੋ ਹਰਬੇ ਵਰਤੇ ਗਏ, ਉਹ ਆਪਣੀ ਥਾਂ ਹਨ, ਪਰ ਵੋਟਾਂ ਵੇਲੇ ਲੁਧਿਆਣੇ ਦੇ ਪੰਜਾਬੀ ਭਵਨ ਦਾ ਵਿਹੜਾ ਜਿਵੇਂ ਨੱਕੋ-ਨੱਕ ਭਰਿਆ ਗਿਆ, ਅਸੀਂ ਉਸ 'ਤੇ ਸੰਵਾਦ ਗੜੂੰਦ ਹੋ ਗਏ। ਬੁਨਿਆਦੀ ਵਫ਼ਾਦਾਰੀ ਭਾਵੇਂ ਮੁੱਢੋਂ ਸੀ ਪੀ ਆਈ ਨਾਲ ਹੈ, ਇਸ ਚੋਣ ਘੋਲ ਵਿੱਚ ਨਿੱਜੀ ਵੋਟਾਂ ਤਾਂ ਹਾਲਾਤ ਬਾਰੇ ਬਣੀ ਸਮਝ ਅਨੁਸਾਰ ਪਾਈਆਂ, ਪਰ ਨਾ ਕਿਸੇ ਧਿਰ ਨੂੰ ਤੇ ਨਾ ਹੀ ਉਮੀਦਵਾਰ ਨੂੰ ਖੁੱਲ੍ਹਾ ਥਾਪੜਾ ਦੇਣ ਵੱਲ ਮੂੰਹ ਕੀਤਾ। ਸਾਰਾ ਦਿਨ ਪੰਜਾਬੀ ਸਾਹਿਤ ਅਕੈਡਮੀ ਦੇ ਦਫ਼ਤਰ ਵਿੱਚ ਬੈਠੇ ਰਹੇ, ਮਿਲੇ ਬਹੁਤ ਸਾਰੇ ਨਵੇਂ-ਪੁਰਾਣੇ ਸ਼ੁਭਚਿੰਤਕਾਂ ਨੂੰ, ਉਸਾਰੂ ਵਿਚਾਰਾਂ ਦਾ ਮੌਕਾ ਵੀ ਬਣਿਆ। ਪਰ ਕਤਾਰਬੰਦੀ ਵਿੱਚ ਧਿਰ ਬਣਨ ਤੋਂ ਦੂਰ ਹੀ ਰੱਖੀ ਗਈ।

ਜੋ ਹੋਇਆ-ਵਾਪਰਿਆ ਹੈ, ਉਹ ਸਾਹਿਤਕਾਰ ਦੋਸਤਾਂ ਦੀ ਸੁਚੱਜੀ ਸੂਝ ਦਾ ਵੀ ਸੂਚਕ ਹੈ ਅਤੇ ਸਭਾ ਦੇ ਭਵਿੱਖ ਬਾਰੇ ਵੀ ਆਸਵੰਦ ਕਰਦਾ ਹੈ। ਇਸੇ ਦਾ ਪ੍ਰਮਾਣ ਹੈ ਕਿ ਪੇਂਡੂ ਸਭਿਆਚਾਰ ਨੂੰ ਸਟੇਜ ਰਾਹੀਂ ਨਵੀਆਂ ਉਚਾਣਾਂ 'ਤੇ ਪਹੁੰਚਾਉਣ ਵਾਲੇ ਅਜਮੇਰ ਸਿੰਘ ਔਲਖ ਨਾ ਸਿਰਫ਼ ਵੱਡੇ ਫ਼ਰਕ ਨਾਲ ਸਭ ਤੋਂ ਉਤਲੇ ਅਹੁਦੇ ਲਈ ਚੁਣੇ ਗਏ, ਸਗੋਂ ਨਵੀਂ ਟੀਮ ਦੇ ਭਾਰੂ ਧੜੇ ਨੇ ਚੋਣਾਂ ਵੇਲੇ ਵੀ ਵੰਡ ਨੂੰ ਭੁਲਾ ਕੇ ਉਨ੍ਹਾਂ ਨੂੰ ਨਿੱਜੀ ਵਧਾਈ ਭੇਜੀ ਤੇ ਸਰਗਰਮ ਸਹਿਯੋਗ ਦਾ ਵਿਸ਼ਵਾਸ ਦਿਵਾਇਆ।

ਗੁਰਦਾਸਪੁਰ ਦੇ ਪੰਜਾਬੀ ਕਹਾਣੀ ਦੇ ਪਿਤਾਮਾ ਸੁਜਾਨ ਸਿੰਘ ਦੀ ਯਾਦ ਵਿੱਚ ਰਚਾਏ ਗਏ ਇਸ ਵਾਰ ਦੇ ਸਮਾਗਮ ਵਾਸਤੇ ਜਿਵੇਂ ਦੂਰੋਂ-ਨੇੜਿਓਂ ਸਾਹਿਤਕਾਰ ਮਿੱਤਰ ਪਹੁੰਚੇ, ਜਿਵੇਂ ਉਹ ਅਣਸੁਖਾਵੇਂ ਮੌਸਮ ਦੇ ਬਾਵਜੂਦ ਘੰਟਿਆਂ ਬੱਧੀ ਭੀੜਾਂ ਨਾਲ ਭਰੇ ਹਾਲ ਵਿੱਚ ਜੰਮ ਕੇ ਬੈਠੇ ਰਹੇ, ਜਿਵੇਂ ਉਨ੍ਹਾਂ ਨੇ ਪ੍ਰਸਿੱਧ ਅਰਥ-ਸ਼ਾਸਤਰੀ ਤੇ ਅੱਗੇ-ਵਧੂ ਵਿਚਾਰਾਂ ਦੇ ਗਾਡੀਰਾਹ

ਸਵ. ਨਿਰਮਲ ਸਿੰਘ ਆਜ਼ਾਦ ਹੁਰਾਂ ਦੀ ਯਾਦ ਵਿੱਚ ਸਾਰਥਕ ਸਮਾਗਮ ਰਚਾਇਆ, ਉਹ ਸਭ ਅਮਿੱਟ ਛਾਪ ਛੱਡ ਗਿਆ ਹੈ।

ਪ੍ਰਿੰ. ਸੁਜਾਨ ਸਿੰਘ ਹੁਰਾਂ ਦੇ ਪਰਵਾਰ ਦੇ ਜੀਆਂ ਨਾਲ ਗਲਵਕੜੀਆਂ ਪਾਉਣ ਦਾ ਸਬੱਬ ਵੀ ਚੋਖੇ ਸਾਲਾਂ ਪਿੱਛੋਂ ਬਣਿਆ। ਸੁਜਾਨ ਸਿੰਘ ਅਮਲੀ ਜੀਵਨ ਵਿੱਚ ਵੀ ਓਨਾ ਹੀ ਨਿਰਮਾਣ ਤੇ ਨਿੱਘਾ ਮਨੁੱਖ ਸੀ, ਜਿੰਨਾ ਸਾਹਿਤ ਰਚਨਾ ਦੇ ਖੇਤਰ ਵਿੱਚ ਮਹਾਨ। ਗੁਪਤ ਸੰਗਰਾਮ ਦੇ ਔਖੇ ਦਿਨਾਂ ਵਿੱਚ ਰਾਂਗਲੇ ਮਿੱਤਰ ਈਸ਼ਵਰ ਚਿੱਤਰਕਾਰ ਦੇ ਚੁਬਾਰੇ ਵਿੱਚ ਉਸ ਨਾਲ ਜਿਹੜਾ ਪਹਿਲਾ ਮੇਲ ਹੋਇਆ, ਉਸ ਨੂੰ ਨਾ ਉਸ ਨੇ ਵਿਸਾਰਿਆ ਨਾ ਲੋਕਤਾ ਦੇ ਪੱਖ ਵਿੱਚ ਖਲੋਣ ਵਾਲੇ ਉਸ ਦੇ ਮੇਰੇ ਵਰਗੇ ਕਦਰਦਾਨਾਂ ਨੇ। ਸਾਰੀ ਜ਼ਿੰਦਗੀ ਉਹ ਦੁੱਖਾਂ-ਭੁੱਖਾਂ ਨਾਲ ਲੜਦਾ ਰਿਹਾ, ਪਰ ਹਰ ਵੱਡੇ ਨਿੱਕੇ ਲਾਲਚ ਤੋਂ ਬੁਲੰਦ ਰਿਹਾ। ਇਸ ਸਮਾਗਮ ਵਿੱਚ ਉਸ ਦੀ ਦੇਣ ਨੂੰ ਵਡਿਆਉਣ ਵਾਲਿਆਂ ਨੇ ਮੇਰਾ ਲੂੰ-ਲੂੰ ਖਿੜਾ ਦਿੱਤਾ।

ਸਮਾਗਮ ਰਚਾਉਣ ਵਾਲਿਆਂ ਦੀ ਹਿੰਮਤ ਤੇ ਮਿਹਨਤ ਦੀ ਵੀ ਦਾਦ ਦੇਣੀ ਬਣਦੀ ਹੈ ਤੇ ਉਨ੍ਹਾਂ ਦੀ ਨਰੋਈ ਦਿੱਖ ਦੀ ਵੀ। ਇਸੇ ਸਦਕਾ ਪੰਜਾਬ ਦੇ ਕੋਨੇ ਕੋਨੇ ਤੋਂ ਉੱਘੇ ਸਾਹਿਤ ਕਰਮੀ ਓਥੇ ਪਹੁੰਚੇ।

ਇਹ ਯਾਦਗਾਰੀ ਸਮਾਗਮ ਜਥੇਬੰਦਕ ਲੇਖਕਾਂ ਦੀ ਸਮੁੱਚੀ ਲਹਿਰ ਨੂੰ ਨਵੀਆਂ ਪੁਲਾਂਘਾਂ ਪੁੱਟਣ ਦਾ ਪ੍ਰੇਰਕ ਹੋ ਨਿਬੜੇ, ਇਹੋ ਮੇਰੀ ਉਹ ਰੀਝ ਹੈ, ਜਿਸ ਨੂੰ ਅਮਲੀ ਜਾਮਾ ਪੁਆਉਣਾ ਕਿਸੇ ਤਰ੍ਹਾਂ ਵੀ ਔਖਾ ਨਹੀਂ ਭਾਸਦਾ।

•••

*ਤ੍ਰੈਮਾਸਿਕ 'ਪਵਚਨ' ਪਿਛਲੇ 19 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ। ਇਸ ਸਫ਼ਰ ਦੌਰਾਨ ਪਾਠਕਾਂ ਨੇ ਲਗਾਤਾਰ ਚੰਦਾ ਦੇ ਕੇ ਇਸ ਨੂੰ ਚਲਦਾ ਰੱਖਣ ਵਿਚ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**Rajnish Bahadur Singh**

Ac. no. 30568250112 IFSC SBIN0008301

STATE BANK OF INDIA,

Harbans Nagar Branch Jalandhar

# ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਸਾਹਿਤਕ ਚੇਤਨਾ

**-ਸੋਹਜ ਦੀਪ**

ਗੁਰਬਖਸ਼ ਸਿੰਘ ਪ੍ਰੀਤਲੜੀ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਦੇ ਅਜਿਹੇ ਵਾਰਤਕਕਾਰਾਂ ਵਿਚੋਂ ਇਕ ਹੈ, ਜਿਸ ਦੀਆਂ ਰਚਨਾਵਾਂ ਨਾਲ ਨਾ ਕੇਵਲ ਪੰਜਾਬੀ ਵਾਰਤਕ ਸਾਹਿਤਕ ਪਰੰਪਰਾ ਦਾ ਵਿਕਾਸ ਹੀ ਹੋਇਆ ਹੈ ਬਲਕਿ ਸਮੁੱਚੀ ਪੰਜਾਬੀ ਸਾਹਿਤਕ ਜਗਤ ਵਿਚ ਬਹੁਤ ਸਮਰੱਥਾਵਾਨ ਰਚਨਾਤਮਕ ਸਾਹਿਤ ਦੀ ਪ੍ਰਾਪਤੀ ਹੋਈ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਆਪਣੀ ਰਚਨਾਤਮਕ ਸਾਧਨਾ ੧੯੩੬ ਵਿਚ 'ਪ੍ਰੀਤ ਮਾਰਗ' ਨਾਲ ਆਰੰਭ ਕੀਤੀ। ਉਸ ਉਪਰੰਤ ਰੋਜ਼ਾਨਾ ਜ਼ਿੰਦਗੀ ਦੀ ਸਿੱਖਿਆ, ਫੈਸਲੇ ਦੀ ਘੜੀ, ਕੁਦਰਤੀ ਮਜ੍ਹਬ, ਸਾਂਵੀ ਪੱਧਰੀ ਜ਼ਿੰਦਗੀ, ਪਰਮ ਮਨੁੱਖ, ਮਨੋ ਸਖਸ਼ੀਅਤ, ਪ੍ਰਣ ਪੁਸਤਕ, ਮੇਰੀਆਂ ਅਭੁੱਲ ਯਾਦਾਂ, ਪ੍ਰਸੰਨ ਲੰਮੀ ਉਮਰ, ਇਕ ਦੁਨੀਆ ਦੇ ੧੩ ਸੁਫ਼ਨੇ, ਸਵੈ ਪੂਰਨਤਾ ਦੀ ਲਗਨ, ਖੁੱਲ੍ਹਾ ਦਰ, ਸਾਡੇ ਵਾਰਸ, ਚੰਗੇਰੀ ਦੁਨੀਆ, ਨਵਾਂ ਸ਼ਿਵਾਲਾ, ਜ਼ਿੰਦਗੀ ਦੇ ਸਕੂਲ ਚੋਂ, ਨਵੀ ਤਕੜੀ ਦੁਨੀਆ, ਭਖਦੀ ਜੀਵਨ ਚੰਗਿਆੜੀ, ਖੁਸ਼ਹਾਲ ਜੀਵਨ, ਰੀਝਾਂ ਦੀ ਖੱਡੀ ਤੇ ਹੋਰ ਲੇਖ, ਜ਼ਿੰਦਗੀ ਦੀ ਰਾਸ ਤੇ ਹੋਰ ਲੇਖ, ਜ਼ਿੰਦਗੀ ਦੀ ਕਵਿਤਾ, ਯੁੱਗਾਂ ਪੁਰਾਣੀ ਗੱਲ, ਜ਼ਿੰਦਗੀ ਦੀ ਡਾਟ, ਬੰਦੀ ਛੋੜ ਗੁਰੂ ਨਾਨਕ, ਸਰਵ ਪੱਖੀ ਨਾਨਕ, ਨਵੀਂ ਤਕਦੀਰਾਂ ਦੀ ਫੁੱਲ ਤਿਆਰੀ ਲਿਖਤਾਂ ਵਿਸ਼ੇਸ਼ ਤੌਰ 'ਤੇ ਵਰਣਨ ਯੋਗ ਹਨ। ਗੁਰਬਖਸ਼ ਸਿੰਘ ਪ੍ਰੀਤਲੜੀ  ਲਗਭਗ ੪੦ ਸਾਲ ਪੰਜਾਬੀ ਸਾਹਿਤ ਉਤੇ ਜਾਦੂ ਵਾਂਗ ਛਾਇਆ ਰਿਹਾ ਹੈ। ਉਸਨੇ ਪੰਜਾਬੀ ਪਾਠਕ ਵਰਗ ਦਾ ਧਿਆਨ ਆਕਰਸ਼ਿਤ ਕੀਤਾ ਅਤੇ ਆਪਣੇ ਵਿਚਾਰਾਂ ਦੇ ਤਲਿਸਮ ਵਿਚ ਸਮੁੱਚੀ ਪੰਜਾਬੀ ਸੰਵੇਦਨਾਂ ਨੂੰ ਵਹਾ ਕੇ ਲੈ ਗਿਆ।

ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਵਿਚਾਰਧਾਰਾ ਦਾ ਆਧਾਰ ਅਮਰੀਕੀ ਫਲਸਫਾ ਅਤੇ ਤਰਕਵਾਦ ਹੈ। ਉਸਨੇ ਇਨ੍ਹਾਂ ਆਧਾਰਾਂ ਉਤੇ ਨਵੇਂ ਪਿਆਰ ਦੇ ਸੰਕਲਪ ਨੂੰ ਉਜਾਗਰ ਕੀਤਾ ਹੈ। ਉਸ ਦੇ ਪ੍ਰਮੁੱਖ ਵਾਕ 'ਪਿਆਰ ਕਬਜ਼ਾ ਨਹੀਂ ਪਛਾਣ ਹੈ', ਵਿਚਲੀ ਚੇਤਨਾ ਉਸ ਵਲੋਂ ਰਚੇ ਗਏ ਨਿਬੰਧਾਂ ਦੇ ਆਸ-ਪਾਸ ਫੈਲੀ ਹੋਈ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਮੰਤਵ ਵਿਗਿਆਨਵਾਦ ਤੇ ਤਰਕਵਾਦ ਨਾਲ ਆਧੁਨਿਕ ਤੇ ਸ੍ਰੇਸ਼ਠ ਸਮਾਜ ਦੀ ਰਚਨਾ ਕਰਨਾ ਹੈ। ਉਸਦੇ ਇਹ ਵਿਚਾਰ ਲੌਕਿਕ ਸ਼ਕਤੀ ਜਨਮੁਕਤਾ ਸੰਸਾਰ ਪਿਆਰ, ਆਚਾਰ-ਵਿਹਾਰ, ਜੀਵਨ-ਮੰਤਵ, ਕੁਦਰਤੀ ਮਜ਼੍ਹਬ ਸਾਰੇ ਪ੍ਰਮੁੱਖ ਸਰੋਕਾਰਾਂ ਵਿਚ ਫੈਲੇ ਹੋਏ ਹਨ। ਜਿਸ ਸੰਬੰਧੀ ਵੇਰਵੇ ਦੇਣਾ ਉਚਿਤ ਹੈ।

**ਮਨੁੱਖੀ ਹੋਂਦ ਦਾ ਆਧਾਰ ਸਾਪੇਖਤਾ:** ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਆਪਣੀ ਨਿਬੰਧਕਾਰੀ ਵਿਚ ਇਹ ਸਥਾਪਿਤ ਕੀਤਾ ਹੈ ਕਿ ਜਿਸ ਤਰ੍ਹਾਂ ਬ੍ਰਹਿਮੰਡ ਦੀ ਕੋਈ ਵੀ ਵਸਤੂ ਜਾਂ ਪਦਾਰਥ ਸਥੂਲ ਨਹੀਂ ਹੈ, ਸਗੋਂ ਇਕ ਦੂਸਰੇ ਦੇ ਸਾਪੇਖਕ ਸੰਬੰਧਾਂ ਵਿਚ ਹੈ ਇਸ ਤਰੀਕੇ ਨਾਲ ਸਮਾਜ ਵਿਚ ਮਨੁੱਖੀ ਸੰਬੰਧ ਸਾਪੇਖਤਾ 'ਤੇ ਆਧਾਰਿਤ ਹੁੰਦੇ ਹਨ। ਇਹ ਸਿਧਾਂਤ ਕੇਵਲ ਮਨੁੱਖਾਂ ਦੇ ਉਪਰ ਹੀ ਲਾਗੂ ਨਹੀਂ ਹੁੰਦਾ ਸਗੋਂ ਵੱਡੇ-ਵੱਡੇ ਰਾਸ਼ਟਰਾਂ ਉਪਰ ਵੀ ਲਾਗੂ ਹੁੰਦਾ ਹੈ। ਕੋਈ ਵੀ ਇਕੱਲਾ ਨਹੀਂ ਰਹਿ ਸਕਦਾ। ਨਿਬੰਧ ਵਿਚ ਸੰਸਾਰ ਦੇ ਵੱਖ-ਵੱਖ ਰਾਸ਼ਟਰਾਂ ਦੀ

---

*✪ ਪੰਜਾਬੀ ਵਿਭਾਗ, ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ*

ਆਰਥਿਕ ਅਤੇ ਰਾਜਨੀਤਕ ਸਾਪੇਖਤਾ ਦਾ ਮੁੱਦਾ ਉਠਾਇਆ ਹੈ। ਨਿਬੰਧਕਾਰ ਦੇ ਅਨੁਸਾਰ ਭਾਰਤ ਆਪਣੇ ਭਵਿੱਖ ਨੂੰ ਬਾਕੀ ਸੰਸਾਰ ਤੋਂ ਵੱਖ ਰਹਿ ਕੇ ਨਹੀਂ ਸਿਰਜ ਸਕਦਾ। ਇਸ ਲਈ ਹਰ ਭਾਰਤ ਵਾਸੀ ਦੀ ਚਿੰਤਨ ਅਤੇ ਚੇਤਨਾ ਵਿਅਕਤੀਗਤ ਸੁਆਰਥ ਅਤੇ ਨਿੱਕੇ-ਨਿੱਕੇ ਮੁੱਦਿਆਂ ਦੀ ਥਾਂ 'ਤੇ ਸੰਸਾਰ ਦੇ ਪ੍ਰਸੰਗ ਵਿਚ ਹੋਣਾ ਚਾਹੀਦਾ ਹੈ। ਇਹ ਸਾਪੇਖਤਾ ਦਾ ਮਸਲਾ ਉਦੋਂ ਵਧੇਰੇ ਚਰਚਾ ਵਿਚ ਆਇਆ, ਜਦੋਂ ਪਹਿਲਾ ਅਤੇ ਦੂਸਰਾ ਵਿਸ਼ਵ ਯੁੱਧ ਹੋਂਦ ਵਿਚ ਆਏ ਕਿਸੇ ਰਾਸ਼ਟਰ ਦੀ ਤਰੱਕੀ ਲਈ ਇਕ ਵਿਸ਼ੇਸ਼ ਪ੍ਰਕਾਰ ਦਾ ਸੰਜਮ ਚਾਹੀਦਾ ਹੈ। ਇਸ ਪ੍ਰਸੰਗ ਵਿਚ ਰਾਸ਼ਟਰੀ ਉੱਨਤੀ ਲਈ ਨਿਬੰਧਕਾਰ ਨੇ ਸਮਾਜਿਕ ਰਾਸ਼ਟਰਤਾ ਨੂੰ ਵੀ ਮਹੱਤਵਸ਼ਾਲੀ ਸਵੀਕਾਰ ਕੀਤਾ ਹੈ।

**ਮਨੁੱਖੀ ਵਿਕਾਸ ਦਾ ਆਧਾਰ ਸ਼ਾਂਤਮਈ ਸਮਾਜ** : ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਨਿਬੰਧਕਾਰੀ ਇਕ ਹੋਰ ਪ੍ਰਮੁੱਖ ਸਰੋਕਾਰ ਮਾਨਵੀ ਸਮਾਜੀ ਅਤੇ ਸੱਭਿਆਚਾਰ ਦੇ ਵਿਕਾਸ ਲਈ ਜੰਗ ਰਹਿਤ ਦੁਨੀਆ ਦੀ ਕਲਪਨਾ ਹੈ। ਭਾਵੇਂ ਜੰਗ ਰਹਿਤ ਸਮਾਜਾਂ ਦਾ ਹੋਣਾ ਇਕ ਆਦਰਸ਼ ਤੇ ਸੁਪਨਾ ਹੈ ਪਰ ਫਿਰ ਵੀ ਵਾਸਤਵਿਕਤਾ ਵਿਚ ਜੰਗ ਰਹਿਤ ਸਮਾਜ ਅਤੇ ਰਾਸ਼ਟਰ ਵੇਖਣ ਨੂੰ ਨਹੀਂ ਮਿਲਦੇ। ਭਾਵੇਂ ਸੰਸਾਰ ਦੇ ਬਹੁਤੇ ਧਰਮ ਸਾਰੀ ਦੁਨੀਆ ਨੂੰ ਇਕੋ ਜਿਹਾ ਹੀ ਮੰਨਦੇ ਹਨ ਪਰ ਫਿਰ ਵੀ ਸੰਸਾਰ ਦੀਆਂ ਬਹੁਤੀਆਂ ਲੜਾਈਆਂ ਧਰਮ ਹੇਠ ਹੀ ਹੋਈਆਂ ਹਨ। ਨਿਬੰਧਕਾਰ ਦੇ ਅਨੁਸਾਰ ਮਨੁੱਖ ਜਾਤੀ ਦਾ ਇਤਿਹਾਸਕ ਵਿਕਾਸ ਵੀ ਲੜਾਈਆਂ ਤੇ ਜੰਗਾਂ ਯੁੱਧਾਂ ਵਿਚ ਹੋਇਆ। ਅੱਜ ਦੇ ਯੁੱਗ ਵਿਚ ਜੋ ਵੀ ਸਮਾਜਕ ਅਤੇ ਰਾਜਨੀਤਕ ਵਿਵਸਥਾ ਦੇਖਣ ਨੂੰ ਮਿਲਦੀ ਹੈ, ਉਹ ਮਨੁੱਖ ਜਾਤੀ ਦਾ ਇਕ ਆਦਰਸ਼ ਹੈ। ਨਿਬੰਧਕਾਰ ਦਾ ਇਹ ਵਿਸ਼ਵਾਸ਼ ਹੈ ਕਿ ਬਾਵਜੂਦ ਸਭਿਆਚਾਰਕ ਭਾਸ਼ਾਈ ਭਲਾਈ ਤੇ ਧਾਰਮਿਕ ਵਿੰਭਿਨਤਾ ਦੇ ਜਿਸ ਤਰ੍ਹਾਂ ਅਸੀਂ ਆਪਣੇ ਸਮਾਜ ਵਿਚ ਪ੍ਰਾਂਤਕ ਇਕਸੁਰਤਾ ਪੈਦਾ ਕਰ ਲਈ ਹੈ ਉਸੇ ਪ੍ਰਕਾਰ ਸੰਸਾਰ ਦੇ ਸਾਰੇ ਰਾਸ਼ਟਰਾਂ ਵਿਚ ਇਕਸੁਰਤਾ ਵੀ ਹੋ ਸਕਦੀ ਹੈ। ਕੌਮਾਂਤਰੀ ਲੀਗ ਮਨੁੱਖ ਦੁਆਰਾ ਕੀਤਾ ਅਜਿਹਾ ਯਤਨ ਹੀ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਅਨੁਸਾਰ ਕੁਝ ਅਜਿਹੇ ਕਾਰਣ ਹਨ ਜਿਨ੍ਹਾਂ ਨੂੰ ਨਜੀਠਿਆ ਇਹ ਸੁਪਨਾ ਸਾਕਾਰ ਹੋ ਸਕਦਾ ਹੈ। ਥੋੜੀਆਂ ਅਬਾਦੀਆਂ ਵਾਲੇ ਦੇਸਾਂ ਕੋਲੇ ਵੱਡੀਆਂ ਧਰਤੀਆਂ ਦਾ ਹੋਣਾ ਤੇ ਵੱਡੀਆਂ ਅਬਾਦੀਆਂ ਕੋਲੇ ਛੋਟੀ ਧਰਤੀਆਂ ਦਾ ਲੋੜੀਂਦਾ ਅਨੁਚਿਤ ਵੰਡ, ਲੜਾਕਾ ਸਾਹਿਤ, ਝੂਠਾ ਇਤਿਹਾਸ, ਮਜ਼੍ਹਬੀ ਜਨੂੰਨ, ਨਸਲੀ ਵਿਤਕਰੇ ਅਤੇ ਗਰੀਬੀ, ਪ੍ਰੰਤੂ ਵਿਗਿਆਨ ਦਾ ਫਲਸਫਾ ਇਹਨਾਂ ਅੰਤਰਾਂ ਨੂੰ ਹੌਲੇ ਹੌਲੇ ਮਿਟਾਉਣ ਦੇ ਰਾਹ 'ਤੇ ਹੈ। ਨਿਬੰਧਕਾਰ ਦੇ ਅਨੁਸਾਰ ਆਉਣ ਵਾਲੇ ਸਮਿਆਂ ਵਿਚ ਵਿਦਿਆ ਅਤੇ ਸੁਤੰਤਰਤਾ ਆਉਣ ਵਾਲੇ ਕਿਸੇ ਰਾਸ਼ਟਰ ਦੀ ਅਮੀਰੀ ਹੋਵੇਗੀ। ਇਸ ਲਈ ਸੱਭਿਅਕ ਸਮਾਜਾਂ ਵਿਚ ਹਿੰਸਾ ਭਰੇ ਮਨ ਕਇਮ ਨਹੀਂ ਰਹਿ ਸਕਦੇ। ਜੇ ਕੋਈ ਸੱਭਿਅਕ ਸਮਾਜ ਇਥੇ ਤਕ ਪਹੁੰਚ ਸਕਦਾ ਹੈ ਤਾਂ ਸੱਭਿਅਕ ਦੇਸ਼ ਵੀ ਇਸ ਅਵਸਥਾ ਦੀ ਪ੍ਰਾਪਤੀ ਕਰ ਸਕਦਾ ਹੈ। ਨਿਬੰਧਕਾਰ ਦੇ ਅਨੁਸਾਰ ਭਾਰਤ ਦਾ ਆਪਣਾ ਪ੍ਰਾਚੀਨ ਇਤਿਹਾਸ ਜੰਗਾਂ ਨਾਲ ਭਰਪੂਰ ਨਹੀਂ। ਗੁਰਬਖਸ਼ ਸਿੰਘ ਪ੍ਰੀਤਲੜੀ ਜੰਗ ਰਹਿਤ ਦੁਨੀਆ ਦਾ ਸਾਹਿਤ ਸਾਹਮਣੇ ਰੱਖ ਕੇ ਮਨੁੱਖੀ ਸਮਾਜਾਂ ਦੇ ਮਜ਼੍ਹਬੀ ਝਗੜੇ ਅਤੇ ਮਜ਼੍ਹਬੀ ਅਭਿਮਾਨਾਂ ਨੂੰ ਦੂਰ ਕਰਨਾ ਚਾਹੁੰਦਾ ਹੈ।

**ਮਨੁੱਖੀ ਸਮਰੱਥਾ ਦਾ ਆਧਾਰ ਅਲੌਕਿਕ ਸ਼ਕਤੀ** : ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਮਨੁੱਖ ਦੀ ਸੰਭਾਵਨਾ ਅਤੇ ਸਮਰੱਥਾ ਦਾ ਆਧਾਰ ਅਸੀਮਤ ਅਲੌਕਿਕ ਸ਼ਕਤੀ ਨੂੰ ਸਵੀਕਾਰ

ਕੀਤਾ ਹੈ। ਇਸ ਸੰਬੰਧ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ ਪਰਮਾਤਮਾ ਦੀ ਅਸੀਮ ਸ਼ਕਤੀ ਦੇ ਮੁਕਾਬਲੇ ਕਿਸੇ ਲੌਕਿਕ ਸ਼ਕਤੀ ਦੇ ਪ੍ਰੇਮ ਨੂੰ ਕੇਂਦਰ ਸਵੀਕਾਰ ਕਰਦੇ ਹਨ। ਜਿਸ ਕਾਰਨ ਮਨੁੱਖ ਦੀਆਂ ਸਾਰੀਆਂ ਪ੍ਰਾਪਤੀਆਂ ਅਤੇ ਵਿਕਾਸ ਪੈਦਾ ਹੁੰਦੇ ਹਨ। ਇਸ ਲੌਕਿਕ ਸ਼ਕਤੀ ਦਾ ਸਦੀਵੀ ਸਾਗਰ ਉਹ ਸਮੁੱਚੇ ਬ੍ਰਹਿਮੰਡ ਨੂੰ ਮੰਨਦੇ ਹਨ। ਨਿਬੰਧਕਾਰ ਦੇ ਸ਼ਬਦਾਂ ਵਿਚ ਹਰੇਕ ਜੀਵ ਮਨੁੱਖ ਜਾਂ ਮਾਦੇ ਦਾ ਨਿੱਕਾ ਟੁਕੜਾ ਹੈ। ਸਦੀਵੀ ਸਾਗਰ ਦੀ ਸ਼ਕਤੀ ਹੈ। ਇਸ ਟੁਕੜੇ ਵਿਚ ਉਸ ਸ਼ਕਤੀ ਦੀ ਨਿੱਕੀ ਜਾਂ ਮੋਟੀ ਲਹਿਰ ਹੈ ਤੇ ਇਹ ਸਾਹਿਤ ਸਾਗਰ ਦਾ ਜੀਵਨ ਸਮੁੱਚ ਅਤੇ ਨਿੱਘ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਅਨੁਸਾਰ ਜਿੰਨੀ ਵੀ ਮਨੁੱਖੀ ਜਾਂ ਪ੍ਰਕ੍ਰਿਤਕ ਭਿੰਨਤਾ ਹੈ, ਉਹ ਸਤਹੀ ਪ੍ਰਕ੍ਰਿਤੀ ਵਾਲੀ ਹੈ। ਉਸ ਦੇ ਪਿਛੇ ਇਕ ਸਰਵ ਸਾਂਝੀ ਸ਼ਕਤੀ ਹੈ। ਜਦੋਂ ਮਨੁੱਖ ਉਸ ਸ਼ਕਤੀ ਨੂੰ ਸਮਝ ਜਾਂਦਾ ਹੈ ਤਾਂ ਦ੍ਰਿਸ਼ਟਮਾਨ ਵਿਭਿੰਨਤਾ ਦਾ ਮਹੱਤਵ ਸਮਾਪਤ ਹੋ ਜਾਂਦਾ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਅਨੁਸਾਰ ਸਾਰੇ ਬ੍ਰਹਿਮੰਡ ਵਿਚ ਇਕੋ ਹੀ ਰੂਹ ਹੈ। ਕੋਈ ਕਿਸੇ ਦੀ ਕਿਰਤ ਨਹੀਂ ਸਿਰਫ਼ ਇਕੋ ਹੀ ਹਸਤੀ ਹੈ ਤੇ ਮਨੁੱਖ ਦੀ ਸਫ਼ਲਤਾ ਉਸ ਸ਼ਕਤੀ ਨਾਲ ਨਿਕਟਵਰਤੀ ਸੰਬੰਧ ਰੱਖਣ ਵਿਚ ਹੈ। ਨਿਬੰਧਕਾਰ ਦੇ ਅਨੁਸਾਰ ਮਨੁੱਖੀ ਪ੍ਰਾਰਥਨਾ ਵੀ ਉਸ ਆਧਾਰ ਸ਼ਕਤੀ ਵਿਚੋਂ ਵਧੇਰੇ ਭਾਵ ਨੂੰ ਆਪਣੇ ਅੰਦਰ ਖਿੱਚਣ ਦੀ ਭਾਵਨਾ ਵਿਚੋਂ ਪੈਦਾ ਹੋਈ ਹੈ। ਇਸ ਬ੍ਰਹਿਮੰਡ ਸ਼ਕਤੀ ਦੀ ਪ੍ਰਾਪਤੀ ਅਸਲ ਵਿਚ ਮਨੁੱਖ ਦਾ ਵਾਸਤਵਿਕ ਗਿਆਨ ਹੈ।

ਗੁਰਬਖਸ਼ ਸਿੰਘ ਪ੍ਰੀਤਲੜੀ ਅਨੁਸਾਰ ਚੰਗੇ ਪੁਰਖ ਅਤੇ ਮਹਾਪੁਰਖਾਂ ਵਿਚ ਭਿੰਨਤਾ : ਗੁਰਬਖਸ਼ ਸਿੰਘ ਪ੍ਰੀਤਲੜੀ ਮਹਾਪੁਰਖਾਂ ਦੀ ਪਰਿਭਾਸ਼ਾ ਅਤੇ ਪ੍ਰਕ੍ਰਿਤੀ ਉਸ ਪ੍ਰਸੰਗ ਵਿਚ ਨਿਸ਼ਚਿਤ ਨਹੀਂ ਕਰਦੇ ਜਿਸ ਪ੍ਰਸੰਗ ਵਿਚ ਧਾਰਮਿਕ ਵਿਆਖਿਆਕਾਰ ਕਰਦੇ ਹਨ। ਗੁਰਬਖਸ਼ ਸਿੰਘ ਪ੍ਰੀਤਲੜੀ ਮਹਾਪੁਰਖ ਉਨ੍ਹਾਂ ਨੂੰ ਸਵੀਕਾਰ ਕਰਸੇ ਹਨ ਜਿਨ੍ਹਾਂ ਨੇ ਅਣਜਾਣੇ ਰਾਹਾਂ ਨੂੰ ਖੋਜਿਆ ਹੈ। ਧਰਤੀ ਅਤੇ ਸਮੁੰਦਰ ਦੀ ਡੂੰਘਾਈ ਨੂੰ ਫੋਲਿਆ ਹੈ। ਅਣਗਿਣਤ ਅਜੂਬੇ ਪੈਦਾ ਕੀਤੇ ਹਨ ਅਤੇ ਦਲੀਲਾਂ ਦੀ ਅਵਾਜ਼ ਨੂੰ ਉੱਚਾ ਕੀਤਾ ਹੈ। ਨਿਬੰਧਕਾਰ ਦੇ ਅਨੁਸਾਰ ਮਹਾਪੁਰਖ ਉਹ ਹਨ ਜਿਨ੍ਹਾਂ ਨੇ ਮਨੁੱਖੀ ਜਾਤੀ ਦੀ ਬਹਿਤਰੀ ਲਈ ਅਣਥੱਕ ਯਤਨ ਕੀਤੇ ਹਨ। ਇਸ ਦੇ ਮੁਕਾਬਲੇ ਚੰਗਾ ਪੁਰਖ ਉਹ ਹੈ ਜਿਹੜਾ ਨੇਕ ਕਮਾਈ ਨਾਲ ਬਿਨ੍ਹਾਂ ਕਿਸੇ ਦੂਸਰੇ ਨੂੰ ਦੁੱਖ ਦਿਤਿਆਂ ਆਪਣੇ ਆਪ ਨੂੰ ਪ੍ਰਸੰਨ ਰੱਖ ਲੈਂਦਾ ਹੈ। ਇਸ ਦੇ ਉਲਟ ਮਹਾਪੁਰਖ ਦੂਸਰਿਆਂ ਦੀ ਖੁਸ਼ੀ ਵਿਚ ਆਪਣੀ ਖੁਸ਼ੀ ਦੇਖਦਾ ਹੈ। ਉਸ ਦਾ ਜੀਵਨ ਦੂਸਰਿਆਂ ਨੂੰ ਸੁੱਖ ਦੇਣ ਅਤੇ ਔਕੜਾਂ ਨੂੰ ਦੂਰ ਕਰਨ ਵਿਚ ਬੀਤਦਾ ਹੈ। ਉਸ ਵਿਚ ਇੱਜ਼ਤ, ਧਨ ਅਤੇ ਸੌਖੀ ਜ਼ਿੰਦਗੀ ਦੀ ਬਿਲਕੁਲ ਇੱਛਾ ਨਹੀਂ ਹੁੰਦੀ। ਨਿਬੰਧਕਾਰ ਅਨੁਸਾਰ ਮਹਾਪੁਰਖਾਂ ਦੀ ਹਰ ਥਾਂ ਕਦਰ ਹੁੰਦੀ ਹੈ। ਇਸ ਅੰਤਰ ਨੂੰ ਪੁਨਰ ਪ੍ਰਸਤੁਤ ਕਰਨ ਦਾ ਮੰਤਵ ਹੈ ਕਿ ਸਾਡੇ ਸਮਾਜ ਵਿਚ ਮਹਾਪੁਰਖਾਂ ਦੀ ਕਦਰ ਦੀ ਥਾਂ ਸਖਸ਼ੀਅਤ ਪ੍ਰਸਤੀ ਵੱਧ ਗਈ ਹੈ। ਮਹਾਂਪੁਰਖ ਦੂਸਰੇ ਲੋਕਾਂ ਨੂੰ ਵੀ ਮਹਾਂਪੁਰਖ ਬਣਾਉਂਦੇ ਹਨ। ਆਪਣੇ ਵਿਚ ਪ੍ਰੇਮ, ਹਮਦਰਦੀ, ਗਿਆਨ, ਵਿਗਿਆਨ, ਸੰਗੀਤ, ਦਲੇਰੀ ਅਤੇ ਬਹਾਦਰੀ ਦੂਸਰਿਆਂ ਵਿਚ ਸੰਚਾਰਿਤ ਕਰਦੇ ਹਨ। ਮਹਾਂਪੁਰਖ ਦਾਤਾਂ ਵੰਡਦੇ ਹਨ, ਮੰਗਦੇ ਨਹੀਂ। ਇਸ ਨੂੰ ਗੁਰਬਖਸ਼ ਸਿੰਘ ਪ੍ਰੀਤਲੜੀ ਇਕ ਕੁਦਰਤੀ ਮਜ਼੍ਹਬ ਦੇ ਪਰਿਪੇਖ ਵਿਚ ਦੇਖਦਾ ਹੈ। ਕੁਦਰਤੀ ਮਜ਼੍ਹਬ ਕਿਸੇ ਦੈਵੀ ਸ਼ਕਤੀ ਵਿਚੋਂ ਮਨੁੱਖ ਦੇ ਅੰਦਰਲੇ ਗੁਣਾਂ ਵਿਚੋਂ ਉਸਰਦਾ ਹੈ।

**ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਮਜ਼੍ਹਬੀ ਚੇਤਨਤਾ ਦਾ ਆਧਾਰ ਪ੍ਰਕ੍ਰਿਤਕ ਮਾਡਲ :** ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਆਪਣੀ ਨਿਬੰਧਕਾਰੀ ਵਿਚ ਮਜ਼੍ਹਬ ਪ੍ਰਤੀ ਚੇਤੰਨਤਾ ਮੱਧਕਾਲੀ

ਗਿਆਨ ਵਿਚੋਂ ਪ੍ਰਾਪਤ ਨਹੀਂ ਕਰਦੇ ਸਗੋਂ ਉਸ ਸਥਾਨ ਅਤੇ ਪ੍ਰਾਕ੍ਰਿਤਕ ਮਾਡਲ ਨੂੰ ਵਧੇਰੇ ਪ੍ਰਾਰਥਮਿਕਤਾ ਦਿੰਦੇ ਹਨ। ਇਸ ਪ੍ਰਰਥਮਿਕਤਾ ਨੂੰ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਸਾਹਿਤਕ ਚੇਤੰਨਤਾ ਮਨੁੱਖ ਨੂੰ ਅਸਵੀਕਾਰ ਨਹੀਂ ਕਰਦੀ, ਸਗੋਂ ਮਨੁੱਖ ਨੂੰ ਅਤੇ ਉਸ ਦੀ ਇੱਛਾ ਸ਼ਕਤੀ ਨੂੰ ਸਵੀਕਾਰ ਕਰਨ ਦੇ ਨਾਲ ਨਾਲ ਬ੍ਰਹਿਮੰਡ ਦੀ ਆਧਾਰ ਸ਼ਕਤੀ ਦਾ ਵਿਸਤਾਰ ਮਨੁੱਖੀ ਸ਼ਕਤੀ ਵਿਚ ਦੇਖਦੀ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਵਿਚਾਰਧਾਰਾ ਕਰਮਕਾਂਡੀ ਧਰਮ ਦੇ ਵਿਰੁੱਧ ਹੈ। ਬ੍ਰਹਿਮੰਡ ਦਾ ਕਾਨੂੰਨ ਸਦੀਵੀ ਹੈ ਅਤੇ ਉਸ ਵਿਚ ਇਕ ਵਿਸ਼ੇਸ਼ ਪ੍ਰਕਾਰ ਦੀ ਅਲੌਕਿਕ ਸ਼ਕਤੀ ਹੈ। ਜਿਸ ਦੀ ਪਹੁੰਚ ਮਨੁੱਖ ਕੋਲ ਕਦੇ ਵੀ ਨਹੀਂ ਹੋ ਸਕਦੀ। ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਇਹ ਵਿਚਾਰ ਬੇਸ਼ੱਕ ਫਿਰਕੂਵਾਦ ਨੂੰ ਪ੍ਰਭਾਵਿਤ ਨਹੀਂ ਕਰਦੇ, ਪ੍ਰੰਤੂ ਵਾਸਤਵਿਕਤਾ ਇਹੋ ਹੈ ਕਿ ਜੀਵਨ ਵਿਚ ਬ੍ਰਹਿਮੰਡ ਦੀ ਆਧਾਰ ਸ਼ਕਤੀ ਨੂੰ ਸਵੀਕਾਰ ਕਰਨਾ ਜਿਨ੍ਹਾਂ ਲੋਕਾਂ ਨੇ ਮਜ਼੍ਹਬ ਨੂੰ ਪਹਿਲ ਦਿੱਤੀ ਹੈ ਉਨ੍ਹਾਂ ਦੇ ਖਿਆਲ ਸੌੜੇ ਹਨ। ਇਹ ਮਜ਼੍ਹਬ ਮਨੁੱਖੀ ਸਭਿਆਚਾਰ ਨੂੰ ਅੱਗੇ ਨਹੀਂ ਲਹਾ ਸਕਦਾ। ਆਧੁਨਿਕ ਜੀਵਨ ਵਿਚ ਮਨੁੱਖੀ ਰਿਸ਼ਤਿਆਂ ਦੀ ਟੁੱਟ ਭੱਜ ਵਿਚ ਵਾਧਾ ਹੋਇਆ ਹੈ। ਮਜ਼੍ਹਬ ਵਿਕਾਸ ਦਾ ਸਰੋਤ ਬਣਨ ਦੀ ਥਾਂ ਤੇ ਇਕ ਭੈਅਦਾ ਪ੍ਰਤੀਕ ਬਣਦਾ ਜਾ ਰਿਹਾ ਹੈ। ਮਨੁੱਖ ਵਿਰੋਧੀ ਕਰਮਕਾਂਡ ਦਾ ਵਿਰੋਧ ਮਨੁੱਖੀ ਸਭਿਅਤਾ ਨੂੰ ਅੱਗੇ ਲਿਜਾਉਣ ਵਾਲੀ ਚੇਤੰਨਤਾ ਹੈ। ਜਿੰਨੇ ਵੀ ਸੰਸਾਰ ਵਿਚ ਮਜ਼੍ਹਬ ਹਨ ਉਹਨਾਂ ਦਾ ਆਧਾਰ ਕੁਦਰਤੀ ਮਜ਼੍ਹਬ ਹੈ। ਇਸ ਮਜ਼੍ਹਬ ਵਿਚ ਤਰਤੀਬ ਹੈ, ਇਕੱਲਤਾ ਹੈ, ਅਪਹੁੰਚ ਸਿਆਣਪ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਮਜ਼੍ਹਬ ਸੰਬੰਧੀ ਬੜੇ ਗ਼ੈਰ-ਪਰੰਪਰਾਗਤ ਵਿਚਾਰ ਰੱਖਦਾ ਹੈ। ਕੋਈ ਵੀ ਮਜ਼੍ਹਬ ਪ੍ਰੀਤਲੜੀ ਅਨੁਸਾਰ ਰੱਬੀ ਨਹੀਂ ਅਤੇ ਮਨੁੱਖੀ ਲੋੜਾਂ ਵਿਚੋਂ ਉਪਜੇ ਹਨ। ਬ੍ਰਹਿਮੰਡ ਦੀਆਂ ਬਹੁਤ ਸਾਰੀਆਂ ਵਸਤਾਂ ਬਾਰੇ ਜੋ ਕੁਝ ਇਹਨਾਂ ਇਲਹਾਮੀ ਪੁਸਤਕਾਂ ਵਿਚ ਦਿੱਤਾ ਗਿਆ ਸੀ, ਉਹ ਸਭ ਕੁਝ ਅਣਉਚਿਤ ਸਿੱਧ ਹੋਇਆ। ਗੁਰਬਖਸ਼ ਸਿੰਘ ਪ੍ਰੀਤਲੜੀ ਅਨੁਸਾਰ ਅੱਜ ਦੇ ਮਨੁੱਖ ਦੀਆਂ ਵੀ ਅਨੇਕ ਲੋੜਾਂ ਹਨ ਅਤੇ ਉਹਨਾਂ ਦਾ ਸਮਾਧਾਨ ਕੁਦਰਤੀ ਮਜ਼੍ਹਬ ਨਾਲ ਇਕਸੁਰਤਾ ਵਿਚੋਂ ਹੀ ਹੋ ਸਕਦਾ ਹੈ। ਇਸ ਕੁਦਰਤੀ ਮਜ਼੍ਹਬ ਨੂੰ ਜਾਣਨ ਦੇ ਸਾਧਨ ਵੀ ਪ੍ਰੀਤਲੜੀ ਨੇ ਦਰਸਾਇਆ ਹੈ। ਇਸ ਸ਼ਕਤੀ ਨੂੰ ਚਿੰਤਨ ਨਾਲ ਜਾਣਿਆ ਜਾ ਸਕਦਾ ਹੈ ਨਾ ਕਿ ਕਿਸੇ ਕਰਮਕਾਂਡ ਦੇ ਨਾਲ। ਇਸ ਤਰ੍ਹਾਂ ਨਿਬੰਧਕਾਰ ਮਜ਼੍ਹਬ ਦਾ ਅਸਲ ਅਰਥ ਬ੍ਰਹਿਮੰਡ ਦੀ ਆਧਾਰ ਸ਼ਕਤੀ ਅਤੇ ਇਖਲਾਕੀ ਕਦਰਾਂ-ਕੀਮਤਾਂ ਨੂੰ ਮੰਨਦੇ ਹਨ।

**ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਧਰਮ ਸੰਬੰਧੀ ਉਦਾਰ ਦ੍ਰਿਸ਼ਟੀਕੋਣ** : ਪ੍ਰੀਤਲੜੀ ਦਾ ਜ਼ਿੰਦਗੀ ਦੇ ਪ੍ਰਤੀ ਬਹੁਤ ਹੀ ਸਰਲ ਅਤੇ ਸਪਸ਼ਟ ਦ੍ਰਿਸ਼ਟੀਕੋਣ ਹੈ। ਉਸ ਦੇ ਅਨੁਸਾਰ ਮਨੁੱਖੀ ਜ਼ਿੰਦਗੀ ਵਾਸਤਵਿਕਤਾ ਵਿਚ ਇੰਨੀ ਮੁਸ਼ਕਿਲ ਨਹੀਂ ਸੀ ਜਿੰਨੀ ਮਨੁੱਖ ਨੇ ਖੁਦ ਬਣਾ ਲਈ ਹੈ। ਮਨੁੱਖ ਨੇ ਆਪਣੀਆਂ ਸਮੱਸਿਆਵਾਂ ਤੋਂ ਮੁਕਤੀ ਲਈ ਇਕ ਐਸੀ ਸ਼ਕਤੀ ਨੂੰ ਆਪਣਾ ਇਸ਼ਟ ਬਣਾ ਲਿਆ ਜਿਸ ਨਾਲ ਮਨੁੱਖ ਝੂਠੀਆਂ ਕਦਰਾਂ ਕੀਮਤਾਂ ਤੋਂ ਮੁਕਤੀ ਦਾ ਉਪਰਾਲਾ ਹੋ ਸਕਦਾ ਸੀ। ਗੁਰਬਖਸ਼ ਸਿੰਘ ਪ੍ਰੀਤਲੜੀ ਧਰਮ ਨੂੰ ਕਿਸੇ ਵਪਾਰ ਦੀ ਥਾਂ ਇਕ ਐਸੇ ਪ੍ਰਤੀਮਾਨ ਵਜੋਂ ਦੇਖਦਾ ਹੈ ਜਿਸ ਦੇ ਚਲਦੇ ਜੀਵਨ ਉਚਿਤ ਅਤੇ ਮਾਨਵੀ ਕਦਰਾਂ ਕੀਮਤਾਂ ਨਾਲ ਸੰਬੰਧਿਤ ਹੋ ਜਾਂਦਾ ਹੈ। ਧਰਮ ਦੇ ਅੰਦਰ ਆਧੁਨਿਕ ਜੀਵਨ ਵਿਚ ਆਏ ਅਨਾਚਾਰ ਦਾ ਨਿਖੇਧ ਕਰਦਿਆਂ ਹੋਇਆਂ ਉਹ ਧਰਮ ਦੇ ਮਾਨਵੀ ਸਰੋਕਾਰਾਂ ਨੂੰ ਉਜਾਗਰ ਕਰਦਾ ਹੈ।

**ਗੁਰਬਖਸ਼ ਸਿੰਘ ਪ੍ਰੀਤਲੜੀ ਅਨੁਸਾਰ ਮਨੁੱਖੀ ਸਖਸ਼ੀਅਤ ਦਾ ਅਵਚੇਤਨ** : ਗੁਰਬਖਸ਼

ਸਿੰਘ ਪ੍ਰੀਤਲੜੀ ਨੇ ਮਨੁੱਖੀ ਸਖਸ਼ੀਅਤ ਦੇ ਅਵਚੇਤਨ ਸੰਬੰਧੀ ਦੋ ਨਿਬੰਧ 'ਮੇਰਾ ਮਨੋਰਥ' ਅਤੇ 'ਪਿਆਰ' ਦੀ ਰਚਨਾ ਕੀਤੀ ਹੈ ਜੋ ਉਸ ਦੀ ਪੁਸਤਕ 'ਸਾਵੀਂ ਪੱਧਰੀ ਜ਼ਿੰਦਗੀ' ਵਿਚ ਅੰਕਿਤ ਹਨ। ਇਹਨ੍ਹਾਂ ਨਿਬੰਧਾਂ ਵਿਚ ਨਿਬੰਧਕਾਰ ਦਾ ਮੰਤਵ ਮਨੁੱਖੀ ਸਖਸ਼ੀਅਤ ਦੇ ਅੰਦਰ ਪੈਦਾ ਹੁੰਦੀਆਂ ਰੁਚੀਆਂ ਤੇ ਉਹਨ੍ਹਾਂ ਵਿਚੋਂ ਉਤਪੰਨ ਮਨੋਰਥ ਅਤੇ ਅੰਤਰ ਮਨੁੱਖੀ ਵਿਵਹਾਰ ਦੇ ਅਵਚੇਤਨ ਨੂੰ ਲੱਭਣਾ ਹੈ। ਮਨੋਰਥ ਦੇ ਸੰਕਲਪ ਨੂੰ ਵਿਸਥਾਰਦਿਆਂ ਪ੍ਰੀਤਲੜੀ ਇਸ ਨੂੰ ਮਨ ਦੀ ਇਕ ਡੂੰਘੀ ਸੰਘਿਆ ਦਿੰਦਾ ਹੈ। ਜਿਹੜੀ ਮਨ ਅਤੇ ਸਰੀਰ ਦੀਆਂ ਸਾਰੀਆਂ ਕ੍ਰਿਆਵਾਂ ਨੂੰ ਸੰਚਾਲਿਤ ਕਰਦੀ ਹੈ ਅਤੇ ਜੀਵਨ ਦਾ ਮੂਲ ਸਰੋਤ ਹੈ। ਮਨੁੱਖ ਦੀ ਇਸ ਮਨੋਰਥ ਭਾਵਨਾ ਨਾਲ ਵੀ ਇਤਿਹਾਸ ਸਥਾਪਨਾ ਹੋਈ ਹੈ। ਮਨੁੱਖ ਦਾ ਸਮੁੱਚਾ ਅਮਲ ਮਨੋਰਥ ਦੀ ਜਾਦੂਗਰੀ ਹੈ। ਵੀਹਵੀਂ ਸਦੀ ਵਿਚ ਨਿਬੰਧਕਾਰ ਦੇ ਅਨੁਸਾਰ ਵਿਚਾਰਾਂ ਤੇ ਖਿਆਲਾਂ ਦੀ ਦੁਨੀਆ ਨੂੰ ਇਕ ਮੰਨਿਆ ਜਾਂਦਾ ਹੈ ਪ੍ਰੰਤੂ ਪ੍ਰੀਤਲੜੀ ਅਨੁਸਾਰ ਇਨ੍ਹਾਂ ਖਿਆਲਾਂ ਦੇ ਪਿਛੋਕੜ ਵਿਚ ਮਨੋਰਥ ਦੀ ਭਾਵਨਾ ਕਿਰਿਆਸ਼ੀਲ ਹੁੰਦੀ ਹੈ। ਜਿਹੜੇ ਲੋਕ ਇਸ ਮਨੋਰਥ ਦੇ ਸੰਕਲਪ ਨੂੰ ਸਮਝ ਲੈਂਦੇ ਹਨ, ਉਹ ਜ਼ਿੰਦਗੀ ਵਿਚ ਇਕ ਨਵੀਂ ਦੁਨੀਆ ਸਿਰਜਦੇ ਹਨ। ਮਨੋਰਥ ਦੀ ਤਾਤਕ ਤੋਂ ਅਗਿਆਨੀ ਰਹਿ ਕੇ ਅਸੀਂ ਆਪਣੇ ਰਸਤੇ 'ਚੋਂ ਭਟਕ ਜਾਂਦੇ ਹਾਂ। ਜਦੋਂ ਵੀ ਮਨੁੱਖ ਕੋਈ ਮਨੋਰਥ ਸਿਰਜਦਾ ਹੈ ਤਾਂ ਉਸਦਾ ਅਭਿਆਸ ਵਿਅਰਥ ਨਹੀਂ ਹੁੰਦਾ ਅਤੇ ਹੋ ਸਕਦਾ ਹੈ ਕਿ ਇਕ ਮਨੋਰਥ ਦੂਸਰੇ ਮਨੋਰਥ ਦੇ ਵਿਪਰੀਤ ਹੋਵੇ। ਜਦੋਂ ਕੋਈ ਵਿਅਕਤੀ ਮਨੋਰਥ ਦੀ ਇਸ ਮੂਲ ਰੀਝ ਨੂੰ ਜਾਣ ਜਾਂਦਾ ਹੈ ਤਾਂ ਜ਼ਿੰਦਗੀ ਬਹੁਤ ਸਰਲ ਹੋ ਜਾਂਦੀ ਹੈ। ਵੱਖ-ਵੱਖ ਦਿਸ਼ਾਵਾਂ ਇਕੋ ਮੂਲ ਵਿਚੋਂ ਨਿਕਲਦੀਆਂ ਪ੍ਰਤੀਤ ਹੁੰਦੀਆਂ ਹਨ। ਗੁਰਬਖਸ਼ ਸਿੰਘ ਪ੍ਰੀਤਲੜੀ ਜ਼ਿੰਦਗੀ ਦਾ ਮਨੋਰਥ ਪ੍ਰਸੰਨ ਰਹਿ ਸਕਣਾ ਸਥਾਪਿਤ ਕਰਦਾ ਹੈ। ਇਨਸਾਨੀ ਯਤਨਾਂ ਤੋਂ ਲੈ ਕੇ ਬ੍ਰਹਿਮੰਡੀ ਏਕਤਾ ਤੱਕ ਸਾਰੇ ਇਸ ਸਰੋਕਾਰ ਨਾਲ ਜੁੜੇ ਹੋਏ ਹਨ। ਸਿਵਾਏ ਤਿਆਗ, ਦੇਸ਼ ਭਗਤੀ, ਈਸ਼ਵਰ ਭਗਤੀ, ਕੁਰਬਾਨੀ, ਚਿੱਤਰਕਾਰੀ, ਕਿਸੇ ਮੂਲ ਮਨੋਰਥ ਦੇ ਅਮਲ ਹਨ। ਇਨਸਾਨੀ ਦ੍ਰਿਸ਼ਟੀਕੋਣ ਤੋਂ ਪ੍ਰਸੰਨ ਰਹਿਣ ਲਈ ਅੰਤਰ ਮਨੁੱਖੀ ਵਿਵਹਾਰ ਤੋਂ ਆਜ਼ਾਦੀ ਦੀ ਲੋੜ ਹੁੰਦੀ ਹੈ। ਮਨੁੱਖੀ ਕਾਰਜਸ਼ੀਲਤਾ ਏਕਤਾ ਵਿਚ ਹੋ ਸਕਦੀ ਹੈ ਪ੍ਰੰਤੂ ਉਸ ਪਿਛੇ ਮੂਲ ਅਮਲੀ ਸ਼ਕਤੀ ਮਨੋਰਥ ਭਾਵਨਾ ਹੀ ਹੈ। ਇਸ ਦ੍ਰਿਸ਼ਟੀ ਤੋਂ ਨਿਬੰਧਕਾਰ ਨੇ ਸਮਕਾਲੀ ਜ਼ਿੰਦਗੀ ਵਿਚ ਪ੍ਰਸੰਨਤਾ ਹਾਸਿਲ ਕਰਨ ਲਈ ਹੋ ਰਹੀਆਂ ਅਵਾਸਤਵਿਕ ਕ੍ਰਿਆਵਾਂ ਦਾ ਵਰਨਣ ਵੀ ਕੀਤਾ ਹੈ। ਨਿਬੰਧਕਾਰ ਦੇ ਸ਼ਬਦਾਂ ਵਿਚ, " ਆਪਣੇ ਲਹਿਜ਼ੇ ਵਿਚੋਂ ਸ਼ਿਕਾਇਤ ਕੱਢ ਦਿਉ, ਖੁਸੀ ਨਾਲ ਬੋਲੋ, ਕਦੇ ਸ਼ਿਕਵਾ ਨਾ ਕਰੋ, ਜਿੰਨੀ ਵੱਧ ਸ਼ਿਕਾਇਤ ਕਰੋਗੇ ਉਨ੍ਹੇ ਛੋਟੇ ਤੁਸੀਂ ਬਣਦੇ ਜਾਉਗੇ ਤੇ ਉਨਹੇ ਹੀ ਤੁਹਾਡੇ ਦੋਸਤ ਅਤੇ ਮੌਕੇ ਘੱਟਦੇ ਜਾਣਗੇ। " ਇਸ ਤਰ੍ਹਾਂ ਗੁਰਬਖਸ਼ ਸਿੰਘ ਪ੍ਰੀਤਲੜੀ ਮਨੋਰਥ ਭਾਵਨਾ ਨਾਲ ਜੋੜ ਕੇ ਮਨੁੱਖੀ ਪ੍ਰਸੰਨਤਾ ਦਾ ਰਾਜ ਉਭਾਰਦਾ ਹੈ।

**ਗੁਰਬਖਸ਼ ਸਿੰਘ ਪ੍ਰੀਤਲੜੀ ਮਨੁੱਖ ਦੇ ਬੁਨਿਆਦੀ ਮਨੋਰਥਾਂ ਵਿਚੋਂ ਪਿਆਰ ਦੇ ਮਹੱਤਵ ਨੂੰ ਪਿਆਰ ਭਾਵਨਾ ਦੇ ਵਿਰੋਧ ਵਿਚ** : ਧਰਮ, ਸਭਿਆਚਾਰ ਦੀ ਪ੍ਰਤੀ ਕਿਰਿਆ ਸਾਹਮਣੇ ਆਉਂਦੀ ਹੈ ਪਰ ਨਿਬੰਧਕਾਰ ਦੇ ਅਨੁਸਾਰ ਪਿਆਰ ਜ਼ਿੰਦਗੀ ਦਾ ਮੂਲ ਜਜ਼ਬਾ ਹੈ। ਨਿਬੰਧਕਾਰ ਦੇ ਅਨੁਸਾਰ ਇਸ ਵਿਚ ਕਈ ਪ੍ਰਕਾਰ ਦੇ ਵਿਕਾਰ ਸਾਹਮਣੇ ਆਉਂਦੇ ਹਨ ਪ੍ਰੰਤੂ ਇਸ ਜਜ਼ਬੇ ਦੇ ਉਪਰ ਵੀ ਸਵੈ ਨਿਯੰਤਰਨ ਪਾਇਆ ਜਾ ਸਕਦਾ ਹੈ। ਇਹ ਜਜ਼ਬਾ ਸਥਿਰ ਨਹੀਂ, ਪਰ ਇਸ ਦੀ ਅਸਿਥਰਤਾ ਨਾਲੋਂ ਸਵੈ ਕਾਬੂ ਵਿਚ ਵਧੇਰੇ ਸੰਤੋਖ ਪ੍ਰਾਪਤ ਹੁੰਦਾ ਹੈ। ਨਿਬੰਧਕਾਰ ਦੇ ਅਨੁਸਾਰ

ਪਿਆਰ ਦੇ ਜਜ਼ਬੇ ਦੀ ਸਦੀਵਤਾ ਦੀ ਸ਼ਰਤ ਇਹ ਹੈ ਕਿ ਇਸ ਵਿਚ ਕੋਈ ਕਬਜ਼ਾ ਨਹੀਂ ਹੋਣਾ ਚਾਹੀਦਾ। ਪ੍ਰੀਤਲੜੀ ਅਨੁਸਾਰ ਪਿਆਰ ਦਾ ਮਨੋਰਥ ਸੁੱਖ ਦੇਣਾ ਹੈ ਜੇਕਰ ਸਾਡਾ ਪਿਆਰ ਕਿਸੇ ਨੂੰ ਤਕਲੀਫ਼ ਵਿਚ ਪਾਉਂਦਾ ਹੈ ਤਾਂ ਉਸ ਤੋਂ ਸੰਕੋਚ ਕੀਤਾ ਜਾਵੇ। ਗੁਰਬਖਸ਼ ਸਿੰਘ ਪ੍ਰੀਤਲੜੀ ਪਿਆਰ ਵਿਚ ਸੁਤੰਤਰਤਾ ਦੀ ਆਗਿਆ ਦਿੰਦਾ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਸ਼ਬਦਾਂ ਵਿਚ:

ਜੇ ਜ਼ਿੰਦਗੀ ਪਿਆਰਨ ਯੋਗ ਨਹੀਂ, ਤਾਂ ਇਹ ਰੱਖਿਆ ਯੋਗ ਵੀ ਨਹੀਂ। ਜਿਹੜੀ ਕੌਮ ਜਾਂ ਜਿਹੜੇ ਲੋਕ ਜ਼ਿੰਦਗੀ ਨੂੰ ਸੁਪਨੇ ਮਾਤਰ, ਰੂਹ ਦਾ ਰਾਹੋਂ ਭਟਕ ਪੈਣਾ ਮੰਨਦੇ ਹਨ, ਉਹ ਪਰਲੋਕ ਨੂੰ ਆਪਣਾ ਅਸਲੀ ਲੋਕ ਸਮਝ ਕੇ ਏਸ ਲੋਕ ਉਤੇ ਬੇ-ਪਰਵਾਹ ਰਹਿੰਦੇ ਹਨ, ਤੇ ਹੌਲੀ ਹੌਲੀ ਗ਼ਲਤ ਰਸਮਾਂ ਤੇ ਗ਼ਲਤ ਇਤਕਾਦਾਂ, ਤੇ ਓੜਕ ਜਾਬਰ ਹਾਕਮਾਂ ਦੇ ਗ਼ੁਲਾਮ ਬਣ ਜਾਂਦੇ ਹਨ।

ਪ੍ਰੀਤਲੜੀ ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਊਣ ਅਤੇ ਸਹੀ ਢੰਗ ਨਾਲ ਜਿਊਣ ਦਾ ਰਾਹ ਦਰਸਾਉਂਦੇ ਹਨ। ਉਸਦੇ ਅਨੁਸਾਰ ਪਿਆਰ ਹੰਕਾਰ ਦਾ ਵਿਨਾਸ਼ ਹੈ ਅਤੇ ਬ੍ਰਹਿਮੰਡ ਦੇ ਨਾਲ ਇਕਸੁਰਤਾ ਹੈ।

**ਲਿੰਗ ਗਿਆਨ** : ਔਰਤ ਅਤੇ ਮਰਦ ਦੇ ਬਰਾਬਰੀ ਵਾਲੇ ਰਿਸ਼ਤੇ ਦੇ ਮਹੱਤਵ ਨੂੰ ਸਥਾਪਿਤ ਕੀਤਾ। ਪੱਛਮੀ ਦੇਸਾਂ ਵਿਚ ਆ ਰਹੀ ਤਬਦੀਲੀ ਦੀਆਂ ਉਦਾਹਰਨਾਂ ਦਿੰਦਿਆਂ ਹੋਇਆਂ ਪ੍ਰੀਤਲੜੀ ਪੰਜਾਬੀ ਸਭਿਆਚਾਰ ਦੀ ਪਰੰਪਰਾਗਤ ਨਾਹਵਾਦੀ ਦ੍ਰਿਸ਼ਟੀ ਨੂੰ ਰੱਦ ਕਰਦਾ ਹੈ। ਲਿੰਗ ਵਖਰੇਵੇਂ ਦਾ ਪ੍ਰਭਾਵ ਮਾਨਸਿਕ ਵੀ ਹੈ ਅਤੇ ਸਮਾਜਿਕ ਵੀ ਹੈ ਤੇ ਬਹੁਤੀ ਵਾਰ ਇਹ ਇਕ ਵਿਸ਼ੇਸ਼ ਵਰਗ ਵਿਚ ਵਿਕਾਰ ਵੀ ਪੈਦਾ ਕਰਦਾ ਹੈ। ਨਿਬੰਧਕਾਰ ਦੇ ਅਨੁਸਾਰ ਇਥੇ ਭਾਈਚਾਰਕ ਕੀਮਤਾਂ ਦੀ ਘਾਟ ਹੈ। ਮਨੁੱਖੀ ਸੁਭਾਅ ਦੀ ਇਸ ਕਮਜ਼ੋਰੀ ਦਾ ਕਾਰਨ ਕਾਮਨਾ ਦੇ ਕੇਂਦਰ ਦਾ ਅਧਿਐਨ ਕਰਨ ਉਪਰੰਤ ਹੀ ਲਭਿਆ ਜਾ ਸਕਦਾ ਹੈ। ਸਾਡੇ ਦੇਸ ਦੀਆਂ ਸਮੁੱਚੀਆਂ ਮੁਸ਼ਕਲਾਂ ਦਾ ਹੱਲ ਨਿਰੰਤਰ ਸਮਾਨਤਾ ਹੀ ਹੋ ਸਕਦਾ ਹੈ। ਇਸ ਨਿਰੰਤਰ ਸਮਾਨਤਾ ਤੋਂ ਮਨੁੱਖੀ ਵਿਵਹਾਰ ਵੱਲ ਦੀ ਯਾਤਰਾ ਮਨੁੱਖ ਦੀ ਦੂਸਰੀ ਵੱਡੀ ਸ਼ਕਤੀ ਹੈ। ਭਾਵੇਂ ਪਹਿਲੀ ਨਜ਼ਰੇ ਇਹ ਗੱਲ ਤਰਕਸ਼ੀਲ ਨਹੀਂ ਲੱਗਦੀ, ਪ੍ਰੰਤੂ ਹਰ ਸ਼ੋਹਰਤ ਕਾਮਯਾਬੀ ਦੇ ਹੁਸਨ, ਧਰਮ ਮੂਲ ਮਨੋਰਥ ਦੂਸਰਿਆਂ ਨੂੰ ਪ੍ਰਭਾਵਿਤ ਕਰਨਾ ਹੈ। ਇਸ ਪ੍ਰਭਾਵ ਦੀ ਪ੍ਰਾਪਤੀ ਲਈ ਮਨੁੱਖ ਕਈ ਪ੍ਰਕਾਰ ਦੇ ਰਸਮੀ ਅਤੇ ਗ਼ੈਰ-ਰਸਮੀ ਯਤਨ ਕਰਦਾ ਹੈ। ਸਭ ਤੋਂ ਵੱਡੀ ਸ਼ਕਤੀ ਨਿਬੰਧਕਾਰ ਦੇ ਅਨੁਸਾਰ ਸ਼ਬਦਾਂ ਵਿਚ ਹੈ। ਪ੍ਰੰਤੂ ਸਾਡੇ ਸਕੂਲਾਂ, ਘਰਾਂ ਅਤੇ ਮੰਦਿਰਾਂ ਵਿਚ ਇਸ ਉਤੇ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ ਹੈ। ਬੋਲਚਾਲ ਦਾ ਰਸਮੀ ਵਿਹਾਰਕ ਕਾਮਯਾਬੀ ਦਾ ਸਰੋਤ ਹੈ। ਜਿਸਮਾਨੀ ਖਿੱਚ ਤੋਂ ਵਧੇਰੇ ਬੋਲਚਾਲ ਦੀ ਕਸ਼ਿਸ਼ ਅਰਥ ਭਰਪੂਰ ਹੁੰਦੀ ਹੈ। ਸ਼ਬਦਾਂ ਦਾ ਜਾਦੂ ਹੁਸਨ ਦੇ ਜਾਦੂ ਨਾਲੋਂ ਵੱਧ ਕਾਰਗਰ ਹੁੰਦਾ ਹੈ। ਮਨੁੱਖ ਦੀ ਹਰ ਕਾਮਯਾਬੀ ਦਾ ਰਹੱਸ ਸ਼ਬਦਾਂ ਦੀ ਸੁਚੱਜਤਾ ਵਿਚ ਹੈ। ਸ਼ਬਦਾਂ ਦਾ ਹੁਨਰ ਮੰਦ ਵਿਅਕਤੀ ਧਨ ਦਾ ਖਿਆਲ ਨਹੀਂ ਕਰਦਾ। ਇਸ ਹੁਨਰ ਦੀ ਪ੍ਰਾਪਤੀ ਲਈ ਸ਼ਬਦਾਂ ਦੀ ਭੁੱਖ ਕਰੋ। ਪ੍ਰੀਤਲੜੀ ਅਨੁਸਾਰ ਸਾਨੂੰ ਸ਼ਬਦਾਂ ਨਾਲ ਮੁਹੱਬਤ ਪੈਦਾ ਕਰਨੀ ਚਾਹੀਦੀ ਹੈ ਕਿਉਂਕਿ ਸ਼ਬਦ ਰੱਬੀ ਤਾਕਤ ਦਾ ਇਕ ਅੰਸ਼ ਹੈ।

ਉਪਰੋਕਤ ਅੰਕਿਤ ਵੇਰਵਿਆਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰਬਖਸ਼

ਸਿੰਘ ਪ੍ਰੀਤਲੜੀ ਨੇ ਆਧੁਨਿਕ ਪੰਜਾਬੀ ਸਮਾਜ ਵਿਚ ਸੁਧਾਰਵਾਦੀ ਰਵੱਈਆ ਅਪਣਾਉਂਦਿਆਂ ਹੋਇਆਂ ਵਿਗਿਆਨਕ ਅਤੇ ਤਰਕਸ਼ੀਲ ਦ੍ਰਿਸ਼ਟੀਕੋਣ ਤੋਂ ਨਿਬੰਧਕਾਰੀ ਦੀ ਰਚਨਾ ਕੀਤੀ ਹੈ। ਡਾ. ਜੀਤ ਸਿੰਘ ਸੀਤਲ ਗੁਰਬਖਸ਼ ਸਿੰਘ ਬਾਰੇ ਆਪਣੇ ਵਿਚਾਰ ਇੰਜ ਲਿਖਦੇ ਹਨ :

ਤੇ ਗੁਰਬਖਸ਼ ਸਿੰਘ ਨਿਰਸੰਦੇਹ ਪ੍ਰੀਤ-ਲੜੀ ਸੂਰਜ ਕਿਰਨਾਂ ਨਾਲ ਛਾਈ ਹੋਈ ਧੁੰਦ ਨੂੰ ਮਿਟਾਉਣ ਲਈ ਰਬੋਂ ਭੇਜੇ ਸੂਰਜ ਵਾਂਗ ਪੰਜਾਬੀ ਗਗਨ ਉਪਰ ਉਦੈ ਹੋਇਆ, ਜਿਸਨੇ ਪੰਜਾਬੀ ਦੀ ਸੰਪਰਦਾਇਕ ਮ੍ਰਿਗਾਵਲੀ ਨੂੰ ਲੌਕਿਕ ਸਿੰਘ ਗਰਜ ਨਾਲ ਭਜਾ ਕਢਿਆ।

ਪ੍ਰੀਤਲੜੀ ਦੀ ਨਿਬੰਧਕਾਰੀ ਵਿਚਾਰਾਂ ਦੇ ਪ੍ਰਗਟਾਵੇ ਅਤੇ ਦ੍ਰਿਸ਼ਟੀਕੋਣ ਤੋਂ ਆਧੁਨਿਕ ਪੰਜਾਬੀ ਨਿਬੰਧਕਾਰੀ ਤੋਂ ਪ੍ਰਭਾਵਸ਼ਾਲੀ ਤੇ ਜ਼ਿਕਰਯੋਗ ਸਥਾਨ ਰੱਖਦੀ ਹੈ। ਗੁਰਬਖਸ਼ ਸਿੰਘ ਨੇ ਪੰਜਾਬੀ ਭਾਸ਼ਾ ਦੇ ਲੇਖਕਾਂ ਲਈ ਨਵੇਂ ਰਾਹ ਖੋਲੇ। ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਇਤਿਹਾਸਕ ਯੋਗਦਾਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

●●●


## ਬਲਬੀਰ ਪਰਵਾਨਾ ਦਾ ਨਾਵਲੀ ਸੰਸਾਰ




ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਦੇ ਖੇਤਰ ਵਿਚ ਇਕ ਅਜਿਹਾ ਨਾਵਲਕਾਰ ਹੈ ਜਿਹੜਾ ਵਿਧਾਗਤ ਪਰਿਵਰਤਨ ਦਾ ਵਾਹਕ ਰਿਹਾ ਹੈ। ਗਲਪਕਾਰੀ ਦੇ ਖੇਤਰ ਵਿਚ ਉਹ ਮਿੰਨੀ ਕਹਾਣੀ ਤੋਂ ਸ਼ੁਰੂ ਕਰਕੇ ਕਹਾਣੀ ਅਤੇ ਨਾਵਲਿਟ ਰਾਹੀਂ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਪੰਜਾਬੀ ਸਮਾਜ ਦੀ ਹਰੇ ਇਨਕਲਾਬ ਤੋਂ ਬਾਅਦ ਦੀ ਵਾਸਤਵਿਕਤਾ ਨੂੰ ਨਾਵਲਕਾਰੀ ਦਾ ਅਧਾਰ ਬਣਾਉਂਦਾ ਹੈ। ਅਜਿਹਾ ਕਰਦੇ ਹੋਏ ਉਸ ਦੀ ਸਿਰਜਣਕਾਰੀ ਦਾ ਕੇਂਦਰ ਮਨੁੱਖੀ ਵਿਹਾਰ ਬਣਦਾ ਹੈ। ਇਸ ਵਿਹਾਰ ਵਿਚੋਂ ਅਜੋਕੇ ਸਮਾਜ ਦੀ ਜੀਵਨ-ਜਾਚ ਦਾ ਵਿਹਾਰਕ ਮਾਡਲ ਸਾਹਮਣੇ ਆਉਂਦਾ ਹੈ। ਇਸ ਮਾਡਲ ਵਿਚੋਂ ਜਿਹੜਾ ਪੰਜਾਬੀ ਮਨੁੱਖ ਸਾਹਮਣੇ ਆਉਂਦਾ ਹੈ ਉਹ ਰਿਸ਼ਤਿਆਂ ਵਿਚਲੇ ਹਰ ਆਦਰਸ਼ ਤੋਂ ਮੁਕਤ ਹੈ। ਉਹ ਜਿਸ ਇਲਾਕਾਈ ਪਰਿਵੇਸ਼ ਨੂੰ ਚੁਣਦਾ ਹੈ ਉਸ ਰਾਹੀਂ ਸਮੁੱਚੇ ਪੰਜਾਬੀ ਸਭਿਆਚਾਰਕ ਵਿਹਾਰ ਨੂੰ ਸੰਬੋਧਿਤ ਹੁੰਦਾ ਹੈ। ਉਸ ਦੇ ਸਿਰਜਣੀ ਵਰਤਾਰੇ ਨੂੰ 'ਬਹੁਤ ਸਾਰੇ ਚੁਰਸਤੇ' ਤੋਂ ਲੈ ਕੇ 'ਸ਼ੋਅ-ਰੂਮ' ਤਕ ਦੇ ਸਫ਼ਰ ਰਾਹੀਂ ਸਮਝਿਆ ਜਾ ਸਕਦਾ ਹੈ। -ਰਜਨੀਸ਼ ਬਹਾਦਰ ਸਿੰਘ

# ਅਤਰਜੀਤ ਦੀ ਕਹਾਣੀ ਕਲਾ

**ਬਲਜੀਤ ਕੌਰ**

ਅਤਰਜੀਤ ਪੰਜਾਬੀ ਕਹਾਣੀ ਜਗਤ ਵਿਚ ਇਕ ਨਿਵੇਕਲਾ ਹਸਤਾਖ਼ਰ ਹੈ। ਉਸਦੇ ਹੁਣ ਤੱਕ ਅੱਠ ਕਹਾਣੀ-ਸੰਗ੍ਰਹਿ ਮਾਸਖੋਰੇ, ਟੁੱਟਦੇ ਬਣਦੇ ਰਿਸ਼ਤੇ, ਅਦਨਾ ਇਨਸਾਨ, ਅੰਦਰਲੀ ਔਰਤ ਕਹਾਣੀ ਕੌਣ ਲਿਖੇਗਾ, ਤੀਜਾ ਯੁੱਧ, ਅੰਨੀ ਥੇਹ, ਕੰਧਾਂ 'ਤੇ ਲਿਖੀ ਇਬਾਰਤ ਪ੍ਰਕਾਸ਼ਿਤ ਹੋ ਚੁੱਕੇ ਹਨ, ਜੋ ਉਸਦੇ ਕਹਾਣੀ ਵਿਕਾਸ ਦੀਆਂ ਵਿਭਿੰਨ ਪਰਤਾਂ ਨੂੰ ਮਾਨਵੀ ਜੀਵਨ ਯਥਾਰਥ ਦੇ ਅੰਤਰਗਤ ਪੇਸ਼ ਕਰਦੇ ਹਨ। ਉਸਦੀਆਂ ਕਹਾਣੀਆਂ ਦੀ ਵੱਡੀ ਖ਼ੂਬੀ ਇਹ ਹੈ ਕਿ ਉਹ ਮਾਨਵਵਾਦੀ ਤੇ ਉਦਾਰਵਾਦੀ ਰਚਨਾ ਦ੍ਰਿਸ਼ਟੀ ਦੀ ਹਾਮੀ ਭਰਦੀਆਂ ਉਸਦੀ ਕਹਾਣੀ ਚੇਤਨਾ ਦੀ ਕਲਾਤਮਕ ਪੁਖ਼ਤਗੀ ਦਾ ਸਬੂਤ ਪੇਸ਼ ਕਰਦੀਆਂ ਹਨ। ਇਸ ਪੱਖੋਂ ਅਤਰਜੀਤ ਦੀ ਕਹਾਣੀ ਇਕ ਵੱਖਰੀ ਨੁਹਾਰ ਰੱਖਦੀ ਹੋਈ ਆਪਣੀ ਨਿਵੇਕਲੀ ਪਹਿਚਾਣ ਵੀ ਸਥਾਪਿਤ ਕਰਦੀ ਹੈ।

ਕਹਾਣੀ ਦੇ ਬਿਰਤਾਂਤਕ ਸੰਗਠਨ ਵਿਚ ਘਟਨਾਵਾਂ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਬਿਰਤਾਂਤ ਵਿਚਲੀਆਂ ਘਟਨਾਵਾਂ ਦੀ ਸਮੁੱਚੀ ਤਰਤੀਬ ਹੀ ਕਥਾਨਕ ਹੁੰਦਾ ਹੈ। ਅਤਰਜੀਤ ਦੀ ਕਥਾ ਸਿਰਜਣ-ਪ੍ਰਕਿਰਿਆ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਉਹ ਕਿਹੜੀਆਂ ਘਟਨਾਵਾਂ ਲੈਂਦਾ ਹੈ ਤੇ ਉਹਨਾਂ ਦੀ ਪੇਸ਼ਕਾਰੀ ਕਿਵੇਂ ਕਰਦਾ ਹੈ। ਉਸਦੀਆਂ ਕਹਾਣੀਆਂ ਵਿਚ ਪ੍ਰਸਤੁਤ ਨਿਮਨ ਸ਼੍ਰੇਣੀ ਅਤੇ ਮੱਧ ਸ਼੍ਰੇਣੀ ਦੇ ਪਾਤਰ ਕਈ ਪਾਸਿਆਂ ਤੋਂ ਆਪਣੀਆਂ ਰੁਚੀਆਂ, ਅਕਾਂਖਿਆਵਾਂ, ਘਾਟਾਂ ਆਦਿ ਵਿਭਿੰਨ ਕਾਰਜਾਂ ਸਮੇਤ ਪੇਸ਼ ਹੁੰਦੇ ਹਨ। ਇਸੇ ਨਿਮਨ ਸ਼੍ਰੇਣੀ ਅਤੇ ਮੱਧ ਸ਼੍ਰੇਣੀ ਦੇ ਚਰਿਤ੍ਰ ਨੂੰ ਅਤਰਜੀਤ ਵਿਭਿੰਨ ਜੁਗਤਾਂ ਰਾਹੀਂ ਰੂਪਮਾਨ ਕਰਦਾ ਹੈ। ਉਸਦੀਆਂ ਕਹਾਣੀਆਂ ਦੀਆਂ ਘਟਨਾਵਾਂ ਸਿੱਧੇ ਸਪਾਟ ਲੜੀਦਾਰ ਸੰਬੰਧਾਂ ਦੀ ਥਾਂ ਗੁੰਝਲਦਾਰ ਬਣਤਰ ਦੀਆਂ ਧਾਰਨੀ ਹਨ। ਉਸਦੀਆਂ ਬਹੁਤੀਆਂ ਕਹਾਣੀਆਂ ਵਿਚ ਪਿੱਛਲਝਾਤ ਦੀ ਵਰਤੋਂ ਹੋਈ ਹੈ। ਉਹ ਆਪਣੀਆਂ ਕਹਾਣੀਆਂ ਬਾਰੇ ਕਹਿੰਦਾ ਹੈ :-

"ਮੇਰੀਆਂ ਜ਼ਿਆਦਾਤਰ ਕਹਾਣੀਆਂ ਵਿਚ ਪਿੱਛਲਝਾਤ ਇਕ ਵਿਧਾ ਜਾਂ ਸ਼ਿਲਪ ਦੇ ਤੌਰ ਤੇ ਆਈ ਹੈ। ਕਹਾਣੀ ਦੇ ਵਸਤੂ ਪੱਖ ਨੂੰ ਗੂੜ੍ਹਾ ਕਰਨ ਲਈ ਪਾਤਰ ਦੀ ਮਾਨਸਿਕ ਬਣਤਰ ਨੂੰ ਉਘਾੜਨ ਜਾਂ ਕਿੰਨਾ-ਕਿੰਨਾ ਵਿਕਾਸ ਪ੍ਰਕ੍ਰਿਆਵਾਂ 'ਚੋਂ ਪਾਤਰ ਦਾ ਰੂਪ ਆਕਾਰ ਇਹੋ ਜਿਹਾ ਬਣਿਆ ਅੰਦਰੂਨੀ ਖ਼ਾਸ ਕਰਕੇ ਪੇਸ਼ ਕਰਨ ਲਈ ਮੈਂ ਪਿੱਛਲਝਾਤ ਦੀ ਵਰਤੋਂ ਕੀਤੀ ਹੈ।"[1]

ਉਸਦੀਆਂ ਸਮੁੱਚੀਆਂ ਕਹਾਣੀਆਂ ਦੇ ਅਧਿਐਨ ਤੋਂ ਸ਼ਪੱਸ਼ਟ ਹੁੰਦਾ ਹੈ ਕਿ 'ਮਾਸਖੋਰੇ', 'ਆਪਣੇ ਪਰਾਏ', 'ਦਿਓ ਕੱਦ', 'ਰੱਤੀ-ਰੱਤੀ ਭਰ', 'ਅਦਨਾ ਇਨਸਾਨ', 'ਹਵਾਲਾਤ', 'ਸਬੂਤੇ ਕਦਮ' ਦੇ ਬਿਰਤਾਂਤਕ ਸੰਗਠਨ ਵਿਚ ਪਿੱਛਲਝਾਤ ਦੀ ਵਰਤੋਂ ਕੀਤੀ ਗਈ ਹੈ। ਕਹਾਣੀਆਂ 'ਹਵਾਲਾਤ', 'ਰੱਤੀ-ਰੱਤੀ ਭਰ', ਘਟਨਾ ਵਾਪਰ ਜਾਣ ਤੋਂ ਭਾਵ ਕੀ ਹੋਇਆ ਤੋਂ ਸ਼ੁਰੂ ਹੋ ਕੇ ਕਿਉਂ ਹੋਇਆ ਨੂੰ ਬਿਆਨਣ ਰਾਹੀਂ ਸੰਪੰਨ ਹੁੰਦੀ ਹੈ। 'ਅਦਨਾ ਇਨਸਾਨ'

✪ ਪੰਜਾਬੀ ਵਿਭਾਗ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)

ਕਹਾਣੀ ਵਿਚ ਸ਼ਾਮ ਲਾਲ ਦੇ ਬਚਪਨ ਬਾਰੇ ਕਾਫ਼ੀ ਲੰਬਾ ਵਿਸਥਾਰ ਇਸੇ ਵਿਧੀ ਰਾਹੀਂ ਪ੍ਰਸਤੁਤ ਹੈ। 'ਆਪਣੇ ਪਰਾਏ' ਅਤੇ 'ਸਬੂਤੇ ਕਦਮ' ਮੱਧ ਵਿਚੋਂ ਸ਼ੁਰੂ ਹੋ ਕੇ ਪਿਛਾਂਹ ਵੱਲ ਮੁੜਦੀਆਂ ਭੂਤਕਾਲ ਦੇ ਵੇਰਵੇ ਬਿਆਨਦੀਆਂ ਅਤੇ ਫਿਰ ਅੱਧ ਵਿਚ ਆ ਕੇ ਅਗਾਂਹ ਵੱਲ ਚੱਲਦੀਆਂ ਹਨ। 'ਸਬੂਤੇ ਕਦਮ' ਨਸੀਬੇ ਦੇ ਜਮਾਤੀ ਘੋਲ ਵਿਚ ਮਾਤ ਖਾ ਜਾਣ ਤੋਂ ਸ਼ੁਰੂ ਹੋ ਕੇ ਗੱਜਣ ਦੇ ਪਰਿਵਾਰ ਦੀ ਬਰਬਾਦੀ ਨੂੰ ਉਪ-ਕਥਾਵਾਂ ਰਾਹੀਂ ਬਿਆਨਦੀ ਹੈ।

"ਗੱਜਣ ਦੀ ਜ਼ਿੰਦਗੀ ਵਿਚ ਵਾਪਰੀਆਂ ਸਭ ਕੌੜੀਆਂ ਘਟਨਾਵਾਂ ਨੂੰ ਲੋਕ ਭੁੱਲ ਚੁੱਕੇ ਸਨ। ........ ਲੋਕਾਂ ਨੂੰ ਹੁਣ ਕਦੇ ਘੱਟ-ਵੱਧ ਹੀ ਖ਼ਿਆਲ ਆਇਆ ਸੀ ਕਿ ਉਸਦਾ ਇਕ ਪੁੱਤਰ ਦੇਬਾ ਵੀਹ ਸਾਲੀ ਸਜ਼ਾ ਭੁਗਤ ਰਿਹਾ ਸੀ ਅਤੇ ਉਸਤੋਂ ਛੋਟਾ ਨਸੀਬਾ ਅੰਦਰ ਮੰਜੇ 'ਤੇ ਪਿਆ ਸੀ-ਹੱਡੀਆਂ ਦੀ ਮੁੱਠ।"[2]

ਇਸ ਵਿਧੀ ਰਾਹੀਂ ਅਤਰਜੀਤ ਨੇ ਗੱਜਣ ਦੀ ਜ਼ਿੰਦਗੀ ਵਿਚ ਵਾਪਰੀਆਂ ਸਭ ਘਟਨਾਵਾਂ ਨੂੰ ਪਿੱਛਲਝਾਤ ਦੀ ਬਿਰਤਾਂਤ ਜੁਗਤ ਰਾਹੀਂ ਪੇਸ਼ ਕਰਦਿਆਂ ਸਾਧਨਹੀਣ ਦੇ ਸ਼ੋਸ਼ਣ ਨੂੰ ਪੇਸ਼ ਕੀਤਾ ਹੈ। ਇਸ ਸੰਬੰਧੀ ਡਾ. ਸਤਿੰਦਰ ਸਿੰਘ ਨੂਰ ਲਿਖਦੇ ਹਨ :-

"ਸਬੂਤੇ ਕਦਮ' ਦਲਿਤ ਦੀ ਸਥਿਤੀ ਨਾਲ ਟਕਰਾਉਣ, ਸੰਘਰਸ਼ ਵਿਚ ਮਾਤ ਖਾ ਜਾਣ ਦਾ ਉਲੇਖ ਕਰਦੀ ਹੈ।"[3]

'ਪਿੱਛਲਝਾਤ' ਦੀ ਇਹ ਵਿਧੀ ਅਤਰਜੀਤ ਦੇ ਪਿਛਲੇ ਕਹਾਣੀ ਸੰਗ੍ਰਹਿ 'ਕਹਾਣੀ ਕੌਣ ਲਿਖੇਗਾ', 'ਕੰਧਾ 'ਤੇ ਲਿਖੀ ਇਬਾਰਤ', 'ਸੇਜ ਸੁਖਾਲੀ ਕਾਮਨਿ' ਦੀਆਂ ਲਗਭਗ ਸਾਰੀਆਂ ਕਹਾਣੀਆਂ ਵਿਚ ਘੱਟ ਵੱਧ ਮਾਤਰਾ ਵਿਚ ਵਰਤੀ ਗਈ ਮਿਲਦੀ ਹੈ।

ਅਤਰਜੀਤ ਨੇ ਆਪਣੀਆਂ ਕਹਾਣੀਆਂ ਵਿਚ 'ਸਰਬੱਗ ਵਰਣਨ' ਦੀ ਜੁਗਤ ਦੀ ਵਰਤੋਂ ਵਧੇਰੇ ਕੀਤੀ ਗਈ ਹੈ। 'ਸਰਬੱਗ ਵਰਣਨ' ਅਧੀਨ ਕਥਾਕਾਰ ਸਮੁੱਚੇ ਵਿਸਥਾਰ ਜਾਂ ਵੇਰਵੇ ਸਰਬਗਿਆਤਾ ਬਿਰਤਾਂਤਕਾਰ ਦੇ ਰੂਪ ਵਿਚ ਪੇਸ਼ ਕਰਦਾ ਜਾਂਦਾ ਹੈ। ਉਸਨੂੰ ਪਾਤਰਾਂ ਦੇ ਆਂਤਰਿਕ ਤੇ ਬਾਹਰੀ ਵੇਰਵਿਆਂ ਦਾ ਪੂਰਨ ਗਿਆਨ ਹੁੰਦਾ ਹੈ। ਇਹ ਜੁਗਤ ਸਾਧਾਰਨ ਪਾਠਕ ਨੂੰ ਸ਼ਾਂਤ ਕਰਦੀ ਹੈ। 'ਕਹਾਣੀ ਕੌਣ ਲਿਖੇਗਾ' ਸੰਗ੍ਰਹਿ ਵਿਚਲੀ ਕਹਾਣੀ 'ਵਿੱਥ' ਸਰਬੱਗ ਵਰਣਨ ਰਾਹੀਂ ਲਿਖੀ ਕਹਾਣੀ ਹੈ।

"ਲੰਮੀ ਦੁਬਿਧਾ ਮੁਕਾ ਕੇ ਹਰਬੰਸ ਨੇ ਸਵਰਨਜੀਤ ਨੂੰ ਮਿਲਣ ਦਾ ਮਨ ਬਣਾ ਲਿਆ।"[4]

ਸਵਰਨਜੀਤ ਦੇ ਬਦਲੇ ਹਾਲਾਤ ਕਾਰਨ ਆਏ ਸੋਚ ਅੰਤਰ ਦੀ ਇਹ ਕਹਾਣੀ ਲੇਖਕ ਦੀ ਬੋਲ ਮੁਹਾਂਦਰੇ ਵਾਲੀ ਕਹਾਣੀ ਹੈ।

ਚੇਤਨਾ ਪ੍ਰਵਾਹ ਦੀ ਜੁਗਤ ਅਧੀਨ ਲੇਖਕ ਆਪਣੇ ਪਾਤਰਾਂ ਦੁਆਰਾ ਮਾਨਸਿਕ ਪੱਧਰ 'ਤੇ ਵਾਪਰਨ ਵਾਲੀਆਂ ਜਾਂ ਮਹਿਸੂਸ ਹੋਣ ਵਾਲੀਆਂ ਘਟਨਾਵਾਂ ਤੇ ਇਨ੍ਹਾਂ ਬਾਰੇ ਪ੍ਰਤੀਕਰਮਾਂ ਨੂੰ ਸਹਿਜ ਰੂਪ ਵਿਚ ਪ੍ਰਗਟ ਕਰਦਾ ਹੈ। ਚੇਤਨਾ ਪ੍ਰਵਾਹ ਤਕਨੀਕ ਅਧੀਨ ਮੁੱਖ ਧਿਆਨ ਪਾਤਰ ਦੀ ਮਾਨਸਿਕ ਖਿਚੋਤਾਣ ਨੂੰ ਖੋਜਣ-ਜਾਨਣ 'ਤੇ ਦਿੱਤਾ ਜਾਂਦਾ ਹੈ। ਕਈ ਵਾਰ ਪਾਤਰ ਆਪਣੇ ਮਨ ਅੰਦਰ ਦੀਆਂ ਖਾਹਿਸ਼ਾਂ ਨੂੰ ਪ੍ਰਗਟ ਕਰਦੇ ਹਨ। ਅਜਿਹੀ ਤਕਨੀਕ ਨੂੰ ਅੰਤ੍ਰੀਵ-ਮਨਬਚਨੀ ਕਹਿੰਦੇ ਹਨ। ਅਤਰਜੀਤ ਦੀਆਂ ਕਹਾਣੀਆਂ 'ਰੇਤ ਦਾ ਮਹਿਲ', 'ਕਹਾਣੀ ਕੌਣ ਲਿਖੇਗਾ', 'ਵਿੱਥ', 'ਅਸਤੀਫਾ' ਵਿਚ ਬਹੁਤ ਥਾਂਈ ਇਸ ਜੁਗਤ ਦੀ ਵਰਤੋਂ ਕੀਤੀ ਗਈ ਹੈ। ਅਜਿਹੀ ਕਹਾਣੀ 'ਰਸਗੁੱਲੇ' ਰਿਟਾਇਰ ਸੂਬੇਦਾਰ ਜੋਗਿੰਦਰ ਸਿੰਘ ਦੇ ਮਾਨਸਿਕ

ਦਵੰਦ ਨੂੰ ਚਿਤਰਦੀ ਹੈ। ਰਿਟਾਇਰ ਸੂਬੇਦਾਰ ਦੀ ਕੁੜੀ ਦੇ ਵਿਆਹ 'ਤੇ ਜੱਟਾਂ ਜ਼ਿਮੀਦਾਰਾਂ ਦੇ ਮੁੰਡੇ ਕੁੜੀਆਂ ਦਾ ਬਿਨਾਂ ਭੇਦ-ਭਾਵ ਖਾਣ-ਪੀਣ ਸਾਂਝਾ ਕਰਨਾ, ਆਪਣੇ ਦਿਹਾੜੀਦਾਰ ਭਰਾ ਲਈ ਜਾਤ-ਪਾਤੀ ਭੇਦਭਾਵ ਦੀ ਪੇਸ਼ਕਾਰੀ ਰਾਹੀਂ ਬਚਪਨ ਤੋਂ ਮੌਜੂਦਾ ਸਥਿਤੀ ਤੱਕ ਦੇ ਵੇਰਵੇ ਮੁੱਖ ਪਾਤਰ ਦੇ ਮਨੋਵਿਸ਼ਲੇਸ਼ਣ ਰਾਹੀਂ ਉਭਾਰੇ ਹਨ :-

"ਬਾਪ ਭਾਵੇਂ ਇੱਕ ਦਮ ਬਿਰਧ ਹੋ ਕੇ ਗੁਜਰਿਆ ਸੀ ਤਾਂ ਵੀ ਉਸਦੀ ਯਾਦ ਆਉਂਦੇ ਹੀ ਉਸਦੀਆਂ ਅੱਖਾਂ ਭਰ ਆਈਆਂ, ਜੇ ਬਾਪੂ ਅੱਜ ਵੇਖਦਾ ਹੁੰਦਾ ਤਾਂ ਉਸਦਾ ਤਾਂ ਚਾਅ ਨਹੀਂ ਸੀ ਚੁੱਕਿਆ ਜਾਣਾ। ਬਾਪੂ ਚਾਅ ਕਰਦਾ ਵੀ ਬਾਹਲਾ ਸੀ।"[5]

ਅਤਰਜੀਤ ਉਤਮਪੁਰਖੀ 'ਮੈਂ' ਪਾਤਰ ਵਿਧੀ ਦੁਆਰਾ ਕਥਾ ਦੀ ਸਿਰਜਣਾ ਕਰਦਾ ਹੈ। 'ਮੈਂ' ਪਾਤਰ ਘਟਨਾਵਾਂ ਵਿਚ ਵਿਚਰਦਾ ਹੋਇਆ ਯਾਦਾਂ, ਸੋਚਾਂ, ਮਨੋ-ਬਚਨੀਆਂ ਰਾਹੀਂ ਕਹਾਣੀ ਦੀ ਉਸਾਰੀ ਕਰਦਾ ਹੈ। ਉਸਦਾ ਮੁੱਖ ਮੰਤਵ ਪਾਤਰ ਦੇ ਨਿੱਜ ਅੰਦਰਲੇ ਅਵਚੇਤਨੀ ਸਰੋਕਾਰਾਂ ਨੂੰ ਫਰੋਲਦਿਆਂ ਮਾਨਸਿਕਤਾ ਦੇ ਨਾਲ-ਨਾਲ ਬਾਹਰੀ ਹਾਲਾਤਾਂ ਨੂੰ ਵੀ ਉਭਾਰਨਾ ਹੈ। ਜਿਵੇਂ ਕਿ :-

"ਅਦਨਾ ਇਨਸਾਨ' ਕਹਾਣੀ ਦਾ 'ਮੈਂ' ਪਾਤਰ ਸ਼ਾਮ ਲਾਲ ਦੇ ਜੀਵਨ ਵੇਰਵੇ ਵੀ ਸੁਣਾ ਰਿਹਾ ਹੈ ਅਤੇ ਘਟਨਾਵਾਂ ਵਿਚ ਵਿਚਰਦਾ ਵੀ ਹੈ।"[6]

ਅਤਰਜੀਤ ਦੀਆਂ ਮੁੱਢਲੀਆਂ ਕਹਾਣੀਆਂ ਦੇ ਬਿਰਤਾਂਤ ਝੱਟ-ਪੱਟ ਸਿਖਰ ਵੱਲ ਵੱਧ ਕੇ ਅੰਤ ਅਤੇ ਆਖਰੀ ਪਲਾਂ ਉਪਰ ਨਾਇਕ ਦੇ ਜਾਂ ਹੋਰ ਪਾਤਰ ਦੁਆਰਾ ਕਹਾਣੀ ਸੋਝੀ ਕਾਰਨ ਆਏ ਪਰਿਵਰਤਨ ਰਾਹੀਂ ਵਿਅਕਤੀ ਦੁਆਰਾ ਵਿਅਕਤੀ ਦੇ ਕਾਇਆ ਕਲਪ ਵਾਲੀ ਹੋ ਜਾਂਦੀ ਹੈ। ਜਿਥੇ ਉਸਦੀਆਂ ਕਹਾਣੀਆਂ 'ਬੰਦ ਅਰਥੀ' ਕਹਾਣੀਆਂ ਵਿਚ ਸ਼ੁਮਾਰ ਹੁੰਦੀਆਂ ਹਨ। ਅਤਰਜੀਤ ਅੰਤਮ ਸਤਰ ਵਿਚ ਆ ਕੇ ਕਹਾਣੀ ਨੂੰ ਪਾਤਰ ਘਟਨਾ ਨਾਲ ਜੋੜ ਦਿੰਦਾ ਹੈ ਜਿਸ ਕਰਕੇ ਉਸਦੀਆਂ ਕਹਾਣੀਆਂ ਦੇ ਸਿਰਲੇਖ ਕਹਾਣੀ ਦੀਆਂ ਅੰਤਮ ਸਤਰਾਂ ਵਿਚੋਂ ਹੀ ਲਏ ਗਏ ਹੁੰਦੇ ਹਨ। ਜਿਵੇਂ 'ਸਾਹਿਬ ਦੀ ਕਲਮ', 'ਕੈਲੂਫਰੂਨੀਆ', 'ਤੇ 'ਅਸੀਂ ਬੁਝਾਰਤ ਬੁਝਦੇ ਹਾਂ', 'ਵੱਖਰੀ ਸੋਚ' ਕਹਾਣੀ ਦੀ ਆਖਰੀ ਪੰਕਤੀ ਹੈ :-

"ਇਹੋ ਉਸਦੀ ਵੱਖਰੀ ਸੋਚ ਸੀ।"[7]

ਅਤਰਜੀਤ ਦੀਆਂ ਕਹਾਣੀਆਂ ਦੇ ਆਦਿ ਜਾਂ ਆਰੰਭ ਬੜੇ ਉਤਸੁਕਤਾ ਭਰਪੂਰ ਹੁੰਦੇ ਹਨ। ਪਾਠਕ ਸਾਹਮਣੇ ਇਹ ਆਦਿ ਕਹਾਣੀ ਅੰਦਰਲੀ ਸਥਿਤੀ ਬਾਰੇ ਜਾਨਣ ਦੀ ਉਤਸੁਕਤਾ ਪੈਦਾ ਕਰਦੀ ਹੈ ਜਿਵੇਂ :-

"ਚਪੜਾਸੀ ਤੇ ਸਕੂਲ ਦਿਆਂ ਉਨ੍ਹਾਂ ਦੋਹਾਂ ਅਵਾਰਾ ਮੁੰਡਿਆਂ ਨੂੰ ਐਨ ਉਸ ਮੌਕੇ ਤੇ ਫੜ ਲਿਆ ਜਦੋਂ ਉਹ ਕੁੜੀਆਂ ਵਾਲੀਆਂ ਟੱਟੀਆਂ 'ਚੋ ਇੱਟ ਹਟਾ ਕੇ ਉਨ੍ਹਾਂ ਦਾ ਨੰਗੇਜ ਦੇਖ ਰਹੇ ਸੀ।"[8] (ਰੱਤੀ-ਰੱਤੀ ਭਰ)

ਅਤਰਜੀਤ ਦੇ ਪਾਤਰਾਂ ਵਿਚ ਨਿਮਨ ਸ਼੍ਰੇਣੀ ਦੇ, ਮੱਧ ਸ਼੍ਰੇਣੀ ਦੇ ਕਰਮਚਾਰੀ ਅਤੇ ਪਿੰਡਾਂ ਦੇ ਨਿਮਨ ਕਿਸਾਨੀ ਨਾਲ ਸੰਬੰਧਿਤ ਔਰਤਾਂ-ਮਰਦ ਸ਼ਾਮਲ ਹਨ। ਉਸਦੇ ਬਹੁਤੇ ਪਾਤਰ ਮਾਲਵੇ ਖੇਤਰ ਵਿਚੋਂ ਹਨ। ਇਸਤੋਂ ਇਲਾਵਾ ਸ਼ਹਿਰੀ ਤੇ ਪੇਂਡੂ ਦੋਨਾਂ ਸਥਾਨਾਂ ਤੇ ਵਸਦੇ ਪਾਤਰਾਂ ਨੂੰ ਉਸਨੇ ਚਿਤਰਿਆ ਹੈ। ਪਿੰਡ ਵਾਲਿਆਂ ਦਾ ਜੀਵਨ ਯਥਾਰਥ 'ਬਠਲੂ ਚਮਿਆਰ', 'ਦਾਤੇ ਦੀ ਮਿਹਰ', 'ਕੈਲੂਫਰੂਨੀਆ', 'ਸਰਪੰਚੀ', 'ਸਬੂਤੇ ਕਦਮ', ਕਹਾਣੀਆਂ ਰਾਹੀਂ ਪੇਸ਼

ਕੀਤਾ ਹੈ। ਇਸਦੇ ਨਾਲ ਹੀ ਨਿਮਨ ਕਿਸਾਨੀ ਦੇ ਚਿੱਤਰ 'ਭੁੱਖੇ-ਭਾਣੇ', 'ਅੱਖਾਂ ਦਾ ਦਾਰੂ', 'ਰੱਤੀ-ਰੱਤੀ ਭਰ', 'ਸ਼ਰਮ', ਆਦਿ ਵਿਚ ਰੂਪਮਾਨ ਹੋਏ ਹਨ। ਸ਼ਹਿਰੀ ਮੱਧ ਸ਼੍ਰੇਣੀ ਤੇ ਨਿਮਨ ਵਰਗ ਦੀ ਜ਼ਿੰਦਗੀ ਨਾਲ ਸੰਬੰਧਿਤ ਉਸਦੀਆਂ ਕਹਾਣੀਆਂ 'ਠੂਹਾਂ', 'ਕਹਾਣੀ ਕੌਣ ਲਿਖੇਗਾ', 'ਅਦਨਾ ਇਨਸਾਨ', 'ਤੀਜਾ ਯੁੱਧ', 'ਅਠਾਰਾਂ ਤਾਰੀਖ' ਆਦਿ ਹਨ। ਅਤਰਜੀਤ ਦੇ ਪਾਤਰ ਕਹਾਣੀ ਵਿਸ਼ੇ ਮੁਤਾਬਕ ਆਪੋ-ਆਪਣੇ ਕਾਰਜ ਖੇਤਰ ਵਿਚ ਰਹਿੰਦਿਆਂ ਪੂਰੀ ਨਿਪੁੰਨਤਾ ਤੇ ਕੁਸ਼ਲਤਾ ਨਾਲ ਕਾਰਜ ਕਰਦੇ ਹਨ। ਕਹਾਣੀਕਾਰ ਦੀ ਪਾਤਰ ਉਸਾਰੀ ਸਮਾਂ, ਸਥਾਨ ਅਤੇ ਘਟਨਾ ਦੇ ਅਨੁਕੂਲ ਹੈ। ਉਸਦੀਆਂ ਲਗਭਗ ਸਾਰੀਆਂ ਕਹਾਣੀਆਂ ਵਿਚ ਪੇਂਡੂ ਸਮਾਜ ਸਭਿਆਚਾਰਕ ਦ੍ਰਿਸ਼ ਦੀ ਪੇਸ਼ਕਾਰੀ ਮਿਲਦੀ ਹੈ। ਇਸ ਲਈ ਉਸਦੇ ਪਾਤਰ ਪੇਂਡੂ ਜੀਵਨ ਨਾਲ ਸੰਬੰਧਿਤ ਚਲਦੇ ਫਿਰਦੇ ਆਮ ਪਾਤਰ ਪ੍ਰਤੀਤ ਹੁੰਦੇ ਹਨ। ਜਿਥੇ ਕਿਤੇ ਉਸਨੇ ਕਹਾਣੀ ਵਿਚ ਸ਼ਹਿਰੀ ਸਮਾਜ ਦੇ ਦ੍ਰਿਸ਼ ਉਲੀਕੇ ਹਨ ਉਥੇ ਉਸਨੇ ਪਾਤਰਾਂ ਦੀ ਚੋਣ ਅਤੇ ਘਾੜਤ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ। 'ਠੂਹਾਂ' ਕਹਾਣੀ ਵਿਚ ਅਤਰਜੀਤ ਨੇ ਇੰਦਰਜੀਤ ਕਟਾਰੀਆ ਦੀ ਪਾਤਰ ਉਸਾਰੀ ਇਕ ਅਜਿਹੇ ਪਾਤਰ ਵਜੋਂ ਕੀਤੀ ਹੈ।

ਕਹਾਣੀ ਕਲਾ ਦੇ ਮੂਲ ਤੱਤਾਂ ਵਿਚ ਵਾਰਤਾਲਾਪ ਇਕ ਨਾਟਕੀ ਤੱਤ ਹੈ। ਜਿਸ ਨਾਲ ਕਹਾਣੀ ਵਿਚ ਨਾਟਕੀਅਤਾ ਆਉਂਦੀ ਹੈ। ਵਾਰਤਾਲਾਪ ਕਹਾਣੀ ਵਿਚ ਆਰਕਸ਼ਕ ਸੰਜੀਵਤਾ ਅਤੇ ਰੌਚਿਕਤਾ ਲਿਆਉਂਦੀ ਹੈ। ਕਹਾਣੀ ਦੇ ਵਿਕਾਸ ਕ੍ਰਮ ਵਿਚ ਕਲਾਤਮਕਤਾ ਲਿਆਉਣੀ ਇਸਦਾ ਕਾਰਜ ਹੈ। ਅਤਰਜੀਤ ਦੀਆਂ ਕਹਾਣੀਆਂ ਵਿਚਲੇ ਛੋਟੇ-ਛੋਟੇ ਵਾਰਤਾਲਾਪ ਸਥਿਤੀਆਂ ਦੇ ਅਨੁਕੂਲ ਹੋਣ ਕਰਕੇ ਕਹਾਣੀ ਦੀ ਮਹੱਤਤਾ ਨੂੰ ਜ਼ਿਆਦਾ ਵਧਾਉਂਦੇ ਹਨ। ਉਸਨੇ ਕਹਾਣੀ ਵਿਚਲੀਆਂ ਸਮੱਸਿਆਵਾਂ ਅਤੇ ਹਾਸਰਸ ਵਿਅੰਗ ਨੂੰ ਪਾਤਰਾਂ ਦੇ ਸੰਕੇਤਕ ਵਾਰਤਾਲਾਪ ਰਾਹੀਂ ਪੇਸ਼ ਕੀਤਾ ਹੈ।

**ਰਮੇਸ਼ਵਰ ਤੇ ਸ਼ਾਮੂ ਦਾ ਵਾਰਤਾਲਾਪ :-**

"ਸਾਲਿਆ ਚੂੜ੍ਹਿਆ" ...... ਭੈਣ ਦੇ ਲਕੜੇ ਚਖਾਉਨਾ ਤੈਨੂੰ ਮਜ਼ਾ .....।"[9]

"ਪੈਸੇ ਦੀ ਸਿਆਸਤ ਐ ........ ਦਸ ਹਜਾਰ ਰੁਪਈਆ ਲਾ ਤਾਂ ਇੱਕੋ ਰਾਤ 'ਚ ਮਖੌਲ ਦੀ ਘੱਗਰੀ ਐ, ਬਈ ਜਣਾ ਖਣਾ ਪਾ ਕੇ ਨੱਚ ਲੂ।"[9]

ਅਤਰਜੀਤ ਦੀਆਂ ਕਹਾਣੀਆਂ ਵਿਚ ਆਮ ਤੌਰ 'ਤੇ ਮਲਵਈ ਉਪਭਾਸ਼ਾ ਦੀ ਵਰਤੋਂ ਬਹੁਤੀ ਦੇਖਣ ਨੂੰ ਮਿਲਦੀ ਹੈ। ਪਰ ਇਸਤੋਂ ਇਲਾਵਾ ਉਹ ਬਹੁ-ਭਾਸ਼ਾਈ ਚਿੰਨ੍ਹਾਂ ਦੀ ਵਰਤੋਂ ਵੀ ਕਰਦਾ ਹੈ। ਸਮੇਂ, ਸਥਾਨ ਅਤੇ ਘਟਨਾ ਨੂੰ ਧਿਆਨ 'ਚ ਰੱਖਦਿਆਂ ਅਤਰਜੀਤ ਨੇ ਬਹੁਤ ਢੁੱਕਵੀਂ ਤੇ ਸਾਰਥਕ ਭਾਸ਼ਾ ਸ਼ੈਲੀ ਦੀ ਵਰਤੋਂ ਕੀਤੀ ਹੈ। ਉਸਦੀਆਂ ਕਹਾਣੀਆਂ ਵਿਚ ਠੇਠ ਪੰਜਾਬੀ ਸ਼ਬਦਾਵਲੀ ਬੂਹਾ, ਠਿੱਠ, ਘਮਸਾਣ, ਲਵੇਰੀ, ਕੌਲੇ, ਤੋਂ ਇਲਾਵਾ ਅੰਗਰੇਜ਼ੀ ਭਾਸ਼ਾ ਦੀ ਸ਼ਬਦਾਵਲੀ ਜਿਵੇਂ, ਮੀਟਿੰਗ, ਹਰਮੋਨੀਅਮ, ਇੰਕਰੀਮੈਂਟ, ਲੈਪਟੌਪ, ਸਟੰਟ, ਅਰੇਂਜਡ ਮੈਰਿਜ ਆਦਿ ਦੀ ਵਰਤੋਂ ਆਮ ਮਿਲਦੀ ਹੈ। ਅਤਰਜੀਤ ਵਰਣਾਤਮਕ ਅਤੇ ਆਤਮਪਰਕ ਸ਼ੈਲੀ ਦੀਆਂ ਜੁਗਤਾਂ ਦੀ ਵੱਧ ਵਰਤੋਂ ਕਰਦਾ ਹੈ। ਸੰਵਾਦਮਈ ਜੁਗਤਾਂ ਦੀ ਵਰਤੋਂ ਜਿਸ ਰਾਹੀਂ ਕਹਾਣੀ ਵਿਚ ਪ੍ਰਸਤੁਤ ਪਾਤਰਾਂ ਦੀ ਆਪਸੀ ਵਾਰਤਾਲਾਪ ਨੂੰ ਸ਼ਬਦ ਵਿਚ ਪ੍ਰਗਟਾ ਕੇ ਕਿਸੇ ਸਥਿਤੀ ਜਾ ਘਟਨਾ ਬਾਰੇ ਪ੍ਰਕਾਸ਼ ਪਾਇਆ ਜਾਂਦਾ ਹੈ। ਉਸਨੇ ਬਿੰਬਾਂ ਅਤੇ ਪ੍ਰਤੀਕਾਂ ਦੀ ਸੁਯੋਗ ਵਰਤੋਂ ਸਦਕਾ ਕਹਾਣੀ ਨੂੰ ਨਾ ਕੇਵਲ ਰੌਚਕ ਹੀ ਬਣਾਇਆ ਬਲਕਿ ਪਾਠਕਾਂ ਨੂੰ ਇਕ

ਨਿਵੇਕਲੀ ਦ੍ਰਿਸ਼ਟੀ ਵੀ ਪ੍ਰਦਾਨ ਕੀਤੀ ਹੈ।

ਕਹਾਣੀ 'ਸਬੂਤੇ ਕਦਮ' ਵਿਚ ਗੱਜਣ ਦੇ ਘਰ ਦਾ ਸੁੱਕਿਆ ਨਲਕਾ ਉਸਦੀ ਸਮਾਜਿਕ, ਆਰਥਿਕ ਸਥਿਤੀ ਵਿਚ ਆਈ ਖੜੋਤ ਦਾ ਪ੍ਰਤੀਕ ਹੈ। 'ਅੱਖਾਂ ਦਾ ਦਾਰੂ' ਕਹਾਣੀ ਦਾ ਸਿਰਲੇਖ ਨਿਮਨ ਕਿਸਾਨੀ ਦੀ ਝਾਉਲੀ ਹੋਈ ਆਰਥਿਕ ਸਥਿਤੀ ਨੂੰ ਉਜਵੱਲ ਬਣਾਉਣ ਵਿਚ ਸਹਾਈ ਹੋਣਾ ਹੈ। ਜਿਵੇਂ :-

"ਅਸੀਂ ਹੱਕ ਦੇ ਟੁੱਕ ਦੀ ਗੱਲ ਕਰਾਂਗੇ, ਬਾਪੂ, ਭਜਨ ਨੇ ਚਿੱਤ ਵਿਚ ਕਿਹਾ, ਮੰਗਵੇਂ ਟੁੱਕ ਦੀ ਗੱਲ ਨ੍ਹੀ ਕਰਦੇ।"[10]

ਸਮੁੱਚੇ ਰੂਪ ਵਿਚ ਅਤਰਜੀਤ ਦੀ ਕਹਾਣੀ ਕਲਾ ਬਾਰੇ ਜਦੋਂ ਅਸੀਂ ਵਿਚਾਰ ਕਰਦੇ ਹਾਂ ਤਾਂ ਉਸਦੀਆਂ ਪਹਿਲੇ ਦੋ ਸੰਗ੍ਰਹਿ ਵਿਚਲੀਆਂ ਕਹਾਣੀਆਂ ਵਿਸ਼ੇਸ਼ ਭਾਂਤ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਣ ਕਾਰਨ ਉਦੇਸ਼ ਮੂਲਕ ਰਚਨਾਵਾਂ ਹਨ ਅਤੇ ਪਾਠਕ ਲਈ ਦਿਸ਼ਾ ਦਿਖਾਉਣ ਦਾ ਸੁਚੇਤ ਅਤੇ ਪ੍ਰਤੱਖ ਯਤਨ ਕਰਦੀਆਂ ਹਨ। ਉਸਦੀਆਂ ਪਿਛਲੇ ਸੰਗ੍ਰਹਿ ਵਿਚਲੀਆਂ ਕਹਾਣੀਆਂ ਸ਼ਿਲਪ ਦੇ ਪੱਖੋਂ ਨਵੀਆਂ ਸੰਭਾਵਨਾਵਾਂ ਉਜਾਗਰ ਕਰਦੀਆਂ ਹਨ। ਉਹ ਵਰਿਆਮ ਸੰਧੂ ਦੀ ਪ੍ਰੰਪਰਾ ਦਾ ਅਹਿਮ ਕਹਾਣੀਕਾਰ ਹੈ। ਉਸਨੇ ਲੰਮੀ ਨਿੱਕੀ ਕਹਾਣੀ ਦੀ ਵਿਧਾ ਨੂੰ ਅਪਨਾ ਕੇ ਨਾ ਸਿਰਫ ਨਵੇਂ ਵਿਸ਼ਿਆਂ ਨੂੰ ਹੀ ਲਿਆ ਸਗੋਂ ਕਹਾਣੀ ਦੀ ਕਲਾ ਜੁਗਤ ਨੂੰ ਵਿਕਾਸ ਦਾ ਰਾਹ ਵੀ ਪ੍ਰਦਾਨ ਕੀਤਾ ਹੈ।

## ਹਵਾਲੇ ਤੇ ਟਿੱਪਣੀਆਂ


1. ਰੂ-ਬ-ਰੂ, ਸਰੋਕਾਰ : ਦਲਿਤ ਚੇਤਨਾ-ਚਿੰਤਨ ਵਿਸ਼ੇਸ਼ ਅੰਕ, 19 (ਜੁਲਾਈ-ਸਤੰਬਰ, 2004), ਪੰਨਾ-72
2. ਅਤਰਜੀਤ, 'ਸਬੂਤੇ ਕਦਮ', ਪੰਨਾ-38
3. ਸਤਿੰਦਰ ਸਿੰਘ ਨੂਰ, 'ਅਤਰਜੀਤ ਦੀਆਂ ਕਹਾਣੀਆਂ ਦੀ ਪਛਾਣ', ਅਤਰਜੀਤ, 'ਸਬੂਤੇ ਕਦਮ', ਪੰਨਾ-7, 8
4. ਅਤਰਜੀਤ, 'ਮਾਸਖੋਰੇ', ਪੰਨਾ-28
5. ਅਤਰਜੀਤ, ਕੰਧਾਂ 'ਤੇ ਲਿਖੀ ਇਬਾਰਤ', ਪੰਨਾ-50
6. ਵੀਰਪਾਲ ਕੌਰ, ਦਲਿਤ ਸੰਵੇਦਨਾ ਅਤੇ ਅਤਰਜੀਤ ਦੀ ਕਥਾ ਵਿਧੀ ਪੰਨਾ-66
7. ਅਤਰਜੀਤ, 'ਮਾਸਖੋਰੇ', ਪੰਨਾ-36
8. ਉਹੀ, 'ਟੁੱਟਦੇ ਬਣਦੇ ਰਿਸ਼ਤੇ', ਪੰਨਾ-45
9. ਉਹੀ, 'ਅਦਨਾ ਇਨਸਾਨ', ਪੰਨਾ-19
10. ਉਹੀ, 'ਟੁੱਟਦੇ ਬਣਦੇ ਰਿਸ਼ਤੇ', ਪੰਨਾ-42
11. ਉਹੀ, 'ਅੰਨੀ ਥੇਹ', ਪੰਨਾ-42
12. ਉਹੀ, 'ਅਦਨਾ ਇਨਸਾਨ', ਪੰਨਾ-91

# ਸੇਖੋਂ ਤੇ ਸਵਰਾਜਬੀਰ: ਪੰਜਾਬੀ ਰੰਗਮੰਚ

**ਮਨਪ੍ਰੀਤ ਕੌਰ**

ਨਾਟਕ ਅਤੇ ਰੰਗਮੰਚ ਦੀ ਅਮੀਰ ਪਰੰਪਰਾ ਸਾਡੇ ਵਿਰਸੇ ਵਿਚ ਪਈ ਹੋਈ ਹੈ। ਨਾਟਕ ਤੇ ਰੰਗਮੰਚ ਦਾ ਰਿਸ਼ਤਾ ਅਨਿੱਖੜ ਹੈ। ਨਾਟਕ ਤੇ ਰੰਗਮੰਚ ਦੇ ਵਿਕਾਸ ਸੰਬੰਧੀ ਸਤਿੰਦਰਜੀਤ ਸਿੰਘ ਸਾਗਰ ਦੇ ਵਿਚਾਰ ਦੇਖਣਯੋਗ ਹਨ "ਪੰਜਾਬੀ ਰੰਗਮੰਚ ਦੀਆਂ ਸੀਮਾਵਾਂ ਦੇ ਬਾਵਜੂਦ ਪੰਜਾਬੀ ਨਾਟਕ ਦਾ ਜੋ ਸਰੂਪ ਵਿਕਸਤ ਹੋਇਆ, ਉਸ ਵਿਚ ਰੰਗਮੰਚ ਦੀਆਂ ਸੰਭਾਵਨਾਵਾਂ ਬਣੀਆਂ ਰਹੀਆਂ। ਕਈ ਪੜਾਵਾਂ 'ਚੋਂ ਲੰਘਦਿਆਂ ਪੰਜਾਬੀ ਨਾਟਕ ਦੇ ਜੀਵਨ ਦਾ ਜਟਿਲ ਤੇ ਗਹਿਰਾ ਯਥਾਰਥ ਸਥਿਤੀਆਂ ਦੀ ਵਿਆਪਕਤਾ, ਵਿਸ਼ਿਆਂ ਦੀ ਵਿਵਧਤਾ ਤੇ ਵਿਚਾਰਧਾਰਾਵਾਂ ਨੂੰ ਪ੍ਰਗਟਾਉਣ ਦੀਆਂ ਕਈ ਜੁਗਤਾਂ ਤੇ ਰੂਪ ਸਿਰਜੇ ਹਨ ਜੋ ਉਸ ਦੇ ਸਰੂਪ ਦਾ ਹਿੱਸਾ ਬਣੇ।"[1]

ਸੰਤ ਸਿੰਘ ਸੇਖੋਂ ਤੇ ਸਵਰਾਜਬੀਰ ਨਾਟਕੀ ਰੰਗਮੰਚੀ ਵਿਧੀਆਂ ਨਾਲ ਆਪਣੇ ਨਾਟਕਾਂ ਨੂੰ ਤੀਖਣ ਬਣਾਉਂਦੇ ਹਨ। ਸੰਤ ਸਿੰਘ ਸੇਖੋਂ ਨੇ ਆਪਣੇ ਇਤਿਹਾਸਕ-ਮਿਥਿਹਾਸਕ ਨਾਟਕਾਂ ਵਿਚ ਰੰਗਮੰਚੀ ਸੰਚਾਰ ਦੀਆਂ ਵਿਧੀਆਂ ਦੇ ਪ੍ਰਸੰਗ ਵਿਚ ਆਪਣੇ ਨਾਟਕਾਂ ਦੀ ਮੰਚ ਜੜ੍ਹਤ, ਦ੍ਰਿਸ਼-ਸਿਰਜਣ, ਨਾਟ-ਆਰੰਭ ਤੇ ਅੰਤ ਬਾਰੇ ਸੰਕੇਤ ਦਿੱਤੇ ਹਨ। ਸੇਖੋਂ ਦੀ ਧਾਰਨਾ ਇਹ ਸੀ ਕਿ ਪੰਜਾਬੀ ਰੰਗਮੰਚ ਉਸਦੇ ਨਾਟਕਾਂ ਲਈ ਢੁੱਕਵਾਂ ਨਹੀਂ ਹੈ। ਉਸ ਦੇ ਨਾਟਕ ਬੌਧਿਕ ਪੱਧਰ ਦੇ ਹੋਣ ਕਾਰਨ ਆਮ ਦਰਸ਼ਕਾਂ ਦੀ ਪੱਧਰ ਦੇ ਮੇਚ ਤੇ ਸਮਝ ਨਹੀਂ ਆਉਂਦੇ ਹਨ। ਸੇਖੋਂ ਰੰਗਮੰਚੀ ਸੰਚਾਰ ਦੀਆਂ ਲੋੜਾਂ ਨੂੰ ਅੱਗੇ ਰੱਖ ਕੇ ਨਾਟ-ਰਚਨਾ ਨਹੀਂ ਕਰਦਾ ਕਿਉਂਕਿ ਉਸਦੀ ਧਾਰਨਾ ਇਹ ਹੈ ਕਿ ਰੰਗਮੰਚ ਉਸਦੇ ਨਾਟਕਾਂ ਲਈ ਢੁੱਕਵਾਂ ਵਾਤਾਵਰਨ ਖ਼ੁਦ ਪੈਦਾ ਕਰੇ। ਸਿੱਖ ਇਤਿਹਾਸ ਨਾਲ ਸੰਬੰਧਿਤ ਇਤਿਹਾਸਕ ਨਾਟਕ ਵਿਸ਼ੇਸ਼ ਰੰਗਮੰਚੀ ਸੰਚਾਰ ਦੀਆਂ ਜੁਗਤਾਂ ਦੀ ਮੰਗ ਕਰਦੇ ਹਨ ਜਿਸ ਕਰਕੇ ਕੋਈ ਵੀ ਰੰਗਕਰਮੀ ਉਸਦੇ ਨਾਟਕਾਂ ਨੂੰ ਖੇਡਣ ਵਿਚ ਰੁਚੀ ਨਹੀਂ ਰੱਖਦਾ। ਪਿਆਰਾ ਸਿੰਘ ਭੋਗਲ, ਸੇਖੋਂ ਦੇ ਨਾਟਕਾਂ ਦੀ ਰੰਗਮੰਚ ਪੱਖੋਂ ਘਾਟ ਨੂੰ ਬਿਆਨ ਕਰਦਾ ਇਉਂ ਲਿਖਦਾ ਹੈ- *"ਮੁਇਆਂ ਸਾਰ ਨ ਕਾਈ' ਤੇ 'ਦਮਯੰਤੀ' ਨਾਟਕ ਹਨ, ਭਾਵੇਂ ਇਨ੍ਹਾਂ ਵਿਚ ਤਕਨੀਕੀ ਘਾਟੇ ਦੇਖੇ ਜਾ ਸਕਦੇ ਹਨ। ਇਉਂ ਕਹਿ ਸਕਦੇ ਹਾਂ ਕਿ ਇਕ ਚੰਗਾ ਨਾਟਕ ਸਿਰਫ਼ ਕਿਸੇ ਵਿਸ਼ੇ ਦੀ ਪੇਸ਼ਕਾਰੀ ਹੀ ਨਹੀਂ ਹੁੰਦਾ, ਰੰਗਮੰਚ ਉੱਤੇ ਦਿਖਾਉਂਦਿਆਂ ਇਹ ਦਰਸ਼ਕਾਂ ਦੇ ਮਨੋਰੰਜਨ ਦਾ ਸਾਧਨ ਵੀ ਹੁੰਦਾ ਹੈ।...ਸੰਤ ਸਿੰਘ ਸੇਖੋਂ ਆਪਣੇ ਨਾਟਕਾਂ ਦੀਆਂ ਘਟਨਾਵਾਂ ਦੀਆਂ ਰੰਗਮੰਚੀ ਸੰਭਾਵਨਾਵਾਂ ਦੀ ਪੂਰੀ ਵਰਤੋਂ ਨਹੀਂ ਕਰਦਾ ਜਿਵੇਂ ਉਸ ਤੋਂ ਬਹੁਤ ਘੱਟ ਪ੍ਰਤਿਭਾ ਵਾਲੇ ਲੋਕ ਕਰ ਲੈਂਦੇ ਹਨ।"*[2]

ਸੰਤ ਸਿੰਘ ਸੇਖੋਂ ਦੇ ਨਾਟਕ ਮੰਚ 'ਤੇ ਪੇਸ਼ ਨਾ ਹੋਣ ਦਾ ਪ੍ਰਮੁੱਖ ਕਾਰਨ, ਉਸਨੂੰ ਮੰਚੀ ਜੁਗਤਾਂ ਦੇ ਅਨੁਭਵ ਦਾ ਅਭਾਵ ਵੀ ਹੈ, ਕਿਉਂਕਿ ਉਸਨੂੰ ਮੰਚ ਜੁਗਤਾਂ ਦਾ ਵਿਹਾਰਕ ਤਜਰਬਾ ਵੀ ਨਹੀਂ ਸੀ। ਇਸੇ ਕਰਕੇ ਉਸ ਦੇ ਨਾਟਕ ਬੌਧਿਕਤਾ ਪੱਖੋਂ ਭਰਪੂਰ ਹਨ। ਸੇਖੋਂ ਆਪਣੇ ਇਤਿਹਾਸਕ-ਮਿਥਿਹਾਸਕ ਨਾਟਕਾਂ ਵਿਚ ਬੌਧਿਕਤਾ ਤੇ ਰੰਗਮੰਚ ਦੀ ਸਮਰੱਥਾ ਦੇ ਸਹੀ ਤਾਲਮੇਲ ਨੂੰ ਨਿਭਾਅ ਨਹੀਂ ਸਕਿਆ।

ਸਵਰਾਜਬੀਰ ਦੇ ਨਾਟਕਾਂ ਨੇ ਜਿਥੇ ਪੰਜਾਬੀ ਰੰਗਮੰਚ ਨੂੰ ਨਵਾਂ ਹਲੂਣਾ ਦਿੱਤਾ, ਉੱਥੇ

---

✪ ਪੰਜਾਬੀ ਵਿਭਾਗ, ਦੇਵ ਸਮਾਜ ਕਾਲਜ ਫਾਰ ਵਿਮੈਨ, ਚੰਡੀਗੜ੍ਹ

ਨਵੀਂ ਸੋਚ ਵੀ ਦਿੱਤੀ ਹੈ। ਸਵਰਾਜਬੀਰ ਇਤਿਹਾਸ-ਮਿਥਿਹਾਸ ਨੂੰ ਸੂਈ ਦੇ ਨੱਕੇ ਵਿਚ ਦੀ ਕੱਢ ਕੇ ਵਰਤਮਾਨ ਨਾਲ ਤੋਲ ਦਿੰਦਾ ਹੈ। ਇਹ ਮਾਪ-ਤੋਲ ਵਿਚ ਉਹ ਕਦੇ ਤਰਕਹੀਣ ਤੇ ਉਲਾਰੂ ਨਹੀਂ ਹੁੰਦਾ। ਸਵਰਾਜਬੀਰ ਕਵਿਤਾ ਰਾਹੀਂ ਨਾਟ-ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਕਾਵਿ ਤੇ ਗਦ ਦੇ ਸੁਮੇਲ ਨਾਲ ਆਪਣੇ ਨਾਟਕਾਂ ਵਿਚ ਨਵੇਂ-ਨਵੇਂ ਪ੍ਰਯੋਗ ਕਰਦਾ ਹੈ, "ਸਵਰਾਜਬੀਰ ਦੇ ਨਾਟਕ ਧਰਮ ਗੁਰੂ ਦੇ ਨਾਟ-ਰੂਪ ਅਤੇ ਰੰਗਮੰਚ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਨਾਟਕ ਅਤੇ ਰੰਗਮੰਚ ਦੀ ਅਮੀਰ ਪਰੰਪਰਾ ਸਾਡੇ ਵਿਰਸੇ ਵਿਚ ਪਈ ਹੋਈ ਹੈ। ਮਹਾਨ ਨਾਟਕਕਾਰ ਬ੍ਰੇਖਤ ਨੇ ਸਾਡੇ ਵਿਰਸੇ ਵਿਚੋਂ ਹੀ ਕੁਝ ਨਾਟ-ਰੂਪਾਂ ਨੂੰ ਲੈ ਕੇ ਆਪਣੇ ਨਾਟਕਾਂ ਦੀ ਸਿਰਜਣਾ ਕੀਤੀ ਅਤੇ ਆਪਣੇ ਰੰਗਮੰਚ ਦਾ ਨਿਰਮਾਣ ਕੀਤਾ। ਪੰਜਾਬੀ ਨਾਟਕਕਾਰ ਸ਼ੁਰੂ ਤੋਂ ਹੀ ਪੱਛਮ ਦੇ ਯਥਾਰਥਵਾਦੀ ਰੰਗਮੰਚ ਨੂੰ ਮਾਡਲ ਬਣਾ ਕੇ ਨਾਟਕਾਂ ਦੀ ਰਚਨਾ ਕਰਦੇ ਰਹੇ ਹਨ।" ਇਸੇ ਤਰ੍ਹਾਂ ਸਵਰਾਜਬੀਰ ਵੀ ਭਾਰਤੀ-ਪੱਛਮੀ ਰੰਗਮੰਚੀ ਸੰਚਾਰ ਵਿਧੀਆਂ ਨੂੰ ਸਾਹਮਣੇ ਰੱਖ ਕੇ ਨਾਟਕ ਸਿਰਜਦਾ ਹੈ। ਸਵਰਾਜਬੀਰ ਨਾਟ-ਸੰਚਾਰ ਲਈ ਦ੍ਰਿਸ਼ ਚਿਤਰਨ, ਸੂਤਰਧਾਰ ਤੇ ਕੋਰਸ, ਗੀਤ/ਸੰਗੀਤ, ਪਿੱਠਵਰਤੀ ਆਵਾਜ਼ਾਂ, ਰੌਸ਼ਨੀ, ਨਟ-ਨਟੀ ਦੀ ਰੂੜ੍ਹੀ, ਸੰਵਾਦ, ਮਨੋਬਚਨੀ ਆਦਿ ਵਿਧੀਆਂ ਵਰਤਦਾ ਹੈ। ਮੂਕ ਅਭਿਨੈ ਤੇ ਦ੍ਰਿਸ਼ ਨੂੰ ਸਟਿੱਲ ਕਰਨ ਦੀ ਵਿਧੀ ਵੀ ਸਵਰਾਜਬੀਰ ਦੇ ਨਾਟਕਾਂ ਵਿਚੋਂ ਪਛਾਣੀ ਜਾ ਸਕਦੀ ਹੈ। ਨਾਟਕੀ ਸੰਕੇਤਾਂ ਨੂੰ ਡੀਕੋਡ ਕਰਨ ਲਈ ਮੰਚ ਸੱਜਾ ਤੇ ਰੂਪ ਸੱਜਾ ਦਾ ਬਹੁਤ ਮਹੱਤਵ ਹੁੰਦਾ ਹੈ। ਰੌਸ਼ਨੀ ਦੀ ਵਰਤੋਂ ਮੰਚ ਉੱਪਰ ਵਾਪਰ ਰਹੀ ਘਟਨਾ ਨੂੰ ਠੀਕ ਤਰ੍ਹਾਂ ਦੇਖਣ ਲਈ, ਢੁੱਕਵੇਂ ਵਾਤਾਵਰਨ ਉਸਾਰਨ ਲਈ ਅਤੇ ਨਾਟਕੀ ਪੇਸ਼ਕਾਰੀ ਨੂੰ ਅਰਥ ਭਰਪੂਰ ਬਣਾਉਣ ਲਈ ਕੀਤੀ ਜਾਂਦੀ ਹੈ। ਰੌਸ਼ਨੀਆਂ ਦੀ ਢੁਕਵੀਂ ਵਰਤੋਂ ਜਿਥੇ ਨਾਟਕਾਂ ਦੇ ਥੀਮ ਨੂੰ ਬਹੁਪਰਤੀ ਬਣਾਉਂਦੀ ਹੈ ਉਥੇ ਲਿਖਤੀ ਨਾਟ-ਪਾਠ ਅੰਦਰ ਛੁਪੀਆਂ ਸੰਭਾਵਨਾਵਾਂ ਨੂੰ ਵੀ ਉਭਾਰਦੀ ਹੈ। ਸਵਰਾਜਬੀਰ ਦੇ ਨਾਟਕ ਮੰਚੀ ਪੇਸ਼ਕਾਰੀ ਸਮੇਂ ਇਸ ਸੰਬੰਧੀ ਖੂਬ ਖਰੇ ਉਤਰਦੇ ਹਨ। ਮੰਚ ਸੱਜਾ ਤੇ ਰੌਸ਼ਨੀ ਵੀ ਉਸਦੇ ਨਾਟਕਾਂ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਕਮਲੇਸ਼ ਉੱਪਲ ਦੇ ਅਨੁਸਾਰ- *"ਰੰਗਮੰਚ ਦੇ ਸੰਪੂਰਣ ਅਰਥ ਨਾਟਕ ਦੀ ਖੇਡ ਤੋਂ ਬਣੇ ਰੂਪ ਦੇ ਪ੍ਰਭਾਵ ਰਾਹੀਂ ਸਪੱਸ਼ਟ ਹੋ ਸਕਦੀ ਹਨ।...ਇਸ ਰੂਪ ਦੀ ਕੋਈ ਸਿਧ-ਪੱਧਰੀ ਬਣਤਰ ਨਹੀਂ ਹੁੰਦੀ। ਇਸ ਵਿਚ ਵੱਖ-ਵੱਖ ਰੰਗਮੰਚੀ ਤੱਤ ਬਿੰਬ ਬਣਾ ਕੇ ਪੇਸ਼ਕਾਰੀ ਦੀ ਦਿੱਖਤ (Visual) ਅਤੇ ਸੁਣਤ (Audio) ਅੰਤਰ-ਬੁਣਤਰ ਰਾਹੀਂ ਸੰਚਾਰਸ਼ੀਲਤਾ ਬਣਾਉਂਦੇ ਹਨ।"*[4]

ਇਉਂ ਰੰਗਮੰਚੀ ਦ੍ਰਿਸ਼ਟੀ ਤੋਂ ਸੇਖੋਂ ਤੇ ਸਵਰਾਜਬੀਰ ਦੇ ਇਤਿਹਾਸਕ-ਮਿਥਿਹਾਸਕ ਨਾਟਕਾਂ ਵਿਚ ਕਾਫੀ ਅੰਤਰ ਹੈ। ਸੇਖੋਂ ਨੇ ਆਪਣੇ ਕਿਸੇ ਵੀ ਇਤਿਹਾਸਕ-ਮਿਥਿਹਾਸਕ ਨਾਟਕਾਂ ਵਿਚ ਦ੍ਰਿਸ਼-ਵਿਉਂਤ ਨੂੰ ਨਹੀਂ ਅਪਣਾਇਆ, ਜਦੋਂ ਕਿ ਸਵਰਾਜਬੀਰ ਨੇ ਆਪਣੇ ਸਾਰੇ ਨਾਟਕਾਂ ਵਿਚ ਦ੍ਰਿਸ਼ ਵਿਉਂਤ ਨੂੰ ਅਪਣਾਇਆ ਹੈ। ਦ੍ਰਿਸ਼ ਵਿਉਂਤ ਦਾ ਸਭ ਤੋਂ ਵੱਡਾ ਮੰਤਵ ਇਹੋ ਹੈ ਕਿ ਦਰਸ਼ਕਾਂ ਨੂੰ ਨਾਟਕ ਸਮਝਣ ਵਿਚ ਆਸਾਨੀ ਹੋ ਜਾਵੇ। ਇਸ ਰਾਹੀਂ ਨਾਟਕ ਦੇ ਗੁਣਾਂ ਨੂੰ ਪ੍ਰਗਟਾਇਆ ਜਾ ਸਕਦਾ ਹੈ। ਸਵਰਾਜਬੀਰ ਦੇ ਇਤਿਹਾਸਕ-ਮਿਥਿਹਾਸਕ ਨਾਟਕਾਂ ਵਿਚ ਗੀਤ-ਸੰਗੀਤ ਦੀ ਬਾਖੂਬੀ ਵਰਤੋਂ ਹੋਈ ਹੈ। ਵਿਸ਼ੇ ਤੇ ਸਥਿਤੀ ਨੂੰ ਸਪੱਸ਼ਟ ਕਰਨ ਲਈ ਪੱਛਮੀ ਨਾਟ-ਪਰੰਪਰਾ ਦੀ ਕੋਰਸ ਦੀ ਜੁਗਤ ਦਾ ਇਸਤੇਮਾਲ ਉਹ ਵਾਰ-ਵਾਰ ਕਰਦਾ ਹੈ। ਸਵਰਾਜਬੀਰ ਨੇ ਨਾਟਕਾਂ ਨੂੰ ਸੱਭਿਆਚਾਰਕ ਤੇ ਲੋਕਧਾਰਾਈ ਪੁੱਠ ਦੇਣ ਲਈ ਪੰਜਾਬੀ ਸੱਭਿਆਚਾਰ ਦੇ ਪ੍ਰਚੱਲਤ ਪਾਤਰਾਂ ਜਿਵੇਂ ਫੱਫੇਕੁਟਣੀਆਂ, ਕਲਜੋਗਣਾਂ ਆਦਿ ਰਾਹੀਂ ਤਿੱਖੇ ਸੰਵਾਦ ਸਿਰਜੇ

ਹਨ। ਕਮਲੇਸ਼ ਉੱਪਲ ਪੰਜਾਬੀ ਨਾਟਕ ਦੇ ਮਿਆਰ ਬਾਰੇ ਇਉਂ ਲਿਖਦੀ ਹੈ- *"ਇਸ ਪ੍ਰਕਾਰ ਇੱਕੀਵੀਂ ਸਦੀ ਦੇ ਪੰਜਾਬੀ ਨਾਟਕ ਨੇ ਅਤੀਤ ਤੋਂ ਬਹੁਤਾ ਕੁਝ ਗ੍ਰਹਿਣ ਨਾ ਕਰਦਿਆਂ ਵੀ ਪਿਛਲੀ ਸਦੀ ਦੀ ਨਾਟਕੀ ਗੁਣਵੱਤਾ ਵਿਚ ਵਾਧਾ ਕਰਦਿਆਂ ਕਈ ਨਵੇਂ ਗੌਰਵਪੂਰਨ ਪਾਸਾਰ ਗ੍ਰਹਿਣ ਕੀਤੇ ਹਨ। ਸੰਤ ਸਿੰਘ ਸੇਖੋਂ ਦੀ ਬੌਧਿਕ ਦ੍ਰਿਸ਼ਟੀ ਨੂੰ ਯਾਦ ਕਰੀਏ ਤਾਂ ਸੇਖੋਂ ਤੋਂ ਸਵਰਾਜਬੀਰ ਤੱਕ ਉੱਚੇ ਮਿਆਰ ਸਿਰਜਦੀ ਬੌਧਿਕ ਪਾਰਸਾਈ ਪੰਜਾਬੀ ਨਾਟਕ ਲਈ ਗੌਰਵ ਦਾ ਵਿਸ਼ਾ ਬਣਦੀ ਹੈ। ਧਰਮ ਗੁਰੂ, ਮੇਦਨੀ, ਕ੍ਰਿਸ਼ਨ, ਸ਼ਾਇਰੀ ਨਾਂ ਦੇ ਨਾਟਕਾਂ ਦਾ ਮਿਆਰ ਵਿਸ਼ਵ ਪੱਧਰੀ ਨਾਟਕ ਦੇ ਮਿਆਰ ਤੋਂ ਕਿਵੇਂ ਵੀ ਘੱਟ ਨਹੀਂ।"*[5]

ਸੰਤ ਸਿੰਘ ਸੇਖੋਂ ਤੇ ਸਵਰਾਜਬੀਰ ਦੇ ਨਾਟਕ ਰੰਗਮੰਚੀ ਦ੍ਰਿਸ਼ਟੀ ਤੋਂ ਕਾਫੀ ਵੱਖਰੇ ਹਨ। ਸੇਖੋਂ ਦੇ ਨਾਟਕ ਬੌਧਿਕਤਾ ਭਰਪੂਰ ਹੋਣ ਕਾਰਨ ਰੰਗਮੰਚ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਨਹੀਂ ਕਰਦੇ ਜਦ ਕਿ ਸਵਰਾਜਬੀਰ ਆਪਣੇ ਸਾਰੇ ਨਾਟਕਾਂ ਨੂੰ ਰੰਗਮੰਚੀ ਜ਼ਰੂਰਤਾਂ ਨੂੰ ਸਾਹਮਣੇ ਰੱਖ ਕੇ ਲਿਖਦਾ ਹੈ। ਸਵਰਾਜਬੀਰ ਕੋਲ ਇਤਿਹਾਸਕ-ਮਿਥਿਹਾਸਕ ਕਥਾਵਾਂ ਦੇ ਰੂਪਾਂਤਰਣ ਦੀ ਅਜਿਹੀ ਵਿਧੀ ਹੈ, ਜਿਸ ਰਾਹੀਂ ਉਹ ਉਨ੍ਹਾਂ ਨੂੰ ਆਪਣੀ ਵਿਚਾਰਧਾਰਾ ਅਤੇ ਦ੍ਰਿਸ਼ਟੀ ਵਿਚ ਢਾਲ ਕੇ ਨਵੇਂ ਅਰਥ ਦਿੰਦਾ ਹੈ। ਉਸਦੇ ਤਕਰੀਬਨ ਸਾਰੇ ਨਾਟਕ ਰੰਗਮੰਚ 'ਤੇ ਪੇਸ਼ ਹੋਏ ਹਨ। ਸਵਰਾਜਬੀਰ ਬਹੁ-ਦਿਸ਼ਾਵੀ ਨਾਟਕ ਸਿਰਜ ਕੇ ਅਸਿੱਧੇ ਰੂਪ ਵਿਚ ਅਨੇਕਾਂ ਰੰਗਮੰਚੀ ਵਿਧੀਆਂ ਅਤੇ ਲੇਖਨ ਵਿਧੀਆਂ ਦੀ ਪਹੁੰਚ ਨੂੰ ਅਪਣਾਉਂਦਾ ਹੈ।

ਸੰਤ ਸਿੰਘ ਸੇਖੋਂ ਦੀ ਨਾਟਕ ਰਚਨਾ ਦੇ ਸੰਬੰਧ ਵਿਚ ਵੱਡੀ ਸੀਮਾ ਇਹ ਰਹੀ ਹੈ ਕਿ ਉਸ ਨੇ ਕਦੇ ਇਨ੍ਹਾਂ ਨਾਟਕਾਂ ਦੇ ਮੰਚਣ ਵੱਲ ਧਿਆਨ ਨਹੀਂ ਦਿੱਤਾ। ਸੰਤ ਸਿੰਘ ਸੇਖੋਂ ਅਨੁਸਾਰ, *"ਨਾਟਕ ਖੇਡਣ ਦਾ ਅਸਾਡੇ ਦੇਸ਼ ਵਿਚ ਰਿਵਾਜ ਵੀ ਘੱਟ ਹੈ। ਇਸ ਦਾ ਵੱਡਾ ਕਾਰਣ ਅਸ਼ਾਡੇ ਸਮਾਜਕ ਆਚਾਰ ਤੇ ਇਸਤਰੀ ਬਾਰੇ ਕੁੱਝ ਪਿਛੜੇ ਜਿਹੇ ਵਿਚਾਰ ਹਨ। ਨਾਟਕ ਦੀ ਖੇਡ ਇਸਤਰੀ ਨਾਟਕਕਾਰ ਦੇ ਸਹਿਯੋਗ ਤੋਂ ਬਿਨਾਂ ਇਕ ਬੜੀ ਫਿੱਕੀ ਜਿਹੀ ਖੇਡ ਬਣ ਜਾਂਦੀ ਹੈ।"*[6] ਸੇਖੋਂ ਦੇ ਇਤਿਹਾਸਕ-ਮਿਥਿਹਾਸਕ ਨਾਟਕਾਂ ਦੇ ਰੰਗਮੰਚੀ ਸੰਚਾਰ ਦੇ ਸੰਬੰਧੀ ਪਹਿਲਾਂ ਵਿਚਾਰਨਯੋਗ ਨੁਕਤਾ ਇਹ ਹੈ ਕਿ ਉਸਦੇ ਨਾਟਕਾਂ ਦਾ ਰੰਗਮੰਚ ਨਾਲ ਰਿਸ਼ਤੇ ਦਾ ਮੂਲ ਆਧਾਰ ਬੌਧਿਕਤਾ ਹੈ। ਸੇਖੋਂ ਨੇ ਰੰਗਮੰਚ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਨਾਟਕ ਨਹੀਂ ਲਿਖੇ। ਉਸਦੇ ਨਾਟਕਾਂ ਵਿਚ ਕਾਰਜ ਦੀ ਘਾਟ ਹੈ। ਨਾਟਕ ਵਿਚਲੇ ਪਾਤਰ ਆਉਂਦੇ ਹਨ, ਆਪੋ ਆਪਣੀ ਥਾਂ 'ਤੇ ਬੈਠਦੇ ਹਨ ਤੇ ਗੱਲਬਾਤ ਪੂਰੀ ਕਰਕੇ ਉੱਠ ਜਾਂਦੇ ਹਨ। ਇਸ ਤਰ੍ਹਾਂ ਸੰਤ ਸਿੰਘ ਸੇਖੋਂ ਆਪਣੇ ਨਾਟਕਾਂ ਨੂੰ ਮੰਚ ਅਨੁਕੂਲ ਬਣਾਉਣ ਲਈ ਆਪ ਬਿਲਕੁਲ ਚੇਤਨ ਨਹੀਂ ਸੀ। ਸੰਤ ਸਿੰਘ ਸੇਖੋਂ ਨੂੰ ਰੰਗਮੰਚ ਦਾ ਵਿਹਾਰਕ ਤਜਰਬਾ ਨਹੀਂ ਸੀ ਜਿਸ ਕਾਰਨ ਉਸਨੂੰ ਆਪਣੇ ਮੰਚ ਅਨੁਭਵ ਦਾ ਅਭਾਵ ਸੀ। ਇਹੀ ਕਾਰਨ ਹੈ ਕਿ ਉਹ ਆਪਣੇ ਨਾਟਕਾਂ ਵਿਚ ਬੌਧਿਕਤਾ ਤੇ ਰੰਗਮੰਚੀ ਸੰਚਾਰ ਦਾ ਸਹੀ ਸੁਮੇਲ ਨਹੀਂ ਨਿਭਾਅ ਸਕਿਆ। ਸੇਖੋਂ ਦੇ ਨਾਟਕਾਂ ਦੇ ਰੰਗਮੰਚੀ ਸੰਚਾਰ ਹਿੱਤ ਇਕ ਗੌਲਣਯੋਗ ਪੱਖ ਇਹ ਵੀ ਹੈ ਕਿ ਅਜੋਕੇ ਦੌਰ ਵਿਚ ਆਧੁਨਿਕ ਸਾਧਨਾ ਜਿਵੇਂ ਫਲੈਸ਼ਬੈਕ, ਰੌਸ਼ਨੀਆਂ ਤੇ ਆਵਾਜ਼ਾਂ ਦੇ ਪ੍ਰਭਾਵ ਨਾਲ ਜਦੋਂ ਰੰਗਮੰਚ ਤੇ ਔਖੇ ਤੇ ਔਖਾ ਦ੍ਰਿਸ਼ ਪੇਸ਼ ਕੀਤਾ ਜਾ ਸਕਦਾ ਹੈ ਤਾਂ ਇਸ ਵਿਕਸਤ ਰੰਗਮੰਚ 'ਤੇ ਸੰਤ ਸਿੰਘ ਸੇਖੋਂ ਦੇ ਨਾਟਕਾਂ ਦੀ ਪੇਸ਼ਕਾਰੀ ਵੀ ਸੰਭਵ ਹੈ।

ਡਾ. ਅਮਰਜੀਤ ਸਿੰਘ, ਸੇਖੋਂ ਦੇ ਨਾਟਕਾਂ 'ਤੇ ਟਿੱਪਣੀ ਕਰਦਾ ਲਿਖਦਾ ਹੈ, *"ਸੇਖੋਂ ਦੇ ਬਹੁਤ ਘੱਟ ਨਾਟਕ ਰੰਗਮੰਚ ਉੱਤੇ ਖੇਡੇ ਗਏ ਹਨ। ਇਨ੍ਹਾਂ ਲਈ ਰੰਗਮੰਚ ਦੀ ਸਥਿਤੀ ਨੂੰ ਦੋਸ਼ੀ*

*ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਜਦ ਕੋਈ ਨਿਰਦੇਸ਼ਕ ਕਿਸੇ ਨਾਟਕ ਨੂੰ ਰੰਗਮੰਚ ਉਤੇ ਪੇਸ਼ ਕਰਨਾ ਚਾਹੇ ਤਾਂ ਉਹ ਲੋੜੀਂਦੀ ਕਤਰ ਵਿਉਂਤ ਕਰਕੇ ਰੰਗਮੰਚ ਦੀ ਸਥਿਤੀ ਅਨੁਕੂਲ ਨਾਟਕ ਨੂੰ ਢਾਲ ਕੇ ਦਰਸ਼ਕਾਂ ਸਾਹਮਣੇ ਪੇਸ਼ ਕਰ ਸਕਦਾ ਹੈ। ਸੇਖੋਂ ਨੇ ਆਪਣੇ ਨਾਟਕਾਂ ਦੇ ਰੰਗਮੰਚ ਉੱਤੇ ਨਾ ਆਉਣ ਲਈ ਪੰਜਾਬੀ ਰੰਗਮੰਚ ਦੀ ਅਵਿਕਸਿਤ ਸਥਿਤੀ ਨੂੰ ਦੋਸ਼ੀ ਮਿਥਿਆ ਹੈ ਪਰ ਅਸੀਂ ਇਸ ਕਥਨ ਨਾਲ ਸਹਿਮਤ ਨਹੀਂ ਕਿਉਂਕਿ ਕੋਈ ਵੀ ਕੁਸ਼ਲ ਨਿਰਦੇਸ਼ਕ ਰੰਗਮੰਚ ਦੀ ਸਥਿਤੀ ਨੂੰ ਨਾਟਕ ਦੀ ਲੋੜ ਅਨੁਸਾਰ ਅਤੇ ਨਾਟਕ ਨੂੰ ਰੰਗਮੰਚ ਦੀ ਸਥਿਤੀ ਅਨੁਕੂਲ ਪਰਿਵਰਤਿਤ ਕਰਕੇ ਦਰਸ਼ਕਾਂ ਸਾਹਮਣੇ ਲਿਆ ਸਕਦਾ ਹੈ।"*[7]

ਸੰਤ ਸਿੰਘ ਸੇਖੋਂ ਤੇ ਸਵਰਾਜਬੀਰ ਦੋਵੇਂ ਹੀ ਵੱਖ-ਵੱਖ ਨਾਟ-ਵਿਧੀਆਂ ਦਾ ਪ੍ਰਯੋਗ ਕਰਦੇ ਹਨ। ਸੇਖੋਂ ਦੇ ਨਾਟਕਾਂ ਦੀ ਵਿਧੀ ਉਸਦੀ ਚੇਤਨਾ ਤੋਂ ਪ੍ਰਭਾਵਿਤ ਹੁੰਦੀ ਹੈ। ਉਸਦੀ ਮਾਰਕਸਵਾਦੀ ਜੀਵਨ ਦ੍ਰਿਸ਼ਟੀ ਉਸਦੇ ਨਾਟਕਾਂ ਦੀ ਵਿਧੀ (ਜਿਵੇਂ ਦ੍ਰਿਸ਼ ਸਿਰਜਣ, ਤਣਾਓ, ਟੱਕਰ, ਯੁੱਧ-ਵਰਨਣ) ਆਦਿ ਵਿਚ ਸੰਪੂਰਨ ਤੌਰ 'ਤੇ ਦਿਖਾਈ ਦਿੰਦੀ ਹੈ। ਸੇਖੋਂ ਕਲਾਤਮਕ ਪੱਖੋਂ ਆਪਣੇ ਨਾਟਕਾਂ ਵਿਚ ਜ਼ਿਆਦਾ ਪ੍ਰਯੋਗ ਨਹੀਂ ਕਰਦਾ, ਜਿਸ ਤਰ੍ਹਾਂ ਸਵਰਾਜਬੀਰ ਕਰਦਾ ਹੈ। ਸੇਖੋਂ ਤੇ ਸਵਰਾਜਬੀਰ ਦੇ ਨਾਟਕਾਂ ਵਿਚ ਵਿਧੀ ਪੱਖੋਂ ਪ੍ਰਮੁੱਖ ਅੰਤਰ ਇਹ ਹੈ ਕਿ ਸੇਖੋਂ ਆਪਣੇ ਨਾਟਕਾਂ ਵਿਚ ਬੌਧਿਕਤਾ ਪ੍ਰਧਾਨ ਨਾਟ-ਵਾਰਤਾਲਾਪ ਸਿਰਜਦਾ ਹੈ। ਉਹ ਨਾਟ-ਵਿਧੀ ਪੱਖੋਂ ਜ਼ਿਆਦਾ ਤਜ਼ਰਬੇ ਨਹੀਂ ਕਰਦਾ। ਸਵਰਾਜਬੀਰ ਭਾਰਤੀ ਨਾਟ-ਪਰੰਪਰਾ ਤੇ ਪੱਛਮੀ ਨਾਟ-ਪਰੰਪਰਾ ਦੀਆਂ ਵਿਭਿੰਨ ਨਾਟ-ਵਿਧੀਆਂ ਰਾਹੀਂ ਆਪਣੇ ਨਾਟਕਾਂ ਨੂੰ ਵਿਸ਼ੇਸ਼ ਦ੍ਰਿਸ਼ਟੀ ਤੋਂ ਸੰਚਾਰਦਾ ਹੈ। ਸਵਰਾਜਬੀਰ ਹਰੇਕ ਨਾਟਕ ਨੂੰ ਬਹੁਪਰਤੀ ਵਿਧੀ ਤੋਂ ਸਿਰਜਦਾ ਹੈ। ਵਿਸ਼ਵ ਸਾਹਿਤ ਦਾ ਅਧਿਐਨ ਕੀਤਾ ਹੋਣ ਕਰਕੇ ਉਹ ਵੱਖ-ਵੱਖ ਵਰਤਾਰਿਆਂ ਅਤੇ ਉਹਨਾਂ ਦੀ ਸਾਹਿਤ ਵਿਚ ਪੇਸ਼ਕਾਰੀ ਦੇ ਅੰਤਰੀਵ ਨੇਮਾਂ ਤੋਂ ਭਲੀਭਾਂਤ ਜਾਣੂ ਹੈ। ਬੁਨਿਆਦੀ ਪੱਧਰ ਤੋਂ ਸਵਰਾਜਬੀਰ ਨੇ ਵਿਰਸੇ ਵਿਚੋਂ ਜਿੰਨੇ ਨਾਟ-ਰੂਪ ਲਏ ਜਾਂ ਨਵੇਂ ਰੂਪ ਸਿਰਜੇ ਨੇ, ਉਸਨੇ ਉਹਨਾਂ ਦਾ ਪ੍ਰਯੋਗ ਬੰਨ੍ਹੀ ਬੰਨ੍ਹਾਈ ਪਰੰਪਰਾ ਦੇ ਰੂਪ ਵਿਚ ਨਹੀਂ, ਸਗੋਂ ਨਾਟ-ਵਿਸ਼ੇ ਨੂੰ ਗਤੀ ਦੇਣ ਵਾਸਤੇ ਕਰਦਾ ਹੈ। ਉਸ ਨੇ ਭਾਰਤੀ ਤੇ ਪੱਛਮੀ ਨਾਟ-ਵਿਧੀਆਂ ਦਾ ਪ੍ਰਯੋਗ ਮੌਲਿਕ ਢੰਗ ਨਾਲ ਕੀਤਾ ਹੈ। ਜਦੋਂ ਕਿ ਸੇਖੋਂ ਬਣੀ-ਬਣਾਈ ਨਾਟ-ਪਰੰਪਰਾ ਦਾ ਅਨੁਸਾਰੀ ਹੋ ਕੇ ਨਾਟ-ਵਿਧੀਆਂ ਪੱਖੋਂ ਆਪਣੇ ਨਾਟਕਾਂ ਵਿਚ ਪ੍ਰਯੋਗ ਘੱਟ ਕਰਦਾ ਹੈ।

## ਹਵਾਲੇ ਟਿੱਪਣੀਆਂ


1. ਸਬਿੰਦਰਜੀਤ ਸਿੰਘ ਸਾਗਰ, ਪੰਜਾਬੀ ਨਾਟਕ ਦਾ ਇਤਿਹਾਸ, ਪੰਨਾ 133
2. ਪਿਆਰਾ ਸਿੰਘ ਭੋਗਲ, ਪ੍ਰਸਿੱਧ ਨਾਟਕਕਾਰ, ਪੰਨਾ 307
3. ਸ਼ਾਂਤੀ ਦੇਵ, 'ਕਥਾ ਵਸਤੂ ਦੀ ਪੁਨਰ ਸਿਰਜਣਾ', **ਧਰਮ ਗੁਰੂ**, (ਸਵਰਾਜਬੀਰ), ਪੰਨਾ 13
4. ਕਮਲੇਸ਼ ਉੱਪਲ, **ਰੰਗਮੰਚ ਦੇ ਰੂਪ**, ਪੰਨਾ 10
5. ਕਮਲੇਸ਼ ਉੱਪਲ, 'ਇੱਕੀਵੀਂ ਸਦੀ ਦਾ ਪੰਜਾਬੀ ਨਾਟਕ: ਵਰਤਮਾਨ ਅਤੇ ਅਤੀਤ ਦੀ ਸੰਵਾਦਕਤਾ', **ਇੱਕੀਵੀਂ ਸਦੀ ਦਾ ਪੰਜਾਬੀ ਨਾਟਕ ਸਰੂਪ ਤੇ ਸੰਭਾਵਨਾਵਾਂ**, (ਸੰਪਾ. ਡਾ. ਹਰਿਭਜਨ ਸਿੰਘ ਭਾਟੀਆ), ਪੰਨਾ 27
6. ਪ੍ਰਿੰ: ਸੰਤ ਸਿੰਘ ਸੇਖੋਂ, 'ਪੰਜਾਬੀ ਨਾਟਕ ਕਲਾ ਦਾ ਭਵਿੱਖ', **ਸਾਹਿਤ ਸਮਾਚਾਰ**, (ਸੰਪਾ. ਜੀਵਨ ਸਿੰਘ), ਪੰਨਾ 47
7. ਡਾ. ਅਮਰਜੀਤ ਸਿੰਘ, **ਸੇਖੋਂ, ਹਰਚਰਨ ਸਿੰਘ ਤੇ ਗਾਰਗੀ**, ਪੰਨਾ 37

ਕਹਾਣੀ

# ਉਸਨੇ ਮਰ ਹੀ ਜਾਣਾ ਸੀ

**-ਬਲਬੀਰ ਪਰਵਾਨਾ**

ਉਸਨੇ ਮਰ ਹੀ ਜਾਣਾ ਸੀ! ਸ਼ਰਾਬ ਪੀ ਕੇ ਆਪਣੇ ਆਪ ਨੂੰ ਤਬਾਹ ਨਾ ਕਰ ਲੈਂਦਾ ਤਾਂ ਕਿਸੇ ਹੋਰ ਰਾਹ ਤੁਰ ਪੈਂਦਾ। ਨਿਸ਼ਚਿਤ ਸੀ ਪਰ ਉਸਨੇ ਜਾਣਾ ਮੌਤ ਦੇ ਰਾਹ ਹੀ ਸੀ! ਇਹ ਤੁਹਾਡਾ ਖ਼ਿਆਲ ਹੋ ਸਕਦਾ, 'ਆਪਣੀ ਊਰਜਾ ਨੂੰ ਚੈਨਲਾਈਜ਼ ਕਰ ਲੈਂਦਾ ਤਾਂ ਬਹੁਤ ਮਹਾਨ ਮਨੁੱਖ ਬਣਦਾ!' ਪਰ ਕੀ ਸਭ ਕੁਝ ਬੰਦੇ ਦੇ ਆਪਣੇ ਹੱਥ-ਵਸ ਹੁੰਦਾ! ਗੱਲਾਂ ਕਰਨੀਆਂ ਸੌਖੀਆਂ ਹੁੰਦੀਆਂ, ਖਾਸ ਕਰਕੇ ਜੇ ਇਹ ਕਿਸੇ ਹੋਰ ਦੇ ਬਾਰੇ 'ਚ ਹੋਣ! ਪਤਾ ਉਦੋਂ ਲੱਗਦਾ, ਜਦੋਂ ਆਪਣੇ ਸਿਰ ਪਈ ਹੋਵੇ!

ਉਂਜ ਜੇ ਉਹ ਹੋਰ ਦਸ-ਪੰਦਰਾਂ ਸਾਲ ਜੀਉਂਦਾ ਵੀ ਰਹਿੰਦਾ ਤਾਂ ਵੀ ਕੀ ਫਰਕ ਪੈਂਦਾ! ਸ਼ਰਾਬ ਹੀ ਸੀ ਨਾ ਜਿਹੜੀ ਦੋ ਤਿੰਨ ਹਜ਼ਾਰ ਬੋਤਲਾਂ ਹੋਰ ਪੀ ਲੈਂਦਾ ਜਾਂ ਦਸ ਵੀਹ ਬੋਰੀਆਂ ਕਣਕ ਦੀਆਂ ਖਾ ਲੈਂਦਾ। ਕੁਝ ਔਰਤਾਂ ਨਾਲ ਸੌਂ ਲੈਂਦਾ! ਚਲੋ ਤੁਹਾਡੀ ਗੱਲ ਮੰਨ ਲੈਨਾ ਕਿ ਔਰਤਾਂ ਨਹੀਂ, ਗਸ਼ਤੀਆਂ ਨਾਲ ਸੌਂ ਲੈਂਦਾ, ਜਿਹੜੀਆਂ ਕਿਸੇ ਨਾ ਕਿਸੇ ਕਾਰਨ ਕਰਕੇ ਲੀਹ ਤੋਂ ਲੱਥੀਆਂ ਹੁੰਦੀਆਂ ਤੇ ਆਰਥਕ ਜਾਂ ਮਾਨਸਿਕ ਸਕੂਨ ਦੀ ਤਲਾਸ਼ 'ਚ ਭਟਕਦੀਆਂ ਫਿਰਦੀਆਂ। ਉਂਜ ਵੀ 'ਸਾਊ' ਔਰਤਾਂ ਨਾਲ ਜੁੜ ਸਕਣ ਦੀ ਉਸਦੀ ਉਮਰ ਤੇ ਹੈਸੀਅਤ ਕਦੋਂ ਦੀ ਖ਼ਤਮ ਹੋ ਚੁੱਕੀ ਸੀ। ਹੁਣ ਤਾਂ ਉਸਦੀਆਂ ਪੁਰਾਣੀਆਂ 'ਬੇਲਣਾ' ਵੀ ਉਸ ਤੋਂ ਕਿਨਾਰਾ ਕਰਨ ਲੱਗ ਪਈਆਂ ਸਨ। ਮਿਲ ਜਾਣ 'ਤੇ ਉਲਟਾ ਉਸਨੂੰ ਪ੍ਰਵਚਨ ਝਾੜਨ ਲੱਗ ਪੈਂਦੀਆਂ, ਉਸਦੀ 'ਨੰਗੀ ਖਾਹਸ਼' ਤੋਂ ਪਾਸਾ ਵੱਟ ਜਾਂਦੀਆਂ। ਉਹੀ, ਜਿਹਨਾਂ ਨੂੰ ਕਦੀ ਉਸਦੀ ਤੁਕਬੰਦੀ ਮੋਂਹਦੀ ਹੁੰਦੀ ਸੀ, ਉਸ ਕੋਲ ਚਲ ਕੇ ਆਉਂਦੀਆਂ ਸਨ, ਸਗੋਂ ਉਸਦੇ ਮਨ 'ਚ ਇਕ 'ਅਹਿੰ' ਵੀ ਭਰਦੀਆਂ ਰਹਿੰਦੀਆਂ, ਉਹੀ ਉਸਨੂੰ 'ਕੰਜਰ' ਤੱਕ ਕਹਿਣ ਲੱਗੀਆਂ ਸਨ।

'ਸਾਲਾ ਤੀਵੀਂਬਾਜ', ਤੁਸੀਂ ਕਹਿ ਤਾਂ ਬੜੇ ਆਰਾਮ ਨਾਲ ਦਿੱਤਾ ਪਰ ਕਦੀ ਸੋਚਣਾ, ਕੌਣ ਇੰਜ ਨਹੀਂ ਕਰਦਾ ਜਾਂ ਕਰਨਾ ਚਾਹੁੰਦਾ! ਕੀ ਤੁਹਾਡੀ ਜ਼ਿੰਦਗੀ 'ਚ ਤੁਹਾਡੀ ਬੀਵੀ ਤੋਂ ਬਿਨਾਂ ਕੋਈ ਹੋਰ ਔਰਤ ਨਹੀਂ ਆਈ! ਹੋ ਸਕਦਾ ਹੈ ਕਿਸੇ ਨੂੰ 'ਬੈੱਡ' ਤੱਕ ਲਿਜਾਣ ਦਾ ਮੌਕਾ ਨਾ ਬਣਿਆ ਹੋਵੇ, ਪਰ ਕਦੀ ਮਨ ਹੀ ਮਨ ਕੁਝ ਕਰਨਾ ਨਹੀਂ ਚਾਹਿਆ! ਅੱਖਾਂ ਹੀ ਅੱਖਾਂ ਰਾਹੀਂ ਕਿਸੇ ਨੂੰ ਭੋਗਿਆ ਨਹੀਂ! ਬਸ ਇਥੇ ਹੀ ਫਰਕ ਹੈ ਕਿ ਉਸਦੀਆਂ ਇਹ ਚਾਹਤਾਂ ਬੇਲਗਾਮ ਹੋ ਗਈਆਂ ਸਨ, ਉਸਦੇ ਕਾਬੂ ਤੋਂ ਬਾਹਰ ਜਾਂ ਉਹ ਇਹਨਾਂ ਦਾ ਗੁਲਾਮ ਹੋ ਗਿਆ ਸੀ। ਉਸ ਨੂੰ ਲੱਗਦਾ, ਬਸ ਇਹੀ ਜ਼ਿੰਦਗੀ ਹੈ ਜਾਂ ਇਹ ਬਬੀਤਾ ਦੀ ਕੋਈ ਤਲਾਸ਼ ਸੀ। ਉਹ ਹਰ ਜਿਸਮ 'ਚੋਂ ਉਸ ਨੂੰ ਢੂੰਡ ਰਿਹਾ ਸੀ, ਉਸਦੇ ਪਰਛਾਵਿਆਂ ਨੂੰ ਫੜਨ ਦੀ ਕੋਸ਼ਿਸ਼। ਤੁਹਾਨੂੰ ਤਾਂ ਉਸਦੇ ਪੰਜ ਸੱਤ ਹੀ ਅਜਿਹੇ ਸੰਬੰਧਾਂ ਦਾ ਪਤਾ ਹੈ, ਬਸ ਉਦੋਂ ਤੋਂ ਹੀ, ਜਦੋਂ ਉਹ ਗਰਕ ਚੁੱਕਾ ਸੀ। ਉਸ ਲਈ ਠੀਕ-ਗਲਤ ਦੀ ਪਹਿਚਾਣ ਹੀ ਮੁੱਕ ਗਈ ਸੀ, ਔਰਤ ਉਸਨੂੰ ਜਿਸਮ ਤੋਂ ਵੱਧ ਕੁਝ ਨਹੀਂ ਸੀ ਦਿਸਦੀ! ਤੇ ਤੁਸੀਂ ਉਸਦਾ ਇਹ ਅਕਸ ਸਿਰਜ ਲਿਆ। ਇਸੇ ਲਈ ਤੁਸੀਂ ਇਹ ਕਹਿੰਦੇ ਹੋ, ਪਰ ਮੈਂ ਉਸਦਾ ਬਚਪਨ ਤੋਂ ਗਵਾਹ ਹਾਂ। ਮੈਂ ਉਸਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ

ਉਹ ਭੋਗਪੁਰ ਦੇ ਹਾਈ ਸਕੂਲ ’ਚ ਛੇਵੀਂ ’ਚ ਆ ਕੇ ਦਾਖਲ ਹੋਇਆ। ਦਸਵੀਂ ਤੱਕ ਅਸੀਂ ਇਕੱਠੇ ਪੜ੍ਹੇ ਇਕ ਜਮਾਤ ’ਚ, ਇੱਕ ਹੀ ਸੈਕਸ਼ਨ ’ਚ।

ਇਹ ਸਕੂਲ ’ਚ ਪੜ੍ਹਾਕੂ ਵਜੋਂ ਮਸ਼ਹੂਰ ਸੀ। ਆਪਣੀ ਕਲਾਸ ’ਚੋਂ ਫ਼ਸਟ ਆਉਂਦਾ। ਸਪੀਕਰਾਂ ਤੋਂ ਵੱਜਦੇ ਗੀਤਾਂ ਦੀ ਤਰਜ਼ ’ਤੇ ਗੀਤ ਜੋੜਨ ਦੀ ਕੋਸ਼ਿਸ਼ ਵੀ ਕਰਦਾ। ਇਸਨੇ ਅਜਿਹੇ ਕਈ ਗੀਤ ਜੋੜੇ ਹੋਏ ਸਨ ਜਿਨ੍ਹਾਂ ਨੂੰ ਡਰਾਇੰਗ ਵਾਲੀ ਭੈਣਜੀ ਸੁਰਜੀਤ ਕੌਰ ਅਕਸਰ ਸੁਣਦੀ। ਇਸਦੀ ਆਵਾਜ਼ ਬਹੁਤੀ ਸੁਰੀਲੀ ਤਾਂ ਨਹੀਂ, ਪਰ ਠੀਕ ਠਾਕ ਜ਼ਰੂਰ ਸੀ। ਸ਼ਿਵ ਦਾ ਗੀਤ ‘ਭੱਠੀ ਵਾਲੀਏ’ ਦਸਵੀਂ ਦੀ ਕਵਿਤਾ ਦੀ ਕਿਤਾਬ ’ਚ ਸੀ, ਜਿਸਨੂੰ ਵੀ ਇਹ ਅਕਸਰ ਗਾਉਂਦਾ। ਸੁਰਜੀਤ ਭੈਣਜੀ ਦਾ ਉਦੋਂ ਤਾਜ਼ਾ-ਤਾਜ਼ਾ ਵਿਆਹ ਹੋਇਆ ਸੀ, ਜਦੋਂ ਉਹ ਸਾਡੇ ਸਕੂਲ ’ਚ ਬਦਲ ਕੇ ਆਈ। ਪਤਾ ਨਹੀਂ ਉਹ ਕਿਸ ਤੋਂ ਵਿਛੜ ਕੇ ਆਈ ਸੀ ਜਾਂ ਉਸਨੂੰ ਕਿਸਦਾ ਹਿਜ਼ਰ ਸੀ, ਇਸ ਤੋਂ ਇਹ ਗੀਤ ਸੁਣਦੀ ਉਹ ਕਈ ਵਾਰ ਅੱਖਾਂ ਭਰ ਲੈਂਦੀ। ਅਸੀਂ ਅਕਸਰ ਇਸਨੂੰ ਛੇੜਦੇ “ਤੇਰੇ ’ਤੇ ਤਾਂ ਮਰੀ ਪਈ ਆ ਉਹ!” ਪਰ ਇਹ ਅਸੀਂ ਛੇੜਨ ਲਈ ਹੀ ਆਖਦੇ ਸਾਂ। ਉਂਜ ਸਾਨੂੰ ਪਤਾ ਸੀ, ਇਹੋ ਜਿਹੀ ਕੋਈ ਗੱਲ ਨਹੀਂ। ਉਹ ਤਾਂ ਜਿਉਂ ਸਾਡੇ ਸਕੂਲ ’ਚ ਆਈ, ਉਸਦੀਆਂ ਅੱਖਾਂ ’ਚ ਇਕ ਉਦਾਸੀ ਹੀ ਵੇਖੀ ਸੀ।

ਉਦੋਂ ਜੇ ਕਿਤੇ ਤੁਸੀਂ ਇਸਦਾ ਸਕੂਲ ’ਚ ਜਲੌਅ ਦੇਖਿਆ ਹੁੰਦਾ! ਪੂਰੇ ਸਕੂਲ ’ਚ ਨਜ਼ਰਾਂ ਦਾ ਕੇਂਦਰ ਹੁੰਦਾ ਸੀ। ਹਰ ਇਮਤਿਹਾਨ ’ਚੋਂ ਫ਼ਸਟ ਆਉਂਦਾ, ਸਕੂਲ ਦੇ ਹਰ ਫੰਕਸ਼ਨ ’ਚ ਕੁਝ ਨਾ ਕੁਝ ਗਾਉਂਦਾ, ਪਰ ਕੁਝ ਕੁਝ ਸੰਗਾਊ ਜਿਹਾ ਵੀ। ਵਿਹਲੇ ਵੇਲੇ ਢਾਣੀਆਂ ’ਚ ਨਹੀਂ ਸੀ ਵਿਚਰਦਾ। ਕਿਤਾਬਾਂ ਨਹੀਂ ਤਾਂ ਅਖ਼ਬਾਰ ਹੀ ਪੜ੍ਹਨ ਲੱਗ ਪੈਂਦਾ। ਪੰਜਾਬੀ ਉਦੋਂ ਇਸਦਾ ਹਰਮਨ ਪਿਆਰਾ ਵਿਸ਼ਾ ਸੀ। ਹਿਸਾਬ ਵੀ ਵਧੀਆ ਸੀ। ਹਰ ਇਕ ਨੂੰ ਹੀ ਲੱਗਦਾ, ਇਹ ਜ਼ਿੰਦਗੀ ’ਚ ਕੋਈ ਵੱਡਾ ਮਾਅਰਕਾ ਮਾਰੇਗਾ। ਘੱਟੋ ਘੱਟ ਥਾਣੇਦਾਰ ਤੱਕ ਤਾਂ ਜ਼ਰੂਰ ਹੀ ਪੁੱਜੂ ਜਾਂ ਕਿਤੇ ਪ੍ਰੋਫੈਸਰ ਲੱਗੂ।

ਨਹੀਂ, ਨਹੀਂ, ਤੁਹਾਡਾ ਇਹ ਇਲਜ਼ਾਮ ਉੱਕਾ ਹੀ ਬੇਬੁਨਿਆਦ ਐ ਕਿ ਹੋਣਾ ਤਾਂ ਉਦੋਂ ਵੀ ਇਹੋ ਜਿਹਾ ਹੀ ਐ, ਅਜੇ ਬਦਨਾਮ ਨਹੀਂ ਹੋਇਆ ਹੋਣਾ। ਨਹੀਂ, ਮੇਰਾ ਭਾਵੇਂ ਇਹ ਦੋਸਤ ਨਹੀਂ ਸੀ, ਪਰ ਕਲਾਸ ’ਚ ਜਿਹੋ ਜਿਹੀ ਜਮਾਤੀਆਂ ’ਚ ਨੇੜਤਾ ਹੁੰਦੀ ਐ, ਉਹ ਸਾਡੇ ’ਚ ਸੀ। ਇਸਦਾ ਪਿੰਡ ਮੇਰੇ ਪਿੰਡ ਤੋਂ ਲੰਘ ਕੇ ਸੀ ਤੇ ਸਕੂਲ ਨੂੰ ਜਾਂਦਿਆਂ-ਆਉਂਦਿਆਂ ਜੇ ਟੱਕਰ ਜਾਂਦੇ ਤਾਂ ਗੱਲਾਂ ਮਾਰਦੇ ਆਉਂਦੇ-ਜਾਂਦੇ। ਮੇਰਾ ਪਿੰਡ ਸਕੂਲ ਤੋਂ ਚਾਰ ਕੁ ਕਿਲੋਮੀਟਰ ਸੀ ਤੇ ਇਸਦਾ ਅਗਾਂਹ ਦੋ ਕੁ ਕਿਲੋਮੀਟਰ ਹੋਰ। ਇਹਨਾਂ ਮੁਲਾਕਾਤਾਂ ਦੌਰਾਨ ਗੱਲਾਂ ਪੜ੍ਹਾਈ, ਜਮਾਤੀਆਂ ਜਾਂ ਮਾਸਟਰਾਂ ਬਾਰੇ ਹੀ ਹੁੰਦੀਆਂ। ਕਦੀ ਕਦੀ ਕੁੜੀਆਂ ਬਾਰੇ ਵੀ, ਬਸ ਉਨੀਆਂ ਕੁ ਹੀ, ਜਿੰਨੀਆਂ ਦਸਵੀਂ ’ਚ ਪੜ੍ਹਦੇ ਮੁੰਡੇ ਕੁੜੀਆਂ ਕਰਦੇ ਹਨ। ਇਹ ਸਰੀਰ ’ਚ ਤਿਖੀਆਂ ਤਬਦੀਲੀਆਂ ਦਾ ਦੌਰ ਹੁੰਦਾ। ਹਰ ਲੰਘਦੇ ਪਲ ਸੁਪਨਿਆਂ ਦਾ ਅੰਬਰ ਪਹਿਲਾਂ ਤੋਂ ਫੈਲਿਆ ਹੁੰਦਾ! ਵਿਰੋਧੀ ਲਿੰਗ ਪ੍ਰਤੀ ਵਧਦੀ ਖਿੱਚ, ਉਤਸੁੱਕਤਾ। ਇਸਨੂੰ ਉਦੋਂ ਕਿੰਦੋ ਚੰਗੀ ਲੱਗਦੀ ਸੀ ਪਰ ਉਸਨੂੰ ਬੁਲਾ ਤੱਕ ਨਾ ਸਕਿਆ, ਅਖੀਰ ਇਮਤਿਹਾਨਾਂ ਤੱਕ। ਦਸਵੀਂ ਕਰਦਿਆਂ ਹੀ ਫਿਰ ਸ਼ਾਇਦ ਉਸਦਾ ਵਿਆਹ ਹੋ ਗਿਆ ਸੀ ਕਿ ਉਸਨੂੰ ਮੁੜ ਕਦੀ ਨਾ ਦੇਖਿਆ, ਨਾ ਉਸਦੀ ਕਿਧਰੋਂ ਕੋਈ ਉਘ-ਸੁੱਘ ਸੁਣੀ ਪਰ ਇਸਦੇ ਸੁਪਨਿਆਂ ’ਚ ਉਹ ਤਰੋਤਾਜ਼ਾ ਰਹੀ ਕਾਲਜ

ਪੁੱਜ ਕੇ ਵੀ। ਕਿਸੇ ਨੂੰ ਦੋ ਗੁੱਤਾਂ ਕਰੀ ਦੇਖਦਾ ਤਾਂ ਇਸਦੇ ਮੂੰਹੋਂ ਸੁਭਾਵਿਕ ਹੀ ਨਿਕਲ ਜਾਂਦਾ, 'ਆਹ ਤਾਂ ਪਿਛਿਓਂ ਬਿਲਕੁਲ ਕਿੰਦੋ ਵਰਗੀ ਲਗਦੀ ਐ!' ਬਸ ਇਥੋਂ ਤੱਕ ਹੁੰਦੀ ਸੀ ਸਾਰੀ ਦੀ ਸਾਰੀ ਕਲਪਣਾ। ਹਾਂ, ਕਾਲਜ ਅਸੀਂ ਇਕੱਠੇ ਹੀ ਦਾਖਲ ਹੋਏ ਸੀ। ਇਹ ਪੜ੍ਹਨ ਨੂੰ ਜਿਵੇਂ ਹੁਸ਼ਿਆਰ ਸੀ ਇਸਦੇ ਘਰਦਿਆਂ ਦਾ ਹੱਥ ਵੀ ਕੁਝ ਸੌਖਾ ਸੀ। ਉਹਨਾਂ ਨੇ ਇਸਨੂੰ ਰੋਜ਼ ਆਉਣ-ਜਾਣ 'ਤੇ ਲੱਗਣ ਵਾਲੇ ਸਮੇਂ ਨੂੰ ਬਚਾਉਣ ਲਈ ਸ਼ਹਿਰ 'ਚ ਕਾਲਜ ਨੇੜੇ ਹੀ ਕਮਰਾ ਲੈ ਦਿੱਤਾ। ਕਮਰਾ ਕਿਰਾਏ 'ਤੇ ਲੈਣ ਲਈ ਇਸਦਾ ਬਾਪ ਨਾਲ ਆਇਆ ਸੀ, ਇਸੇ ਤੋਂ ਤੁਸੀਂ ਅੰਦਾਜ਼ਾ ਲਾ ਸਕਦੇ ਹੋ, ਇਸਦੀ ਉਦੋਂ ਦੀ ਮਾਨਸਿਕਤਾ ਬਾਰੇ। ਇਹਨਾਂ ਦੇ ਪਿੰਡ ਦਾ ਰਿਟਾਇਰ ਕਰਨਲ ਸੀ ਰਘਬੀਰ ਸਿੰਘ ਜੌਹਲ, ਜਿਸਦੀ ਬਸ ਸਟੈਂਡ ਦੇ ਸਾਹਮਣੇ ਦੋ ਕਨਾਲਾਂ ਦੀ ਕੋਠੀ ਸੀ। ਉਸਦੇ ਪਿਛੇ 'ਸਰਵੈਂਟ ਕੁਆਰਟਰ' ਬਣਿਆ ਹੋਇਆ ਸੀ ਜਿਹੜਾ ਇਸਨੂੰ ਲੈ ਦਿੱਤਾ ਗਿਆ। ਰੋਟੀ ਪਾਣੀ ਬਣਾਉਣ ਲਈ ਸਟੋਵ ਰੱਖ ਲਿਆ। ਕੁਝ ਬਹੁਤ ਹੀ ਜ਼ਰੂਰੀ ਬਰਤਨ ਤੇ ਆਟਾ ਦਾਲਾਂ ਘਰੋਂ ਲੈ ਆਂਦੀਆਂ। ਇਹ ਸਟੋਵ ਬਾਲ ਕੇ ਆਪਣੀ ਰੋਟੀ ਆਪ ਬਣਾਉਂਦਾ। ਸੜਕ ਦੇ ਦੂਸਰੇ ਪਾਸੇ ਬੱਸ ਸਟੈਂਡ ਸੀ। ਉਸਦੇ ਵਿਚੀਂ ਨਿਕਲਕੇ ਛੇ ਸੱਤ ਮਿੰਟ ਲਗਦੇ ਸੀ ਕਾਲਜ ਪਹੁੰਚਣ 'ਚ। ਕਮਰਾ ਤੇ ਕਾਲਜ.....ਇਸਦੇ ਦੋ ਹੀ ਟਿਕਾਣੇ ਸਨ। ਵਿਹਲਾ ਪੀਰੀਅਡ ਹੁੰਦਾ ਤਾਂ ਲਾਇਬਰੇਰੀ ਜਾ ਬੈਠਦਾ। ਕਮਰੇ 'ਚ ਆ ਕੇ ਵੀ ਕਿਤਾਬ ਹੱਥੋਂ ਨਹੀਂ ਸੀ ਛੱਡਦਾ। ਹਰ ਸ਼ਨੀਵਾਰ ਸ਼ਾਮ ਪਿੰਡ ਨੂੰ ਚੜ ਜਾਂਦਾ। ਉਥੋਂ ਸੋਮਵਾਰ ਸਵੇਰੇ ਮੁੜਦਿਆਂ ਮਾਂ ਕਦੀ ਪਿੰਨੀਆਂ, ਕਦੀ ਖੋਆ, ਕਦੀ ਦੇਸੀ ਘਿਓ ਦੀ ਪੀਪੀ ਇਸਨੂੰ ਭਰਕੇ ਦੇ ਦਿੰਦੀ।

ਸਿਹਤ ਉਦੋਂ ਇਸਦੀ ਵਧੀਆ ਹੁੰਦੀ ਸੀ। ਦਾਹੜੀ ਆਉਣੀ ਹੀ ਸ਼ੁਰੂ ਹੋਈ ਸੀ ਜਿਸਨੂੰ ਛਿੱਤਰਾ ਕੇ ਰੱਖਦਾ ਕਿ ਵਾਲ ਬਹੁਤੇ ਉਗੜੇ-ਦੁਗੜੇ ਨਾ ਦਿਸਣ। ਸਿਰ 'ਤੇ ਚੱਪਾ-ਚੱਪਾ ਵਾਲ ਪਿਛਾਂਹ ਨੂੰ ਵਾਹੇ ਹੋਏ। ਗੋਰਾ ਰੰਗ। ਆਮ ਮੁੰਡਿਆਂ ਨਾਲੋਂ ਕੁਝ ਵਧੇਰੇ ਜੱਚਦਾ-ਫੱਵਦਾ ਸੀ; ਭਾਵੇਂ ਆਪਣੀ ਇਸ ਸੁਹਣੀ-ਛਵੀ, ਸਿਹਤ ਤੇ ਖਿੱਚਵੇਂ ਨਕਸ਼ਾਂ 'ਤੇ ਕੋਈ ਬਹੁਤਾ ਗੁਮਾਨ ਨਹੀਂ ਸੀ। ਸ਼ਾਇਦ ਹੀ ਮੁੰਡਿਆਂ ਨਾਲ ਕਦੇ ਬਾਜ਼ਾਰ 'ਚ ਗੇੜੀ ਮਾਰਨ ਗਿਆ ਹੋਵੇ! ਪਰ ਇਸਦਾ ਇਹ ਸਲੀਕਾ ਕਾਲਜ ਆ ਕੇ ਮਸਾਂ ਸਾਲ ਕੁ ਹੀ ਚੱਲ ਸਕਿਆ ਕਿ ਪੀਲੀ ਕੋਠੀ ਦੇ ਸਰਵੈਂਟ ਕੁਆਰਟਰ 'ਚੋਂ ਨਵੀਂ ਤਰ੍ਹਾਂ ਦੀ ਜ਼ਿੰਦਗੀ ਦੀ ਸ਼ੁਰੂਆਤ ਹੋ ਗਈ। ਜਿਵੇਂ ਗੱਡੀ ਕਾਂਟੇ ਤੋਂ ਲਾਇਨ ਬਦਲਦੀ ਹੈ ਨਾ, ਇਹ ਕਮਰਾ ਉਹ ਕਾਂਟਾ ਸਾਬਤ ਹੋਇਆ। ਤੇਜ਼ੀ ਨਾਲ 'ਕੜੱਚ' ਕਰਕੇ ਕਾਂਟਾ ਬਦਲਿਆ ਤੇ ਇਹ ਪੁਰਾਣੀ ਲੀਹ ਤੋਂ ਲਹਿ ਕੇ ਨਵੀਂ ਲੀਹ 'ਤੇ ਪੈਰ ਵਧਾਉਣ ਲੱਗਾ। ਇਸ ਨਵੀਂ ਲੀਹ 'ਤੇ ਪੈਣ 'ਚ ਉਂਜ ਇਸਦਾ ਆਪਣਾ ਕੋਈ ਬਹੁਤਾ ਯਤਨ ਨਹੀਂ ਸੀ। ਹਾਂ, ਇਹ ਗੱਲ ਮੈਂ ਯਕੀਨ ਨਾਲ ਕਹਿ ਸਕਦਾਂ। ਜਦੋਂ ਇਸਨੇ ਕਮਰਾ ਲਿਆ, ਮੈਂ ਕਈ ਵਾਰ ਇਸ ਨਾਲ ਚਲਾ ਜਾਂਦਾ ਸਾਂ। ਕਈ ਵਾਰ ਰਾਤ ਵੀ ਰਿਹਾ, ਜਦੋਂ ਕਿਸੇ ਪ੍ਰੋਗਰਾਮ ਕਰਕੇ ਕਾਲਜ 'ਚ ਦੇਰ ਹੋ ਜਾਂਦੀ। ਇਹ ਬਹੁਤਾ ਪੜ੍ਹਦਾ ਹੀ ਰਹਿੰਦਾ ਸੀ ਜਾਂ ਕਦੀ ਕਦੀ ਚੋਰੀ ਲਾਅਨ 'ਚ ਫਿਰਦੀਆਂ ਕਰਨਲ ਦੀਆਂ ਦੋਹਤੀਆਂ ਵਲ ਝਾਤੀ ਮਾਰ ਲੈਂਦਾ, ਪਰ ਬਹੁਤ ਹੀ ਚੋਰੀ। ਬਬੀਤਾ ਭਾਵੇਂ ਸਾਡੇ ਨਾਲ ਹੀ ਪੜ੍ਹਦੀ ਸੀ ਪਰ ਇਹ ਉਸਨੂੰ ਬੁਲਾਉਣ ਦਾ ਹੌਂਸਲਾ ਨਾ ਕਰ ਸਕਦਾ। ਉਂਜ ਇਸਦੇ ਗੀਤਾਂ ਦੀ ਤੁਕਬੰਦੀ ਦੀ ਨਾਇਕਾ ਕਿੰਦੋ ਦੀ ਥਾਂ ਹੁਣ ਬਬੀਤਾ ਬਣਨ ਲੱਗੀ ਸੀ। ਕਦੀ-ਕਦੀ ਕੋਈ ਗੀਤ ਕਲਾਸ ਜਾਂ ਕਾਲਜ ਦੇ ਕਿਸੇ ਸਮਾਗਮ

'ਚ ਗਾ ਦਿੰਦਾ, ਜਿਸ ਨਾਲ, ਇਸਦੀ ਕਾਲਜ 'ਚ ਵੀ ਸਕੂਲ ਵਾਂਗ ਭੱਲ ਬਣਨੀ ਸ਼ੁਰੂ ਹੋ ਗਈ ਸੀ, ਜਿਹੜੀ ਪ੍ਰੈਪ ਦਾ ਨਤੀਜਾ ਆਉਣ ਤੱਕ ਸਿਖਰ 'ਤੇ ਪੁੱਜ ਗਈ ਕਿ ਇਹ ਕਾਲਜ 'ਚੋਂ ਫ਼ਸਟ ਆਇਆ ਸੀ। ਇਸੇ ਭੱਲ ਕਰਕੇ ਹੀ ਬਬੀਤਾ ਇਸ ਵਲ ਖਿਚੀ ਗਈ। ਦਸਵੀਂ ਤੱਕ ਕਾਨਵੈਂਟ 'ਚ ਪੜ੍ਹੀ ਉਹ ਅੰਗਰੇਜ਼ੀ ਤਾਂ ਫਰਾਟੇਦਾਰ ਬੋਲਦੀ ਸੀ ਪਰ ਬਾਕੀ ਵਿਸ਼ਿਆਂ 'ਚ ਉਸਦਾ ਕੋਈ ਬਹੁਤਾ ਚੰਗਾ ਹਾਲ ਨਹੀਂ ਸੀ। ਖਾਸ ਕਰਕੇ ਹਿਸਾਬ, ਜਿਸਦੀ ਉਸਨੇ ਟਿਊਸ਼ਨ ਵੀ ਰੱਖੀ ਹੋਈ ਸੀ।

ਨਹੀਂ, ਮੈਂ ਇਹ ਕੋਈ ਵਾਧੂ ਦੀਆਂ ਕਹਾਣੀਆਂ ਨਹੀਂ ਪਾ ਰਿਹਾ। ਇਹਨਾਂ ਨੂੰ ਜਾਣੇ ਤੋਂ ਬਿਨਾਂ, ਤੁਸੀਂ ਇਸਨੂੰ ਸਹੀ ਤਰ੍ਹਾਂ ਨਹੀਂ ਸਮਝ ਸਕਦੇ ਤੇ ਨਾ ਹੀ ਇਨਸਾਫ਼ ਕਰ ਸਕਦੇ ਹੋ! ਕੀ ਕਹਿੰਦੇ ਹੋ, ਇੰਜ ਕਿਹੜਾ ਮੁੜਕੇ ਜੀਊ ਪੈਣਾ! ਭਾਅ ਜੀ, ਮੁੜ ਜੀਊਣ ਦੀ ਗੱਲ ਨਹੀਂ ਇਹ, ਬੰਦੇ ਨੂੰ ਸਮਝਣ ਦੀ ਗੱਲ ਹੈ! ਸਿਰਫ਼ ਇਸਨੂੰ ਹੀ ਨਹੀਂ, ਸਗੋਂ ਹੋਰ ਬਹੁਤ ਸਾਰਿਆਂ ਨੂੰ ਵੀ; ਕਿ ਚਾਹ ਕੇ ਤਾਂ ਕੋਈ ਵੀ ਬਰਬਾਦੀ ਦੇ ਰਾਹ ਨਹੀਂ ਤੁਰਨਾ ਚਾਹੁੰਦਾ! ਕਈ ਵਾਰ ਵਰਤਾਰੇ ਮੂੰਹ-ਜ਼ੋਰ ਹੋ ਸਭ ਕੁਝ ਦਰੜਦੇ ਲੰਘ ਜਾਂਦੇ ਹਨ...ਤੇ ਹਾਂ, ਬਬੀਤਾ ਪਹਿਲਾਂ-ਪਹਿਲਾਂ ਕੁਝ ਸਮਝਣ ਦੇ ਬਹਾਨੇ ਇਸ ਕੋਲ ਆਉਣ ਲੱਗੀ। ਕਰਨਲ ਦੀ ਬੀਵੀ ਨੇ ਹੀ ਇਸਨੂੰ ਹੁਕਮ ਕੀਤਾ ਸੀ, "ਸਾਡੀ ਬਬੀਤਾ ਨੂੰ ਵੀ ਕਦੀ-ਕਦੀ ਕੁਝ ਸਮਝਾ ਦਿਆ ਕਰ!" ਉਹ ਮੌਕਾ-ਬੇਮੌਕਾ ਇਸਨੂੰ 'ਵਾਜ ਮਾਰਨ ਲੱਗੀ, ਇਹ ਵੀ ਨਾ ਦੇਖਦੀ ਕਿ ਅਗਲਾ ਰੁਝਿਆ ਹੋ ਸਕਦਾ। ਪਹਿਲਾਂ-ਪਹਿਲਾਂ ਤਾਂ ਉਹ ਖ਼ੁਦ ਵੀ ਆਸੇ-ਪਾਸੇ ਫਿਰਦੀ ਰਹਿੰਦੀ ਸੀ। ਹੌਲੀ ਹੌਲੀ ਉਸਨੂੰ ਜਿਵੇਂ ਯਕੀਨ ਹੋਣ ਲੱਗ ਪਿਆ। ਜਿਉਂ-ਜਿਉਂ ਮੈਡਮ ਕਰਨਲ ਅਵੇਸਲੀ ਹੋਣ ਲੱਗੀ, ਬਬੀਤਾ ਦੀਆਂ ਹੱਥ-ਛੋਹਾਂ ਸ਼ੁਰੂ ਹੋ ਗਈਆਂ। ਇਹ ਝੱਕਦਾ ਪਰ ਉਹ ਅਗਾਂਹ ਤੋਂ ਅਗਾਂਹ ਵਧਦੀ ਗਈ। ਪੜ੍ਹਾਈ ਪਿਛੇ ਰਹਿੰਦੀ ਗਈ ਤੇ ਹੱਥ-ਘੁਟਣੀਆਂ, ਗਲਵੱਕੜੀਆਂ, ਚੁੰਮਣ ਸ਼ੁਰੂ ਹੋ ਗਏ। ਇਸਦੇ ਅੰਦਰ ਦੀਆਂ ਚੰਗਿਆੜੀਆਂ ਭਾਂਬੜ ਬਣਨ ਲੱਗੀਆਂ, ਪਰ ਡਰਦਾ ਵੀ ਰਹਿੰਦਾ। ਉਹੀ ਪਹਿਲ ਕਰਕੇ ਸਾਰੇ ਪਾਠ ਪੜ੍ਹਾ ਰਹੀ ਸੀ। ਉਹ ਘਰ 'ਚ ਹੀ ਰਹਿੰਦਾ ਸੀ, ਇਸ ਲਈ ਅਜਿਹੇ ਮੌਕੇ ਬਣ ਹੀ ਜਾਂਦੇ ਸਨ।

ਇਕ ਦਿਨ ਜਦੋਂ ਕਰਨਲ ਤੇ ਉਸਦੀ ਪਤਨੀ ਕਲੱਬ 'ਚ, ਕਿਸੇ ਫੰਕਸ਼ਨ 'ਤੇ ਗਏ ਹੋਏ ਸਨ ਤੇ ਉਹਨਾਂ ਨੇ ਰਾਤ ਦੇਰ ਨਾਲ ਮੁੜਨਾ ਸੀ, ਇਹਨਾਂ ਨੇ ਸਰੀਰਕ ਸੰਬੰਧਾਂ ਵਾਲਾ ਪੜਾਅ ਵੀ ਪਾਰ ਕਰ ਲਿਆ। ਦੋਵੇਂ ਹੀ ਅਨਾੜੀ ਸਨ। ਦੋਵਾਂ ਦੀ ਹੀ ਇਹ ਪਹਿਲੀ ਵਾਰ ਸੀ। ਖ਼ੂਨ ਨਾਲ ਲੱਥਪੱਥ ਰੁਮਾਲ ਫਿਰ ਇਸਨੇ ਧੋਣ ਦੀ ਥਾਂ ਟਰੰਕ 'ਚ ਸਾਂਭ ਲਿਆ ਸੀ, ਯਾਦਗਾਰ ਵਜੋਂ। ਹਾਂ, ਇਹ ਇਸਨੇ ਮੈਨੂੰ ਬਾਅਦ 'ਚ ਦਿਖਾਇਆ ਸੀ। ਸ਼ਾਇਦ ਤੀਸਰੇ ਜਾਂ ਚੌਥੇ ਦਿਨ ਦੀ ਗੱਲ ਹੈ। ਇਸ ਖ਼ੁਸ਼ੀ 'ਚ ਇਸਨੇ ਪਾਰਟੀ ਕੀਤੀ ਸੀ, ਜਿਸ 'ਚ ਮੈਂ ਤੇ ਗੁਰਮੇਲ ਸ਼ਾਮਲ ਹੋਏ ਸਾਂ। ਉਦੋਂ ਇਸ ਨਾਲ ਪਹਿਲੀ ਵਾਰ ਬੀਅਰ ਪੀਤੀ ਸੀ। ਇਹ ਬੀਅਰ ਦਾ ਨਸ਼ਾ ਸੀ ਜਾਂ ਇਸ਼ਕ ਦਾ, ਇਸਨੇ ਆਪਣੇ ਇਸ ਪਹਿਲੇ 'ਸੰਬੰਧ' ਦੀ ਇਕ ਇਕ ਪਰਤ ਸਾਡੇ ਨਾਲ ਸਾਂਝੀ ਕੀਤੀ। ਪਤਾ ਨਹੀਂ ਕਿਹੜੀਆਂ-ਕਿਹੜੀਆਂ ਨੁਕਰਾਂ ਫੋਲਦਾ ਰਿਹਾ ਸੀ। ਗੱਲਾਂ ਹੀ ਗੱਲਾਂ, ਗੱਲਾਂ ਦੇ ਪਿਛੋਕੜ ਦੀਆਂ ਅਨੁਮਾਨਤ ਤਹਿਆਂ। ਨੌਂ ਵਜੇ ਦੇ ਗੱਲਾਂ 'ਚ ਲੱਗੇ ਤਿੰਨ ਵਜੇ ਤੱਕ ਬੀਅਰ ਦੇ ਘੁੱਟ ਭਰਦੇ ਗੱਲਾਂ ਕਰਦੇ ਰਹੇ ਸਾਂ। ਪੰਦਰਾਂ-ਵੀਹ ਮਿੰਟ ਦੀ 'ਕਿਰਿਆ' ਜਿਵੇਂ ਅਨੰਤਕਾਲ

ਤੱਕ ਫੈਲ ਗਈ ਸੀ ਕਿ ਲਗਦਾ ਅਜੇ ਵੀ ਬਹੁਤ ਕੁਝ ਸੁਣਨ ਵਾਲਾ ਰਹਿ ਗਿਆ ਹੋਵੇ। ਇਸਨੂੰ ਵੀ ਲਗਦਾ, ਅਜੇ ਤਾਂ ਕੁਝ ਦੱਸਿਆ ਹੀ ਨਹੀਂ, ਅਜੇ ਵੀ ਬਹੁਤ ਕੁਝ ਦੱਸਣ ਵਾਲਾ ਹੈ। ਬਹੁਤ ਖ਼ੁਸ਼ ਸੀ ਕਿ ਇਹ ਉਹਦੀ ਜ਼ਿੰਦਗੀ 'ਚ ਆਉਣ ਵਾਲਾ ਪਹਿਲਾ ਮਰਦ ਹੈ। ਇਸਨੇ ਹੀ ਉਸਦਾ ਕੁਆਰ ਭੰਗ ਕੀਤਾ। ਦੋਵੇਂ ਹੁਣ ਇਕ ਜ਼ਿੰਦਗੀ ਜੀਣਗੇ। ਜਿਸ ਮਾਹੌਲ 'ਚੋਂ ਆਇਆ ਸੀ, ਉਸ 'ਚ ਇਹ ਬਹੁਤ ਵੱਡੀ ਗੱਲ ਸੀ ਜਿਸਨੇ ਇਸਦੀ ਪੂਰੀ ਦੀ ਪੂਰੀ ਹੋਂਦ ਨੂੰ ਢੱਕ ਲਿਆ। ਇਹ ਬਬੀਤਾ ਦੇ ਜਿਸਮ ਦੇ ਸੇਕ 'ਚ ਗੁਆਚਣ ਲੱਗਾ। ਇਸਦੀ ਤੁਕਬੰਦੀ ਦਾ, ਸਾਰੇ ਦਾ ਸਾਰਾ ਮੁਹਾਣ ਉਸਦੇ ਜਿਸਮ 'ਤੇ ਕੇਂਦਰਿਤ ਹੋ ਗਿਆ। ਕਿਧਰੋਂ ਇਸਦੇ ਹੱਥ ਕਾਲੀਦਾਸ ਦੇ 'ਮੇਘਦੂਤ' ਦਾ ਹਿੰਦੀ ਅਨੁਵਾਦ ਲੱਗ ਗਿਆ ਸੀ, ਜਿਸਦੀ ਤੜਪ ਨੂੰ ਆਪਣੇ ਲਫਜ਼ਾਂ 'ਚ ਤੁਕਬੰਦੀ ਕਰ ਉਸਨੂੰ ਸੁਣਾਉਂਦਾ ਤਾਂ ਉਹ ਹੋਰ ਵੀ ਪ੍ਰਭਾਵਿਤ ਹੋ ਜਾਂਦੀ। ਕਈ ਵਾਰ ਘਰ 'ਕੱਲੀਆਂ ਹੁੰਦੀਆਂ ਤਾਂ ਦੋਵੇਂ ਭੈਣਾਂ ਇਸ ਦੁਆਲੇ ਝੁਰਮਟ ਪਾ ਕੇ ਬਹਿ ਜਾਂਦੀਆਂ। ਨੀਤੂ ਨੂੰ ਪਤਾ ਸੀ, ਇਹ ਉਸਦੀ ਭੈਣ ਦਾ ਆਸ਼ਕ ਹੈ। ਬਬੀਤਾ ਹਰ ਗੱਲ ਉਸ ਨਾਲ ਖੋਲ੍ਹ ਲੈਂਦੀ ਸੀ, ਇਥੋਂ ਤੱਕ ਕਿ ਇਸ ਨਾਲ ਸੌਣ ਦੀ ਗੱਲ ਵੀ। ਉਸਨੇ ਇਹ ਰਾਜ਼ ਉਸਨੂੰ ਹਮਰਾਜ਼ ਬਣਾਉਣ ਲਈ ਖੋਹਲੇ ਸਨ ਕਿ ਨਾਨਾ-ਨਾਨੀ ਤੋਂ ਚੋਰੀ ਮਿਲਣ ਦੇ ਮੌਕੇ ਬਣਾਉਣ 'ਚ ਸੌਖ ਰਹੇ।

ਹਾਂ, ਇਹ ਗੱਲਾਂ ਮੈਨੂੰ ਇਸ ਤੋਂ ਹੀ ਪਤਾ ਲਗਦੀਆਂ ਰਹੀਆਂ। ਨਹੀਂ, ਮੈਨੂੰ ਨਹੀਂ ਲਗਦਾ ਕਿ ਵਧਾਅ-ਚੜ੍ਹਾ ਕੇ ਦਸਦਾ ਸੀ। ਕਦੀ-ਕਦੀ ਇਸਦੇ ਕਮਰੇ 'ਚ ਜਾਂਦਾ ਤਾਂ ਉਹਨਾਂ ਕੁੜੀਆਂ ਦੀ ਤੱਕਣੀ ਤੋਂ ਹੀ ਬਹੁਤ ਕੁਝ ਝਲਕ ਜਾਂਦਾ ਸੀ। ਕਰਨਲ ਸਾਹਬ ਘਰ ਨਾ ਹੁੰਦੇ ਤਾਂ ਇਸਦੇ ਕਮਰੇ 'ਚ ਕੁਝ ਨਾ ਕੁਝ ਖਾਣ ਲਈ ਵੀ ਪੁੱਜਦਾ ਰਹਿੰਦਾ। ਕਦੀ ਬਾਹਰ ਲਾਅਨ 'ਚ ਕੁਰਸੀਆਂ ਡਾਹ ਕੇ ਬੈਠੀਆਂ ਅੱਖਾਂ ਹੀ ਅੱਖਾਂ ਰਾਹੀਂ ਇਸਦੇ ਕਮਰੇ ਵਲ ਸੁਨੇਹੇ ਭੇਜਦੀਆਂ ਰਹਿੰਦੀਆਂ। ਇਹ ਵੀ ਆਪਣੇ ਕਮਰੇ ਨਾਲ ਗੈਰਜ ਦੀ ਛੱਤ 'ਤੇ ਨਿਕਲ ਪੜ੍ਹਨ ਦਾ ਸਵਾਂਗ ਰਚਦਾ, ਉਹਨਾਂ ਦੀ ਜਵਾਨੀ ਨੂੰ ਜਿਵੇਂ ਡੀਕਦਾ ਰਹਿੰਦਾ। ਇਹ ਲਗਾਤਾਰ ਇਕ ਦੂਸਰੇ ਨੂੰ ਤੱਕਣ ਦੇ ਪਲ ਜ਼ਿਹਨ 'ਚ ਕਾਮੁਕ ਫਤੂਰ ਦਾ ਖੁਮਾਰ ਭਰਦੇ ਰਹਿੰਦੇ, ਜਿਹੜੇ ਮਨ ਤਾਂ ਕੀ ਸਰੀਰ 'ਚ ਵੀ ਤੂਫ਼ਾਨ ਮਚਾਈ ਰੱਖਦੇ, ਤੇ ਜਦੋਂ 'ਮਿਲਣ' ਦੇ ਪਲ ਆਉਂਦੇ, ਇਹ ਇਕੱਠਾ ਹੋਇਆ ਲਾਵਾ ਇੰਜ ਵੇਗ ਬਣ ਵਹਿੰਦਾ ਕਿ ਸਮਾਂ ਜਿਵੇਂ ਖੜੋ ਜਾਂਦਾ, ਹੋਂਦ ਕਿਤੇ ਗੁਆਚ ਜਾਂਦੀ। ਸਿਰਫ਼ ਖੌਲਦੇ ਹੋਏ ਭਾਂਬੜ ਹੁੰਦੇ, ਸੁੰਨ-ਖਲਾਅ 'ਚ ਮਚਦੇ ਹੋਏ!

ਉਹਨਾਂ ਦਿਨਾਂ 'ਚ ਇਹ ਬੜੀ ਇਹਤਿਹਾਤ ਵਰਤਣ ਲਗ ਪਿਆ ਸੀ। ਕਰਨਲ ਘਰ ਹੁੰਦਾ ਤਾਂ ਕਮਰੇ 'ਚੋਂ ਬਾਹਰ ਝਾਕਦਾ ਵੀ ਨਾ। ਉਂਜ ਉਹਨਾਂ ਨੂੰ ਦੇਖਣ ਦਾ ਨਵਾਂ ਢੰਗ ਈਜਾਦ ਕਰ ਲਿਆ ਸੀ, ਖਾਸ ਕਰਕੇ ਉਤਰਦੀ ਰਾਤ ਵੇਲੇ। ਆਪਣੇ ਕਮਰੇ ਦੀਆਂ ਬੱਤੀਆਂ ਬੁਝਾ ਦਿੰਦਾ। ਹੇਠਾਂ ਸਾਹਮਣੇ ਕੋਠੀ ਮੂਹਰਲੇ ਲਾਅਨ 'ਚ ਫਲੈਸ਼ ਲਾਈਟਾਂ ਜਗਾ ਕੇ ਬਬੀਤਾ ਹੁਰੀਂ ਬਣ-ਸੰਵਰ ਕੇ ਮਸਤੀਆਂ ਕਰਦੀਆਂ। ਉਹਨਾਂ ਨੂੰ ਪਤਾ ਹੁੰਦਾ ਸੀ ਇਹ ਉਪਰੋਂ ਦੇਖ ਰਿਹਾ, ਬੱਤੀਆਂ ਬੰਦ ਹੀ ਇਸ ਲਈ ਹੁੰਦੀਆਂ ਸਨ। ਇਸ ਨਾਲ ਬਾਹਰੋਂ, ਕਮਰੇ 'ਚ ਘੁਪ-ਹਨੇਰੇ ਤੋਂ ਸਿਵਾ ਕੁਝ ਨਹੀਂ ਸੀ ਦਿਸਦਾ, ਪਰ ਇਹ ਬਾਹਰ ਸਭ ਕੁਝ ਦੇਖ ਸਕਦਾ ਸੀ। ਬਬੀਤਾ ਦੀ ਸਲਾਹ ਨਾਲ ਇਹ ਈਜਾਦ ਹੋਇਆ ਢੰਗ ਸੀ। ਕਦੀ-ਕਦੀ ਬਬੀਤਾ ਪਿਛਲੇ ਸਟੋਰ ਦੀ ਬੱਤੀ ਜਗਾ ਕੇ ਛੱਡ ਦਿੰਦੀ। ਇਹ ਇਸ਼ਾਰਾ ਹੁੰਦਾ ਕਿ ਨਾਨਾ-ਨਾਨੀ ਨੇ ਅੱਜ ਰਾਤ ਦੇਰ ਨਾਲ

ਮੁੜਨਾ ਹੈ, ਇਸ ਲਈ ਉਹ ਇਸਦੇ ਕਮਰੇ 'ਚ ਆਵੇਗੀ। ਦੋਸਤਾਂ ਨੂੰ ਆਪਣੇ ਕਮਰੇ 'ਚ ਲਿਜਾਣਾ ਇਸਨੇ ਉੱਕਾ ਹੀ ਬੰਦ ਹੀ ਕਰ ਦਿੱਤਾ ਸੀ। ਸਿਰਫ਼ ਮੈਂ ਰਹਿ ਗਿਆ ਸਾਂ ਜਿਹੜਾ ਕਦੀ-ਕਦੀ ਚਲਾ ਜਾਂਦਾ। ਇਹ ਨੇੜ ਵੀ ਇਸ ਲਈ ਬਣਿਆ ਰਿਹਾ ਕਿ ਇਸਨੇ ਘਰ ਕੋਈ ਸੁਨੇਹਾ ਭੇਜਣਾ ਹੁੰਦਾ ਜਾਂ ਘਰਦਿਆਂ ਨੇ ਕੋਈ ਚੀਜ਼ ਭੇਜਣੀ ਹੁੰਦੀ ਤਾਂ ਮੈਨੂੰ ਘਰ ਆ ਕੇ ਫੜਾ ਜਾਂਦੇ ਸਨ। ਮੈਂ ਰੋਜ਼ ਹੀ ਪਿੰਡੋਂ ਆਉਂਦਾ ਸਾਂ।

ਉਹਨਾਂ ਦਿਨਾਂ 'ਚ ਇਹ ਪੜ੍ਹਾਈ 'ਤੇ ਵੀ ਪੂਰੀ ਜਾਨ ਮਾਰਦਾ। ਕੁਝ ਬਣ ਗਿਆ ਤਾਂ ਹੀ ਉਸਦਾ ਹੱਥ ਮਾਣ ਨਾਲ ਮੰਗ ਸਕਾਂਗਾ! ਬਹੁਤ ਉਚੇ ਸੁਪਨੇ ਲੈਣ ਲਗ ਪਿਆ ਸੀ। ਫਿਲਮਾਂ ਵਰਗੀ ਰੰਗੀਨ ਜ਼ਿੰਦਗੀ ਦੇ ਸੁਪਨੇ, ਜਿਨ੍ਹਾਂ ਦਾ ਨਾਇਕ ਖ਼ੁਦ ਹੁੰਦਾ, ਰੁਮਾਂਟਿਕ ਹੀਰੋ। ਜ਼ਿੰਦਗੀ ਜਿਵੇਂ ਰੈੱਡ-ਕਾਰਪੈਟ ਵਿਛਾ ਕੇ, ਇਸਦੇ ਸਨਮਾਨ ਲਈ ਬਾਹਾਂ ਅੱਡੀ ਖੜੀ ਹੋਵੇ! ਸਾਨੂੰ ਇਸ 'ਤੇ ਰਸ਼ਕ ਆਉਂਦਾ। ਗੁਰਮੇਲ ਤਾਂ ਕਈ ਵਾਰ ਕਹਿ ਵੀ ਦਿੰਦਾ, "ਸਾਲਾ ਲੱਲੂ....ਲੱਲੂ ਕਰੇ ਕਵੱਲੀਆਂ, ਰੱਬ ਸਿੱਧੀਆਂ ਪਾਵੇ।"

"ਉਹ ਤਾਂ ਮਰੀ ਪਈ ਐ ਮੇਰੇ 'ਤੇ!" ਇਹ ਚੌੜ ਨਾਲ ਆਖਦਾ ਤਾਂ ਉਹ ਛੇੜਦਾ "ਉਸਨੂੰ ਮੇਘਦੂਤ ਦੀ ਕਾਪੀ ਲਿਆ ਕੇ ਦਿੰਦਾ ਹਾਂ....ਆਹ ਜਿਹੜਾ ਪੱਟਾਂ ਨੂੰ ਮਸਤ ਹਥਣੀ ਵਰਗੇ ਦਸਦਾ, ਵਾਲ਼ਾਂ ਨੂੰ ਸਾਉਣ ਦੀਆਂ ਘਟਾਵਾਂ ਵਾਂਗ ਦਿਲ 'ਤੇ ਰਿਸ ਰਿਸ ਕੇ ਵਰ੍ਹਦੀਆਂ..... ਇਹ ਇਸਦੇ ਦਿਲੋਂ ਕੁਝ ਕੀ ਨਿਕਲਿਆ ਹੋਇਆ....ਇਹ ਤਾਂ ਚੋਰੀ ਦੇ ਅਹਿਸਾਸ ਹਨ, ਇਹਨਾਂ ਦੇ ਸਰੋਤ ਨੂੰ ਪੜ੍ਹ ਜ਼ਰਾ...।"

"ਇਸਤੋਂ ਤੈਨੂੰ ਕੀ ਮਿਲੂ।" ਇਹ ਛੇਤੀਂ ਹੀ ਤੜ ਛੱਡ ਨਰਮ ਪੈ ਜਾਂਦਾ।

"ਤੇਰੇ ਗੁਬਾਰੇ ਦੀ ਫੂਕ ਤਾਂ ਨਿਕਲੂ.....ਸਾਲਾ ਟੀਸੀ ਦੇ ਬੇਰ ਨੂੰ 'ਕੱਲਾ 'ਕੱਲਾ ਹੀ ਭੋਗੀ ਜਾ ਰਿਹਾ।"

ਤੁਹਾਨੂੰ ਲੱਗਦਾ, ਮੈਂ ਹੀਰ ਰਾਂਝੇ ਜਾਂ ਲੈਲਾਂ ਮਜਨੂੰ ਦੀ ਕਹਾਣੀ ਪਾਉਣ ਲੱਗ ਗਿਆ ਹਾਂ! ਨਹੀਂ ਇਹ ਕੋਈ ਹੀਰ ਰਾਂਝੇ ਦੀ ਕਥਾ ਨਹੀਂ ਪਾ ਰਿਹਾ। ਇਹ ਗੱਲ ਵਿਸਥਾਰ ਨਾਲ ਕਰਨੀ ਜ਼ਰੂਰੀ ਹੈ ਕਿ ਇਸ ਤੋਂ ਬਿਨਾਂ ਜ਼ਿੰਦਗੀ ਦੇ ਉਸ ਮੋੜ ਦੀ ਸਮਝ ਨਹੀਂ ਆ ਸਕਣੀ; ਦਲੇਰਪੁਰ ਦੇ ਇਕ ਪੜਾਕੂ ਮੁੰਡੇ ਹਰਜੀਤ ਤੋਂ ਇਹ ਕਿਵੇਂ ਔਰਤਾਂ ਦਾ ਸ਼ਿਕਾਰੀ ਬਣ, ਅਗਾਂਹ ਤੋਂ ਅਗਾਂਹ ਵਧਦਾ 'ਤੀਮੀਂਬਾਜ' ਬਣ ਗਿਆ ਸੀ। ਇਸ ਵਹਿਣ ਦਾ ਬੀਜ ਕਿਤੇ ਨਾ ਕਿਤੇ ਇਹਨਾਂ ਸੰਬੰਧਾਂ ਦੀ ਭੋਇੰ 'ਚੋਂ ਹੀ ਪੁੰਗਰਿਆ ਸੀ। ਪੁੰਗਰਿਆ ਵੀ ਅਜਿਹਾ ਕਿ ਦਿਨੋ-ਦਿਨ ਘਣਛਾਵਾਂ ਬਣਦਾ ਸਾਰੀ ਹੋਂਦ ਨੂੰ ਹੀ ਹੜੱਪ ਕਰ ਗਿਆ। ਉਦੋਂ ਸੱਚਮੁੱਚ ਹੀ ਆਪਣੇ ਆਪ ਨੂੰ ਰਾਂਝਾ ਸਮਝਦਾ ਸੀ, ਜਿਸ ਲਈ ਕਰਨਲ ਦੀ ਦੋਹਤੀ ਰੋਜ਼ ਨਵੇਂ ਤੋਂ ਨਵੇਂ ਚੋਜ਼ ਕਰਦੀ। ਇਸ਼ਕ ਦੀ ਕਰਮਭੂਮੀ ਝਨਾਂ ਦਾ ਬੇਲਾ ਨਹੀਂ, ਕਾਲਜ ਕੈਂਪਸ ਸੀ ਤੇ ਟਿਕਾਣਾ ਚੂਚਕ ਦੀ ਹਵੇਲੀ ਦੀ ਥਾਂ ਅਤੀ-ਆਧੁਨਿਕ ਕੋਠੀ। ਦੋ ਕਨਾਲਾਂ 'ਚ ਸ਼ਾਨਦਾਰ ਕੋਠੀ, ਪੰਜ ਬੈਡਰੂਮਾਂ ਵਾਲੀ। ਮੁੱਖ ਗੇਟ ਤਾਂ ਪੱਛਮ ਵਲ ਸੀ ਤੇ ਇਕ ਛੋਟਾ ਗੇਟ ਪੂਰਬ ਵਲ, ਬੱਸ ਸਟੈਂਡ ਵਾਲੀ ਸੜਕ ਨਾਲ। ਇਸਦਾ ਲਾਂਘਾ ਇਸ ਛੋਟੇ ਗੇਟ ਵਿਚੀਂ ਸੀ ਜਿਸ ਨਾਲ ਹੀ ਗੈਰਜ ਸੀ। ਇਕ ਸਟੋਰ। ਸਟੋਰ ਉਪਰ ਇਕ ਰੂਮ ਦਾ ਸੈੱਟ ਸੀ 'ਸਰਵੈਂਟ ਕੁਆਰਟਰ', ਛੋਟੀ ਜਿਹੀ ਕਿਚਨ ਤੇ ਬਾਥਰੂਮ ਸਮੇਤ। ਇਸ 'ਚ ਇਹ ਰਹਿੰਦਾ। ਇਸ 'ਚ ਉਹ ਕੋਈ ਵਿਦਿਆਰਥੀ ਹੀ ਰੱਖਦੇ ਜਾਂ

ਫਿਰ ਨੇੜਲੀ ਛਾਉਣੀ ਦਾ ਕੋਈ ਫੌਜੀ ਪਰਿਵਾਰ। ਸਿਵਲ ਦੇ ਕਿਸੇ ਪਰਿਵਾਰ ਨੂੰ ਉਹਨਾਂ ਨੇ ਕਦੀ ਕਿਰਾਏ 'ਤੇ ਨਾ ਦਿੱਤਾ। 'ਇਕ ਵਾਰ ਪਸਰ ਕੇ ਬਹਿ ਜਾਣ ਤਾਂ ਕਈ ਵਾਰ ਕੱਢਣਾ ਔਖਾ ਹੋ ਜਾਂਦਾ।' ਕਰਨਲ ਦੀ ਆਮ ਧਾਰਨਾ ਸੀ। ਵਿਦਿਆਰਥੀ ਸਾਲ ਛੇ ਮਹੀਨੇ ਰਹਿੰਦੇ। ਇਹ ਹੀ ਉਥੇ ਇੰਨਾ ਚਿਰ ਟਿਕਿਆ ਸੀ, ਤੇ ਸਿਰਫ ਬਬੀਤਾ ਕਰਕੇ ਹੀ। ਬੀ.ਏ. ਤੱਕ ਪੁੱਜਦਿਆਂ ਪਤਾ ਹੀ ਨਾ ਲੱਗਾ, ਕਦੋਂ ਚਾਰ ਸਾਲ ਲੰਘ ਗਏ। ਪਹਿਲਾ ਝਟਕਾ ਬੀ.ਏ. ਕਰਦਿਆਂ ਹੀ ਲੱਗਿਆ, ਜਦੋਂ ਉਹ ਪੋਸਟ ਗਰੈਜੂਏਸ਼ਨ ਲਈ ਦਿਲੀ ਜਾਣ ਦੀ ਤਿਆਰੀ ਕਰਨ ਲੱਗੀ। ਉਸਨੂੰ ਉਥੇ ਦਿੱਲੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ 'ਚ ਦਾਖਲਾ ਮਿਲ ਗਿਆ ਸੀ। ਭਾਵੇਂ ਕਰਨਲ ਚਾਹੁੰਦਾ ਸੀ ਕਿ ਉਹ ਇਥੇ ਹੀ ਕਿਸੇ ਕਾਲਜ 'ਚ ਪੋਸਟ ਗਰੈਜੂਏਸ਼ਨ ਕਰ ਲਏ, ਪਰ ਉਸਨੂੰ ਇਹ ਸ਼ਹਿਰ ਹੁਣ ਪੇਂਡੂ ਜਿਹਾ ਲੱਗਣ ਲੱਗਾ ਸੀ। 'ਇਥੇ ਕੋਚਿੰਗ ਦੀਆਂ ਉਹ ਸਹੂਲਤਾਂ ਨਹੀਂ ਜਿਹੜੀਆਂ ਉਥੇ ਮਿਲ ਸਕਦੀਆਂ', ਉਹ ਨਾਲੋ-ਨਾਲ ਆਈ.ਏ.ਐਸ ਦੀ ਤਿਆਰੀ ਕਰਨੀ ਚਾਹੁੰਦੀ ਸੀ। ਜਾਣ ਲੱਗਿਆਂ ਪਰ ਉਹ ਮੌਕਾ ਤਾੜ ਕੇ ਇਸਨੂੰ ਤਸੱਲੀ ਦੇ ਗਈ, "ਮੈਂ ਛੁੱਟੀਆਂ 'ਚ ਆ ਜਿਆ ਕਰਨਾ। ਪੜ੍ਹਾਈ ਤਾਂ ਛੇ ਮਹੀਨੇ ਵੀ ਨਹੀਂ ਹੁੰਦੀ....ਬਾਕੀ ਸਮਾਂ ਇਥੇ ਹੀ ਰਹਿਣਾ! ਉਥੇ ਜਾ ਕੇ ਰਹਿਣ ਦਾ ਨਿਸ਼ਚਿਤ ਟਿਕਾਣਾ ਬਣ ਗਿਆ ਤਾਂ ਉਹ ਵੀ ਭੇਜਾਂਗੀ ਤੇ ਜੇ ਕੋਈ ਗੱਲ ਕਰਨ ਦਾ ਜੁਗਾੜ ਬਣਦਾ ਹੋਇਆ, ਫੋਨ ਨੰਬਰ ਵੀ....ਅਜੇ ਜੇ ਕੋਈ ਜ਼ਰੂਰੀ ਗੱਲ ਕਰਨੀ ਹੋਵੇ ਤਾਂ ਨੀਤੂ ਰਾਹੀਂ ਸੁਨੇਹਾ ਭੇਜ ਦੇਣਾ....ਮੈਂ ਉਸ ਨਾਲ ਤਾਂ ਗੱਲ ਕਰਦੀ ਹੀ ਰਹਾਂਗੀ।"

ਇਹ ਪਹਿਲਾ ਝਟਕਾ ਸੀ ਜਿਸਨੇ ਇਸਨੂੰ ਸੁਪਨਿਆਂ 'ਚੋਂ ਬਾਹਰ ਕੱਢ ਕੇ ਹਕੀਕਤ ਦੀ ਜ਼ਮੀਨ 'ਤੇ ਖੜ੍ਹਾ ਕੀਤਾ। ਮੇਰੇ 'ਚ ਉਹ ਅਹਿਸਾਸ ਬਿਆਨ ਕਰਨ ਦੀ ਸਮਰੱਥਾ ਨਹੀਂ, ਜਿਵੇਂ ਉਹਨਾਂ ਦਿਨਾਂ 'ਚ ਇਹ ਟੁੱਟਿਆ। ਹੋਇਆ ਇਹ ਕਿ ਬਬੀਤਾ ਨੇ ਉਥੇ ਜਾ ਕੇ ਕੋਈ ਖ਼ਤ-ਪੱਤਰ ਨਾ ਭੇਜਿਆ। ਨੀਤੂ ਰਾਹੀਂ ਨਾ ਗੱਲ ਕਰਨੀ ਹੁੰਦੀ ਤਾਂ ਵੀ ਅਜਿਹੇ ਕਈ ਸੰਪਰਕ ਸਨ ਜਿਨ੍ਹਾਂ ਰਾਹੀਂ ਉਹ ਪਹੁੰਚ ਕਰ ਸਕਦੀ ਸੀ ਜੇ ਚਾਹੁੰਦੀ ਤਾਂ.... ਇਕ ਦੋ ਵਾਰ ਇਸਨੇ ਨੀਤੂ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਸਨੇ ਬੁਰੀ ਤਰ੍ਹਾਂ ਝਿੜਕ ਦਿੱਤਾ। ਇੰਜ ਬੇਗਾਨੀ ਹੋ ਗਈ ਉਹ ਜਿਵੇਂ ਉੱਕਾ ਹੀ ਕੋਈ 'ਗੱਲ' ਨਾ ਜਾਣਦੀ ਹੋਵੇ, ਅਜਨਬੀ। ਇਸਦੀ ਮਾਨਸਿਕ ਹਾਲਤ ਏਨੀ ਮਾੜੀ ਹੋ ਗਈ ਸੀ, ਕਈ ਵਾਰ ਸਾਰਾ-ਸਾਰਾ ਦਿਨ ਅਹਾਤੇ 'ਚ ਬੈਠਾ ਪੀਂਦਾ ਰਹਿੰਦਾ ਤੇ ਉਥੋਂ ਕਮਰੇ 'ਚ ਮੁੜਨ ਦੀ ਬਜਾਏ ਕਿਸੇ ਦੋਸਤ ਨਾਲ ਤੁਰ ਜਾਂਦਾ। ਹਰ ਸ਼ਨੀਵਾਰ ਇਸਨੂੰ ਲਗਦਾ, ਜਿਵੇਂ ਉਹ ਆ ਰਹੀ ਹੋਵੇ। ਕਮਰੇ ਦੀਆਂ ਬੱਤੀਆਂ ਬੁਝਾ ਕੇ ਹੇਠਾਂ ਝਾਕਦਾ ਰਹਿੰਦਾ ਅੱਧੀ-ਅੱਧੀ ਰਾਤ ਤੱਕ, ਇਸ ਆਸ ਨਾਲ ਕਿ ਹੁਣ ਵੀ ਨਿਕਲੇਗੀ, ਹੁਣ ਵੀ।

ਮਸਾਂ ਚਾਰ ਮਹੀਨੇ ਹੀ ਲੰਘੇ ਕਿ ਇਸ ਤੋਂ ਉਹ ਕਮਰਾ ਵੀ ਛੁਡਾ ਲਿਆ ਗਿਆ। ਨਹੀਂ, ਨਹੀਂ....ਕਮਰਾ ਛੁਡਾਉਣ ਨਾਲ 'ਸ਼ੱਕ' ਦਾ ਕੋਈ ਸੰਬੰਧ ਨਹੀਂ। ਕਰਨਲ ਨੂੰ ਅਜਿਹਾ ਕੋਈ ਸ਼ੱਕ ਨਹੀਂ ਸੀ। ਜੇ ਸ਼ੱਕ ਹੁੰਦਾ ਤਾਂ ਪਹਿਲਾਂ ਨਾ ਛੁਡਾ ਲੈਂਦਾ! ਅਸਲ 'ਚ ਕਰਨਲ ਆਪ ਗੱਡੀ ਚਲਾਉਣ ਤੋਂ ਹਿਚਕਚਾਉਣ ਲੱਗਾ ਸੀ। ਉਮਰ ਵੀ ਤਾਂ ਪਚਾਸੀਆਂ ਤੋਂ ਉਪਰ ਟੱਪ ਗਈ ਸੀ। ਉਸ ਕਮਰੇ 'ਚ ਉਸਨੇ ਇਕ ਗੋਰਖਾ ਪਰਿਵਾਰ ਰੱਖ ਲਿਆ। ਗੋਰਖਾ ਬਾਹਰ ਅੰਦਰ

ਦੇ ਨਿੱਕੇ ਮੋਟੇ ਕੰਮ ਕਰਨ ਦੇ ਨਾਲ ਨਾਲ ਡਰਾਈਵਰ ਵਜੋਂ ਵੀ ਕੰਮ ਕਰਦਾ ਤੇ ਉਸਦੀ ਘਰਵਾਲੀ ਕੱਪੜੇ ਧੋਣ ਤੋਂ ਲੈ ਬਰਤਨ ਸਾਫ਼ ਕਰਨ ਤੱਕ, ਘਰ ਦੀ ਸਾਰੀ ਸਾਂਭ-ਸੰਭਾਲ।

ਇਸਨੇ ਉਸੇ ਕਲੋਨੀ 'ਚ ਹੀ ਨਾਲਦੀ ਗਲੀ 'ਚ ਕਮਰਾ ਲੈ ਲਿਆ ਸੀ। ਨਵੇਂ ਘਰ ਆ ਕੇ ਬਬੀਤਾ ਲਈ ਇਸ ਦੀ ਤੜਪ ਹੋਰ ਵੀ ਵਧ ਗਈ ਕਿ ਉਸਨੂੰ ਤੱਕ ਸਕਣ ਦੀ ਆਸ ਵੀ ਜਿਵੇਂ ਖੋਹ ਹੋ ਗਈ ਹੋਵੇ। ਸਰੀਰਕ ਤੇ ਮਾਨਸਿਕ ਤੜਪ ਤਬਾਹੀ ਵਲ ਵਧਣ ਲੱਗੀ, ਉਸਨੇ ਜਿਵੇਂ ਸਵੈਘਾਤਕ ਰੁੱਖ ਅਖਤਿਆਰ ਕਰ ਲਿਆ ਸੀ। ਇਹ ਹਰ ਥਾਂ ਉਸਨੂੰ ਖੋਜਣ ਲੱਗਾ, ਉਸਦੀਆਂ ਅਦਾਵਾਂ, ਉਸਦੇ ਨਕਸ਼ਾਂ ਨੂੰ। ਪਹਿਲੀ ਵਾਰ, ਸ਼ਾਇਦ ਪਹਿਲੀ ਵਾਰ ਹੀ ਹੁੰਦੀ ਹੈ, ਜਿਹੜੀ ਕੁਝ ਅਜਿਹੇ ਨਕਸ਼ ਜ਼ਿਹਨ 'ਚ ਖੁਣ ਜਾਂਦੀ ਹੈ ਕਿ ਬੰਦਾ ਸਾਰੀ ਉਮਰ ਉਹਨਾਂ ਨੂੰ ਖੋਜਦਾ ਫਿਰਦਾ।

ਐਮ.ਏ. 'ਚ ਚਾਹ ਕੇ ਵੀ ਇਹ ਕਿਸੇ ਕੁੜੀ ਨਾਲ ਨਾ ਜੁੜ ਸਕਿਆ ਜਾਂ ਕਿਸੇ ਕੁੜੀ ਨੇ ਹੀ ਘਾਹ ਨਹੀਂ ਸੀ ਪਾਇਆ। ਉਥੇ ਆਮ ਹੀ ਪ੍ਰਚਲਿਤ ਸੀ ਕਿ ਇਸਦੀ ਬਬੀਤਾ ਨਾਲ ਬਹੁਤ ਗੂੜ੍ਹੀ ਹੈ, ਸ਼ਾਇਦ ਵਿਆਹ ਹੀ ਕਰਵਾ ਲੈਣ! ਕੁਝ ਇਹ ਵੀ ਤਾਂ ਵਧ ਚੜ੍ਹ ਕੇ ਸ਼ੇਖੀਆਂ ਮਾਰਦਾ ਰਿਹਾ ਸੀ, "ਕਰਨਲ ਦੀਆਂ ਦੋਵੇਂ ਕੁੜੀਆਂ ਹੀ ਕੁੜੀਆਂ। ਇਹਨਾਂ 'ਚੋਂ ਵੀ ਛੋਟੀ ਤਾਂ ਅਮਰੀਕਾ ਸੈਟਲਡ ਐ! ਸ਼ਾਇਦ ਹੀ ਮੁੜੇ। ਵੱਡੀ ਦੀਆਂ ਵੀ ਦੋਵੇਂ ਕੁੜੀਆਂ। ਇਉਂ ਇਹ ਕੋਠੀ ਅਵਲ ਤਾਂ ਅੱਧ, ਨਹੀਂ ਚੌਥਾ ਹਿੱਸਾ ਤਾਂ ਮਿਲ ਹੀ ਜਾਣੀ ਐ!" ਇਹ ਮਨ ਹੀ ਮਨ ਪਤਾ ਨਹੀਂ ਕੀ ਕੁਝ ਕਲਪਦਾ ਰਿਹਾ ਸੀ, ਕਿਹੋ ਜਿਹੇ ਕਿੱਸੇ ਘੜ ਘੜ ਕੇ ਸੁਣਾਉਂਦਾ ਰਿਹਾ ਸੀ। ਨਹੀਂ, ਨਹੀਂ...ਹੁਣ ਇਹ ਚੁੱਪ ਜਾਂ ਸੰਗਾਊ ਨਹੀਂ ਸੀ ਰਹਿ ਗਿਆ, ਸਕੂਲ ਵਾਲਾ ਹਰਜੀਤ! ਬਬੀਤਾ ਨਾਲ ਜੁੜਨ ਤੋਂ ਬਾਅਦ ਆਪਣੇ ਆਪ ਨੂੰ ਫੰਨੇ ਖਾਂ ਸਮਝਣ ਲੱਗਾ ਸੀ। ਇਸਨੂੰ ਕੀ ਪਤਾ ਸੀ ਕਿ ਬਬੀਤਾ ਲਈ ਇਹ ਉਸਦਾ ਇਕੋ-ਇਕ ਸੁਪਨਾ ਨਹੀਂ, ਉਸਦਾ ਰਾਂਝਾ, ਜਿਸ ਲਈ ਉਹ ਹੀਰ ਵਾਂਗ ਜਾਨ ਦੇ ਸਕਦੀ। ਉਸਦੇ ਸੁਪਨੇ ਤਾਂ ਕੈਰੀਅਰ ਨਾਲ ਭਰੇ ਹੋਏ ਸਨ ਜਿਨ੍ਹਾਂ 'ਚ ਆਈ.ਏ.ਐਸ, ਪੀ.ਸੀ.ਐਸ.ਸੀ, ਕਿਸੇ ਯੂਨੀਵਰਸਿਟੀ 'ਚ ਪ੍ਰੋਫੈਸਰੀ। ਇਹੋ ਜਿਹਾ ਹੋਰ ਵੀ ਬਹੁਤ ਕੁਝ। ਦੇਹਿਕ ਸੰਬੰਧ ਉਸ ਲਈ ਸਰੀਰ ਦੀ ਇਕ ਜ਼ਰੂਰਤ ਸੀ। ਪਹਿਲਾਂ ਪਹਿਲਾਂ ਸ਼ਾਇਦ ਉਸ ਲਈ ਵੀ ਇਹ ਸੁਪਨੇ ਨਿਆਈਂ ਹੋਣ, ਦਿੱਲੀ ਪੁੱਜ ਕੇ ਪਰ ਉਸ ਲਈ ਇਹ ਸੁਪਨਾ ਨਾ ਰਹੇ। ਇਧਰ ਦਲੇਰਪੁਰ ਪਿੰਡ 'ਚ ਜੰਮੇ-ਪਲੇ ਹਰਜੀਤ ਦੀ ਮਾਨਸਿਕਤਾ ਅਜੇ ਵੀ ਕਿਤੇ ਮੱਧ-ਯੁੱਗ 'ਚ ਘੁੰਮੀ ਜਾਂਦੀ ਸੀ। ਉਸਨੇ ਦਿੱਲੀ ਦੇ ਹਾਣ ਦੀ ਤਾਂ ਕੀ ਹੋਣਾ, ਉਹ ਜਲੰਧਰ ਜੋਗੀ ਆਧੁਨਿਕਤਾ 'ਚ ਵੀ ਨਹੀਂ ਸੀ ਢਲ ਸਕੀ। ਇਕ ਪੇਂਡੂ ਦੇਸੀ ਜੱਟਾਂ ਦੇ ਮੁੰਡੇ ਦਾ ਸ਼ਹਿਰ ਦੀ ਅਮੀਰਜ਼ਾਦੀ ਨਾਲ ਇਸ਼ਕ! ਤੁਸੀਂ ਕਹਿ ਸਕਦੇ ਹੋ, ਐਵੇਂ ਸਾਲਾ ਮਨ ਹੀ ਮਨ ਹਵਾਈ ਕਿਲ੍ਹੇ ਉਸਾਰਦਾ ਰਿਹਾ।ਹੁਣ ਤਾਂ ਮੈਂ ਵੀ ਇਹ ਕਹਿ ਸਕਦਾਂ! ਬੀਤੇ 'ਚੋਂ ਗਲਤੀਆਂ ਕੱਢਣੀਆਂ ਬੜੀਆਂ ਆਸਾਨ ਹੁੰਦੀਆਂ! ਅਸੀਂ ਇਤਿਹਾਸ 'ਚ ਵੀ ਤਾਂ ਇਹੀ ਕਰਦੇ ਹਾਂ। ਪੋਰਸ-ਸਿਕੰਦਰ ਦੀ ਲੜਾਈ ਤੋਂ ਲੈ ਕੇ ਇਬਰਾਹੀਮ-ਲੋਧੀ, ਬਾਬਰ ਦੀਆਂ ਲੜਾਈਆਂ ਤੱਕ, ਹਰ ਥਾਂ ਇਹੀ ਦ੍ਰਿਸ਼ਟੀਕੋਣ ਲੱਭਦਾ ਕਿ ਜੇ ਪੋਰਸ ਨੇ ਫਲਾਣੀ ਚਾਲ ਨਾ ਚਲੀ ਹੁੰਦੀ ਜਾਂ ਲੋਧੀ ਨੇ ਫਲਾਣੀ ਗਲਤੀ ਨਾ ਕੀਤੀ ਹੁੰਦੀ ਤਾਂ ਲੜਾਈ ਦੀ ਕਰਵੱਟ ਹੋਰ ਹੁੰਦੀ। ਪਰ ਘਟਨਾਵਾਂ ਕੋਈ ਸੋਚ ਕੇ ਨਹੀਂ ਘਟਦੀਆਂ। ਉਹ ਤਾਂ ਇਕ ਵਹਿਣ ਦੇ ਦਬਾਅ ਹੇਠ ਘਟਦੀਆਂ ਹਨ।

ਉਸ ਦਬਾਅ 'ਚ ਉਹ ਜਿਵੇਂ ਘਟੀਆਂ, ਉਹਨਾਂ ਨੇ ਉਵੇਂ ਹੀ ਘਟਨਾ ਹੁੰਦਾ! ਉਹਨਾਂ ਨੂੰ ਕਿਸੇ ਹੋਰ ਤਰ੍ਹਾਂ ਘਟਦਿਆਂ ਸੋਚਣਾ ਜ਼ਿਹਨੀ ਅਯਾਸ਼ੀ ਹੁੰਦੀ ਹੈ, ਜਿਹੜੀ ਇਤਿਹਾਸਕਾਰ ਕਰਦੇ ਹਨ ਜਾਂ ਫਿਰ ਅਸੀਂ ਹੁਣ ਕਰ ਰਹੇ ਹਾਂ। ਆਪਣੇ ਜ਼ਿੰਦਗੀ ਦੇ ਵਹਿਣ ਨੂੰ ਤਾਂ ਉਹ ਉਦੋਂ ਵੀ ਨਾ ਬਦਲ ਸਕਿਆ, ਜਦੋਂ ਯਕੀਨ ਹੋ ਗਿਆ ਸੀ, 'ਬਬੀਤਾ ਨੇ ਹੁਣ ਕਦੀ ਉਸਨੂੰ ਮੁੜ ਕੇ ਨਹੀਂ ਮਿਲਣਾ। ਮਿਲਣਾ ਤਾਂ ਕੀ ਸ਼ਾਇਦ, ਮੁੜ ਤੱਕ ਵੀ ਨਾ ਸਕੇ!' ਇਕ ਸੁਪਨਾ ਸੀ ਜਿਹੜਾ ਭੰਗ ਹੋ ਗਿਆ। ਇਸਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ, ਪਰ ਇਸ ਅਨੁਸਾਰ ਆਪਣੇ ਦਿਲ ਨੂੰ ਕਾਇਮ ਨਾ ਕਰ ਸਕਿਆ। ਕੋਈ ਨਾ ਕੋਈ ਤੰਦ ਅਜਿਹੀ ਆਣ ਘੇਰਦੀ ਕਿ ਕਈ-ਕਈ ਦਿਨ ਲਗਾਤਾਰ ਸ਼ਰਾਬ 'ਚ ਗਲਤਾਨ ਹੋਇਆ ਰਹਿੰਦਾ। ਸਿਗਰਟਾਂ 'ਚ ਭੰਗ ਭਰਕੇ ਵੀ ਪੀਣ ਲਗ ਪਿਆ ਸੀ ਤੇ ਨਸ਼ੇ ਦੇ ਟੀਕੇ ਵੀ ਲਾਉਣ ਲੱਗਾ। ਹੋਰ ਵੀ ਜਿਹੜਾ ਨਸ਼ਾ ਲੱਭਦਾ, ਛੱਡਦਾ ਨਾ।

ਮੈਂ ਹੀ ਨਹੀਂ, ਬਾਕੀ ਦੋਸਤ ਵੀ ਇਸਨੂੰ ਕਹਿੰਦੇ ਸਨ। ਤੁਸੀਂ ਕੀ ਜਾਣੋ ਅਸੀਂ ਕਿੰਨਾ ਯਤਨ ਕੀਤਾ, 'ਛੱਡ ਉਸਦੀਆਂ ਯਾਦਾਂ ਦਾ ਖਹਿੜਾ। ਇਹੀ ਸੋਚ ਕਿ ਤੂੰ ਬਥੇਰੀ ਐਸ਼ ਕਰ ਲਈ। ਸਾਧਾਰਨ ਘਰ ਪਰਿਵਾਰ 'ਚੋਂ ਹੋ ਕੇ ਤੂੰ ਇਹੋ-ਜਿਹੀ ਕਲਪਨਾ ਵੀ ਕਦੋਂ ਕਰ ਸਕਦਾ ਸੀ! ਹੁਣ ਤੂੰ ਆਪਣੇ ਕੈਰੀਅਰ ਬਾਰੇ ਸੋਚ। ਘਰ-ਪਰਿਵਾਰ ਦੀਆਂ ਤੇਰੇ 'ਤੇ ਬਹੁਤ ਆਸ਼ਾਵਾਂ ਹਨ। ਅਜੇ ਵੀ ਤੇਰੇ 'ਚ ਬਹੁਤ ਸਮਰੱਥਾ ਹੈ। ਤੂੰ ਅਜੇ ਵੀ ਬਹੁਤ ਕੁਝ ਕਰ ਸਕਦਾਂ। ਆਪਣੇ ਕਦਮਾਂ ਨੂੰ ਸੰਭਾਲ....ਕੁਝ ਬਣ ਕੇ ਦਿਖਾ। ਇਕ ਕੀ, ਕਈ ਬਬੀਤਾਵਾਂ ਤੇਰੇ ਅੱਗੇ ਪਿਛੇ ਫਿਰਨਗੀਆਂ।' ਪਰ ਉਹ ਮਨ 'ਚ ਕਿਤੇ ਡੂੰਘਾ ਚੁੱਭ ਗਏ ਨਸ਼ਤਰ ਤੋਂ ਪਿੱਛਾ ਨਾ ਛੁਡਾ ਸਕਿਆ। ਸਗੋਂ ਮੌਤ ਤੱਕ ਇਸ ਦਰਦ 'ਤੇ ਮਾਣ ਕਰਦਾ ਰਿਹਾ, "ਆਹ ਜਿਥੇ ਨਿਊ ਏਜ ਸ਼ਾਪਿੰਗ ਕੰਪਲੈਕਸ ਐ ਨਾ, ਇਥੇ ਹੁੰਦੀ ਸੀ ਉਹ ਪੀਲੀ ਕੋਠੀ। ਹਾਂ, ਇਹ ਉਹੀ ਪੀਲੀ ਕੋਠੀ ਵਾਲਾ ਥਾਂ... ਇਸਦੀ ਅਮੀਰ ਵਾਰਸ ਦਾ ਮੈਂ ਕੁਆਰ ਭੰਗ ਕੀਤਾ ਹੋਇਆ। ਕਮਾਲ ਦੀ ਕੁੜੀ ਸੀ ਯਾਰ....ਭੱਠੀ ਵਾਂਗ ਤਪਣ ਲੱਗ ਪੈਂਦੀ ਸੀ ਹੇਠਾਂ ਪਈ।"

ਕੋਠੀ ਪਤਾ ਨੀ ਕਰਨਲ ਆਪ ਵੇਚ ਗਿਆ ਸੀ ਕਿ ਉਸਦੇ ਜੁਆਈਆਂ ਨੇ ਵੇਚੀ। ਇਸ ਸ਼ਾਪਿੰਗ ਕੰਪਲੈਕਸ 'ਚ ਸੌ ਤੋਂ ਵੱਧ-ਵੱਧ ਦਫ਼ਤਰ/ਸ਼ੋਅ-ਰੂਮ ਹੋਣਗੇ। ਟਰੈਵਲ ਏਜੰਟਾਂ, ਕਰੰਸੀ ਐਕਸਚੇਂਜ ਤੋਂ ਲੈ ਕੇ ਮੈਡੀਕਲ ਕੰਪਨੀਆਂ, ਬੀਮਾ ਕੰਪਨੀਆਂ ਤੱਕ ਦੇ ਦਫਤਰ। ਗਰਾਊਂਡ ਫਲੋਰ 'ਤੇ ਇਲਕਟ੍ਰੋਨਿਕ ਸਮਾਨ ਦੇ ਸ਼ੋਅ ਰੂਮ ਤੇ ਬੇਸਮੈਂਟ 'ਚ ਰੈਸਟੋਰੈਂਟ, ਬੀਅਰ ਬਾਰ, ਕੈਫ਼ੇ। ਵੀਹ ਸਾਲ ਦੇ ਲਗਪਗ ਇਸ ਕੰਪਲੈਕਸ ਨੂੰ ਉਸਰਿਆ ਹੋ ਗਏ ਹੋਣਗੇ ਪਰ ਇਸ ਦੇ ਜ਼ਿਹਨ 'ਚ ਇਹ ਥਾਂ ਪੀਲੀ ਕੋਠੀ ਵਜੋਂ ਹੀ ਵਸੀ ਰਹੀ; ਉਹੀ ਅਠਾਸੀ-ਬਾਨਵੇਂ ਵਾਲੀ ਕਲਪਣਾ ਦੀ ਦੁਨੀਆ। ਬੱਸ ਅੱਡੇ ਨੂੰ ਆਉਂਦਾ-ਜਾਂਦਾ, ਇਥੇ ਸਾਹਮਣੇ ਖੜਾ ਹੋ ਕਿੰਨਾ ਕਿੰਨਾ ਚਿਰ ਇਸ 'ਚੋਂ ਬੀਤੇ ਦੇ ਨਕਸ਼ ਫਰੋਲਣ ਦੇ ਯਤਨ ਕਰਦਾ ਰਹਿੰਦਾ। ਇਸ ਸਾਹਮਣੇ ਆ ਕੇ ਖੜੀਆਂ ਹੁੰਦੀਆਂ ਕਾਰਾਂ, ਵੱਖ ਵੱਖ ਦਫ਼ਤਰਾਂ/ਸ਼ੋਅ ਰੂਮਾਂ ਅੰਦਰ ਜਾਂਦੇ, ਬਾਹਰ ਆਉਂਦੇ ਗਾਹਕ, ਮਾਡਰਨ ਕੁੜੀਆਂ ਦਾ ਜਮਘੱਟਾ, ਜਿਹਨਾਂ ਦੇ ਵਾਲ਼ ਘਟਾਵਾਂ ਵਾਂਗ ਲਹਿਰਾਉਂਦੇ ਹੁੰਦੇ। ਸਾਰੰਗੀ ਦੀਆਂ ਤਾਰਾਂ ਵਾਂਗ ਤਣੇ ਹੋਏ ਜਿਸਮ। ਮੇਕਅੱਪ ਦੀਆਂ ਤੈਹਾਂ ਨਾਲ ਜਲੌਅ ਛੱਡਦਾ ਹੁਸਨ। ਇਸਨੂੰ ਲਗਦਾ, ਜਿਵੇਂ ਬਹੁਤ ਸਾਰੀਆਂ ਬਬੀਤਾਵਾਂ ਆਣ

ਇਕੱਤਰ ਹੋਣੀਆਂ ਹੋਣ। ਕਦੇ ਕਦੇ ਸ਼ਰਾਬੀ ਹੋਇਆ ਲੋਰ 'ਚ ਆ ਕੇ ਗੁਣਗੁਣਾਉਂਦਾ:

ਤੇਰੀ ਸੱਜਰੀ ਪੈੜ ਦਾ ਰੇਤਾ
ਚੁਕ ਚੁਕ ਲਾਵਾਂ ਹਿਕ ਨੂੰ

"ਸਾਲਾ ਸੱਜਰੀ ਪੈੜ ਦੇ ਰੇਤੇ ਦਾ..... ਇਹ ਸੜਕਾਂ ਤਾਰਕੋਲ ਦੀਆਂ ਜਿਨ੍ਹਾਂ 'ਤੇ ਕਿਸੇ ਦੀ ਪੈੜ ਨਹੀਂ ਉਭਰਦੀ। ...ਇਕ ਮਿੰਟ 'ਚ ਘੱਟੋ ਘੱਟ ਪੰਜਾਹ ਗੱਡੀਆਂ ਲੰਘਦੀਆਂ ਇਥੋਂ। ਇਥੋਂ ਤਾਂ ਇਕ ਮਿੰਟ ਪਹਿਲਾਂ ਲੰਘੀ ਪੈੜ ਨੀ ਲੱਭਦੀ ਤੇ ਇਹ ਤਿੰਨ ਦਹਾਕੇ ਪਹਿਲਾਂ ਦੀਆਂ ਪੈੜਾਂ ਨੂੰ ਢੂੰਡਦਾ ਫਿਰਦਾ। ਇਹ ਪੈੜਾਂ ਦਾ ਯੁੱਗ ਨਹੀਂ, ਪੂੰਜੀ ਦਾ ਯੁੱਗ ਹੈ, ਕਾਰਪੋਰੇਟ ਯੁੱਗ! ਦਿਲ ਕਿਸੇ ਦੀ ਸੂਰਤ ਜਾਂ ਸੀਰਤ 'ਤੇ ਨਹੀਂ, ਸਗੋਂ ਗੱਡੀ ਦੇ ਮਾਡਲ 'ਤੇ ਰੀਝਦੇ ਹਨ.....ਜਿੰਨੀ ਵੱਡੀ ਤੇ ਮਹਿੰਗੀ ਗੱਡੀ, ਓਨੀ ਹੀ ਉਸਦੇ ਸਵਾਰ ਪ੍ਰਤੀ ਚਾਹਤ....।" ਗੁਰਮੇਲ ਇਸਦੀਆਂ ਝਲ-ਵਲੱਲੀਆਂ ਤੋਂ ਚਿੜ ਜਾਂਦਾ ਤਾਂ ਅਸਲੀਅਤ ਦੀ ਧਰਾਤਲ 'ਤੇ ਲਿਆਉਣ ਲਈ ਇਸਨੂੰ ਬੁਰੀ ਤਰ੍ਹਾਂ ਪੈਂਦਾ।

"ਗੁਰਮੇਲ ਸਿੰਹਾਂ, ਤੂੰ ਕੀ ਜਾਣੇ ਦਿਲਾਂ ਦੀਆਂ ਗੱਲਾਂ!" ਇਹ ਉਸਦੀਆਂ ਗੱਲਾਂ ਦਾ ਬੁਰਾ ਨਾ ਮਨਾਉਂਦਾ। ਦੋਸਤ ਵੀ ਤਾਂ ਇਸਦੇ ਹੋਰ ਕਿਹੜੇ ਰਹਿ ਗਏ ਸਨ! ਬਸ ਅਸੀਂ ਦੋ ਤਿੰਨ ਜਣੇ ਹੀ ਸਾਂ। ਹਾਂ, ਸੱਚ ਇਹ ਵੀ ਸ਼ਾਇਦ ਤੁਹਾਨੂੰ ਨਹੀਂ ਪਤਾ ਹੋਣਾ ਸਰਕਾਰੀ ਨੌਕਰੀ 'ਚ ਆਉਣ ਤੋਂ ਪਹਿਲਾਂ, ਇਥੇ ਹੀ ਇਕ ਪ੍ਰਾਈਵੇਟ ਸਕੂਲ 'ਚ ਪੜ੍ਹਾਉਣ ਲਗ ਪਿਆ ਸੀ, ਬਹੁਤ ਥੋੜੇ ਜਿਹੇ ਪੈਸਿਆਂ 'ਤੇ। ਅਸਲ 'ਚ ਉਹ ਇਸ ਸ਼ਹਿਰ ਨਾਲ ਜੁੜਿਆ ਰਹਿਣਾ ਚਾਹੁੰਦਾ ਸੀ ਕਿਸੇ ਵੀ ਕੀਮਤ 'ਤੇ। ਪਤਾ ਨਹੀਂ ਕਿਉਂ ਇਸਨੂੰ ਲੱਗਦਾ, ਕਦੀ ਨਾ ਕਦੀ ਬਬੀਤਾ ਇਸ ਨੂੰ ਦਿਸ ਹੀ ਜਾਵੇਗੀ। ਇਸ ਛਲਾਵੇ ਤੋਂ ਮੁਕਤ ਨਾ ਹੋ ਸਕਿਆ, 'ਉਹ ਵੀ ਇਸਨੂੰ ਚਾਹੁੰਦੀ ਹੈ, ਸਿਰਫ਼ ਸੰਪਰਕ ਨਹੀਂ ਹੋ ਰਿਹਾ। ਉਸਦੇ ਘਰਦਿਆਂ ਨੇ ਰਲਕੇ ਸਾਜ਼ਿਸ਼ ਰਚੀ, ਜਿਸਦੀ ਉਹ ਸ਼ਿਕਾਰ ਹੋ ਗਈ।' ਸ਼ਰਾਬ ਸ਼ਾਇਦ ਇਸ ਛਲਾਵੇ ਨੂੰ ਪੱਕਿਆਂ ਕਰਨ ਲਈ ਹੀ ਪੀਂਦਾ ਸੀ। ਸੋਫੀ ਹੁੰਦਾ ਤਾਂ ਹਕੀਕਤ ਦੀ ਧਰਾਤਲ 'ਤੇ ਆ ਵੀ ਜਾਂਦਾ ਪਰ ਉਸਦੀਆਂ ਅੱਖਾਂ 'ਚ ਅੱਖਾਂ ਪਾ ਕੇ ਦੇਖਣ ਦੀ ਜੁਅੱਰਤ ਇਸ ਅੰਦਰੋਂ ਖੁਰ ਚੁੱਕੀ ਸੀ ਸ਼ਾਇਦ! ਛਲਾਵਿਆਂ 'ਚੋਂ ਹੀ ਜਿਵੇਂ ਮਜ਼ਾ ਆਉਣ ਲਗ ਪਿਆ ਸੀ।

ਖ਼ਰਚ-ਪੱਠੇ ਦੀ ਨਾ ਪਹਿਲਾਂ ਕੋਈ ਚਿੰਤਾ ਹੁੰਦੀ ਸੀ, ਨਾ ਬਾਅਦ 'ਚ ਰਹੀ। ਪੰਜ ਕੁ ਸਾਲਾਂ ਬਾਅਦ ਸਰਕਾਰੀ ਮਾਸਟਰ ਬਣ ਗਿਆ ਤਾਂ ਖੁੱਲ੍ਹੇ ਪੈਸੇ ਆਉਣ ਲੱਗੇ ਸਨ। ਪਿੰਡ ਅੱਠ ਕਿੱਲੇ ਜ਼ਮੀਨ ਸੀ, ਚੌਰਸ ਟੱਕ। ਵਿੱਚ ਮੋਟਰ ਲੱਗੀ ਹੋਈ। ਬਾਪ ਦੀ ਮੌਤ ਤੋਂ ਬਾਅਦ ਉਸਦਾ ਠੇਕਾ ਵੀ ਸਿੱਧਾ ਇਸਦੇ ਹੱਥਾਂ 'ਚ ਆਉਣ ਲੱਗਾ। ਮਾਂ ਨੇ ਰੋ-ਧੋ ਕੇ ਵਿਆਹ ਕਰ ਦਿੱਤਾ। ਉਸਨੇ ਸੋਚਿਆ ਸੀ ਟੱਬਰ ਨਾਲ ਮੋਹ ਪਿਆਰ ਬਣ ਗਿਆ ਤਾਂ ਆਪੇ ਰਾਹ 'ਤੇ ਆ ਜਾਊ। ਔਲਾਦ ਦਾ ਮੋਹ ਬੰਦੇ ਨੂੰ ਦੇਰ-ਅਵੇਰ ਸਿੱਧਾ ਕਰ ਹੀ ਦਿੰਦਾ! ਪਰ ਵਿਆਹ ਇਸਨੂੰ ਸਗੋਂ ਹੋਰ ਵਿਗਾੜ ਗਿਆ। ਉਂਜ ਘਰਵਾਲੀ ਗੁਰਵਿੰਦਰ ਕੌਰ ਚੰਗੀ ਸੀ। ਚਾਰ ਸਾਲ ਘੁੱਟ-ਵੱਟ ਕੇ ਕੱਢਦੀ ਵੀ ਰਹੀ। ਇਕ ਬੱਚਾ ਵੀ ਹੋ ਗਿਆ, ਪਰ ਇਸਦੀ ਸ਼ਰਾਬ ਨਾ ਹਟੀ, ਨਾ ਬਾਹਰ ਦੀਆਂ ਔਰਤਾਂ ਲਈ ਭਟਕਣ। ਸਗੋਂ ਸ਼ਰਾਬੀ ਹੋਇਆ ਉਸਦੇ ਜਿਸਮ 'ਚੋਂ ਵੀ ਬਬੀਤਾ ਨੂੰ ਭਾਲਣ ਲੱਗ ਪੈਂਦਾ, "ਹਾਏ ਬਬੀਤਾ, ਤੂੰ ਕਿਥੇ ਹੈ।" ਉਸ ਨਾਲ ਪਿਆ ਹਾਉਕੇ ਭਰਦਾ ਤਾਂ ਉਹ ਲੱਤ

ਮਾਰ ਕੇ ਪਾਸੇ ਕਰ ਦਿੰਦੀ, "ਕੰਜਰਾ, ਮਰ ਪਰੇ ਜਾ ਕੇ। ਜੇ ਉਹ ਮਾਂ ਏਨੀ ਹੀ ਚੰਗੀ ਸੀ ਤਾਂ ਮੇਰੀ ਜ਼ਿੰਦਗੀ ਕਿਉਂ ਖਰਾਬ ਕੀਤੀ!" ਅਸਲ 'ਚ ਇਹ ਉਸ 'ਚੋਂ ਵੀ ਉਹੀ ਤਪਸ਼ ਭਾਲਦਾ ਸੀ, ਉਹੀ ਮੱਚਦੀ ਹੋਈ ਅੱਗ ਦਾ ਸੇਕ। ਤਨ, ਮਨ ਨੂੰ ਡੰਗਦਾ ਹੋਇਆ ਇਕ ਜ਼ਹਿਰ। ਪਰ ਬੀਵੀ ਤੇ ਪ੍ਰੇਮਿਕਾ 'ਚ ਸ਼ਾਇਦ ਫ਼ਰਕ ਹੁੰਦਾ! ਪ੍ਰੇਮਿਕਾ ਦੀ ਤੁਸੀਂ ਚੋਣ ਹੁੰਦੇ ਹੋ। ਬੀਵੀ ਦੀ ਚੋਣ ਘਰ, ਪਰਿਵਾਰ, ਸਮਾਜ ਦੀ ਮੋਹਰ ਨਾਲ ਹੁੰਦੀ ਹੈ ਤੇ ਸੌਣ ਪਲਾਂ ਦੇ ਸੇਕ ਵਿਚਾਲੇ ਉਹ ਮੋਹਰ ਵੀ ਕਿਸੇ ਨਾ ਕਿਸੇ ਰੂਪ 'ਚ ਆਣ ਤਣਦੀ ਹੈ। ਫਿਰ ਇਥੇ ਤਾਂ ਵਿਚਾਲੇ ਬਬੀਤਾ ਹਰ ਵੇਲੇ ਪਈ ਹੁੰਦੀ, ਜਿਸ ਨੇ ਗੁਰਵਿੰਦਰ ਕੌਰ ਨੂੰ ਹੋਰ ਵੀ ਦੂਰ ਕਰ ਦਿੱਤਾ ਸੀ।

ਨਹੀਂ, ਨਹੀਂ, ਉਸਦਾ ਚਰਿੱਤਰ ਕੋਈ ਖਰਾਬ ਨਹੀਂ ਸੀ। ਇਹ ਤਾਂ ਤੁਸੀਂ ਉਹੀ ਕਹਿ ਰਹੇ ਹੋ, ਜਿਹੜੇ ਇਹ ਉਸ 'ਤੇ ਇਲਜ਼ਾਮ ਲਾਉਂਦਾ ਰਿਹਾ। ਇਲਜ਼ਾਮ ਵੀ ਉਸਦੇ ਛੱਡ ਕੇ ਜਾਣ ਤੋਂ ਬਾਅਦ ਹੀ ਲਾਉਣ ਲੱਗਿਆ। ਉਹ ਵਿਚਾਰੀ ਕਿੰਨਾ ਕੁ ਜਰਦੀ। ਚਾਰ ਸਾਲ ਵੀ ਉਸਨੇ ਜਿਵੇਂ ਔਖੀ-ਸੌਖੀ ਨੇ ਕੱਟੇ, ਉਹੀ ਜਾਣਦੀ ਹੈ। ਫਿਰ ਢਾਈ ਸਾਲਾਂ ਦੀ ਬੱਚੀ ਨੂੰ ਮੋਢੇ ਲਾਇਆ ਤੇ ਆਦਮਪੁਰ ਆਪਣੇ ਸਕੂਲ ਨੇੜੇ ਕਿਰਾਏ ਦਾ ਘਰ ਲੈ ਕੇ ਰਹਿਣ ਲੱਗੀ। ਸਕੂਲ ਜਾਣ ਲੱਗਿਆਂ ਬੱਚੀ ਨੂੰ ਕਰੈੱਚ 'ਚ ਛੱਡ ਜਾਂਦੀ। ਇਹ ਇਧਰ ਉਧਰ ਚਾਲੂ ਜਿਹੀਆਂ ਔਰਤਾਂ ਨਾਲ ਆਪਣੀ ਹਵਸ਼ ਨੂੰ ਸ਼ਾਂਤ ਕਰਦਾ ਭਟਕਦਾ ਫਿਰਦਾ। ਜਦੋਂ ਕਿਤੇ ਹੱਥ-ਅੜਾ ਨਾ ਹੁੰਦਾ ਤਾਂ ਕਈ ਵਾਰ ਉਸ ਕੋਲ ਵੀ ਜਾ ਵੜਦਾ। ਉਥੇ ਜਾ ਕੇ ਫਿਰ ਉਹੀ ਗਾਲੀ-ਗਲੋਚ, ਉਹੀ ਬਬੀਤਾ ਦੀ ਤਲਾਸ਼, ਸਗੋਂ ਨਾਲ ਦੀ ਨਾਲ ਉਸ 'ਤੇ ਇਲਜ਼ਾਮ ਵੀ ਲਾਉਣ ਲੱਗਾ। ਸਾਲ ਕੁ ਤਾਂ ਉਥੇ ਵੀ ਇਸਦਾ ਕੁੱਤੀ-ਚੀਕਾ ਜਰਦੀ ਰਹੀ, ਫਿਰ ਉਸਨੇ ਪੁਲੀਸ ਕੋਲ ਸ਼ਿਕਾਇਤ ਕਰ ਦਿੱਤੀ। ਨਾਲ ਹੀ ਤਲਾਕ ਦਾ ਕੇਸ ਲਾ ਦਿੱਤਾ ਤਾਂ ਜਾ ਕੇ ਉਸਦਾ ਖਹਿੜਾ ਛੁੱਟਿਆ। ਇਸ ਨਾਲ ਇਸਦੀਆਂ ਅੱਖਾਂ ਦੀ ਰਹੀ-ਸਹੀ ਸ਼ਰਮ ਵੀ ਮੁੱਕ ਗਈ। ਹੋਰ ਤਾਂ ਹੋਰ ਆਪਣੀਆਂ ਵਿਦਿਆਰਥਣਾਂ 'ਤੇ ਵੀ ਅੱਖ ਰੱਖਣ ਲੱਗਾ। ਇਸ ਉਮਰ 'ਚ ਬੱਚਿਆਂ ਨੂੰ ਆਪਣੇ ਭਲੇ-ਬੁਰੇ ਦੀ ਪਛਾਣ ਹੀ ਕਿਥੇ ਹੁੰਦੀ ਹੈ! ਕੋਈ ਇਸਦੇ ਢਹੇ ਚੜ ਜਾਂਦੀ, ਕਿਸੇ ਨੂੰ ਪਾਇਆ ਹੱਥ ਬੇਇਜ਼ਤੀ ਦਾ ਸਬੱਬ ਵੀ ਬਣ ਜਾਂਦਾ। ਸਾਲ, ਛੇਈਂ ਮਹੀਨੀਂ ਕੋਈ ਨਾ ਕੋਈ ਅਜਿਹਾ ਸਕੈਂਡਲ ਇਸ ਨਾਲ ਜੁੜਿਆ ਹੀ ਰਹਿੰਦਾ ਸੀ। ਇਹ ਵੀ ਜਿਵੇਂ ਢੀਠ ਹੋ ਗਿਆ ਸੀ, ਬੇਸ਼ਰਮੀ ਦੀ ਹੱਦ ਤੱਕ ਢੀਠ। ਇਹ ਹੀ ਦੌਰ ਸੀ, ਜਦੋਂ ਤੁਸੀਂ ਇਸਨੂੰ ਜਾਨਣ ਲੱਗੇ। ਇਸ ਲਈ ਤੁਹਾਡੀ ਇਹ ਰਾਇ ਹੈ। ਤੁਹਾਡੀ ਹੀ ਨਹੀਂ, ਹੋਰ ਕਈਆਂ ਦੀ ਵੀ ਇਹੀ ਰਾਇ ਹੈ। ਪਰ ਜਦੋਂ ਵੀ ਇਸ ਬਾਰੇ ਕੋਈ ਅਜਿਹੀ ਗੱਲ ਸੁਣਦਾ ਹਾਂ ਤਾਂ ਲਗਦਾ, ਇਸ ਨਾਲ ਬੇਇਨਸਾਫ਼ੀ ਹੋ ਰਹੀ ਹੈ। ਜਿਵੇਂ ਦਾ ਇਹ ਦਸਵੀਂ ਤੱਕ ਸੀ, ਜਿਵੇਂ ਦੀਆਂ ਇਸ ਉਪਰ ਪਰਿਵਾਰ ਦੀਆਂ ਆਸ਼ਾਵਾਂ ਸਨ, ਇਸ ਦੇ ਅਧਿਆਪਕ ਸਮਝਦੇ ਸਨ, ਉਹ ਹਰਜੀਤ ਵਕਤ ਦੇ ਥਪੇੜਿਆਂ ਸਾਹਮਣੇ ਕਿਵੇਂ ਪੋਟਾ-ਪੋਟਾ ਜ਼ਿਬਾਹ ਹੋਇਆ, ਮੈਂ ਉਸਦਾ ਗਵਾਹ ਹਾਂ। ਇਹ ਪੀਲੀ ਕੋਠੀ ਦੇ ਸ਼ਾਪਿੰਗ-ਕੰਪਲੈਕਸ 'ਚ ਬਦਲਣ ਦੀ ਪ੍ਰਕਿਰਿਆ ਨੂੰਮਝ ਨਾ ਸਕਿਆ। ਬਸ, ਇਥੇ ਹੀ ਮਾਰ ਖਾ ਗਿਆ, ਜਿਸਦਾ ਇਹੀ ਨਤੀਜਾ ਨਿਕਲਣਾ ਸੀ। ਹਾਂ, ਉਸਨੇ ਮਰ ਹੀ ਜਾਣਾ ਸੀ......

***

ਕਹਾਣੀ

# ਬਰਫ਼ ਦਾ ਫ਼ੰਬਾ

ਡਾ: ਕਰਮਜੀਤ ਸਿੰਘ ਨਡਾਲ਼ਾ

ਨਰਸ ਇੱਕ-ਇੱਕ ਕਰਕੇ ਮਰੀਜ਼ ਅੰਦਰ ਭੇਜ ਰਹੀ। ਡਾ. ਇਕਬਾਲ ਮਰੀਜ਼ ਦੇਖਦਿਆਂ ਆਪਣੇ ਕਮਰੇ ਦੇ ਕੈਮਰਿਆਂ 'ਚੋਂ ਬਾਹਰਲੇ ਦ੍ਰਿਸ਼ 'ਤੇ ਵੀ ਝਾਤੀ ਮਾਰ ਲੈਂਦਾ।

ਅਚਾਨਕ ਉਸਦੀ ਨਜ਼ਰ ਤਿਲਕ ਕੇ, ਬੈਠੇ ਮਰੀਜ਼ਾਂ 'ਤੇ ਪਈ। ਜਿਹਨਾਂ 'ਚ ਮਨਦੀਪ ਵੀ ਆਈ ਬੈਠੀ ਏ। ਉਹ ਅਫ਼ਸੋਸਿਆ ਜਿਹਾ ਮੂੰਹ ਬਣਾਈ ਉਦਾਸ ਜਿਹੀ ਲੱਗ ਰਹੀ। ਉਸ ਦੀ ਧੌਣ 'ਚ ਪਹਿਲਾਂ ਵਾਲਾ ਅਕੜਾਅ ਨਜ਼ਰ ਨਹੀਂ ਆ ਰਿਹਾ। ਉਵੇਂ ਉਹ ਡਾ. ਇਕਬਾਲ ਦੇ ਦਿਲ ਨੂੰ ਬਹੁਤ ਭਾਉਂਦੀ ਏ।

ਪਰ ਮਨਦੀਪ 'ਚ ਇੱਕ ਨੁਕਸ ਏ। ਉਸਦਾ ਸੁਭਾਅ ਬੜਾ ਚੰਦਰਾ ਜਿਹੈ। ਉਸ ਨਾਲ ਵੀ ਹੈਲੋ-ਹਾਏ ਤੇ ਦਵਾਈ-ਦਾਰੂ ਤੋਂ ਅਗਾਂਹ ਕੁਝ ਨਹੀਂ। ਡਾਕਟਰ ਨੇ ਕਈ ਵਾਰ ਉਸ ਨਾਲ ਗੱਲ ਵਧਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਖ਼ਾਸ ਹੁੰਗਾਰਾ ਹੀ ਨਹੀਂ ਭਰਦੀ।

ਉਸ ਨੇ ਬੈੱਲ ਮਾਰਕੇ ਮਨਦੀਪ ਨੂੰ ਅੰਦਰ ਬੁਲਾ ਲਿਆ।

ਜਿਸਦੇ ਚਿਹਰੇ ਤੋਂ ਹਮੇਸ਼ਾ ਫੁੱਲ-ਪੱਤੀਆਂ ਝੜਦੀਆਂ, ਹੁਣ ਉਸ ਤੋਂ ਚੜ੍ਹਤ ਗਾਇਬ ਸੀ। ਉਹ ਹੈਰਾਨ ਸੀ, ਇਹਦਾ ਚਿਹਰਾ ਤਾਂ ਇਵੇਂ ਦਾ ਸੀ ਜਿਵੇਂ ਨਿੱਤਰੇ ਪਾਣੀਆਂ 'ਚੋਂ ਕੋਈ ਅਪਣਾ ਅਕਸ ਦੇਖ ਲਵੇ।

"ਮਨਦੀਪ...ਕੀ ਗੱਲ...ਠੀਕ ਨਹੀਂ ਜਾਪਦੇ...।"

"ਹਾਂ ਇਕਬਾਲ...ਮੈਂ ਕਈ ਦਿਨਾਂ ਦੀ ਰੁਖ-ਸਿਰ ਨਹੀਂ...।"

ਉਹ ਉਹਦਾ ਬੀ.ਪੀ, ਟੈਂਪਰੇਚਰ ਦੇਖਣ ਲੱਗ ਪਿਆ।

"ਇਵੇਂ ਕਿੰਨੇ ਕੁ ਦਿਨ ਹੋ ਗਏ...ਢਿੱਲ ਮੱਠ ਨੂੰ...।"

"ਬਸ ਪੁੱਛ ਨਾ...ਹੁਣ ਤਾਂ ਇਵੇਂ ਜਾਪਦਾ...ਮੈਂ ਵਰ੍ਹਿਆਂ ਤੋਂ ਬੀਮਾਰ ਆਂ...ਮੇਰੇ ਢਿੱਡ 'ਚ ਗੋਲਾ ਜਿਹਾ ਬਣਿਆ ਰਹਿੰਦਾ...।"

ਇਕਬਾਲ ਉਹਦਾ ਪੇਟ ਟੋਹਣ ਲੱਗਦੈ।

"ਇਕਬਾਲ ਇਹ ਗੋਲਾ ਔਰਤਾਂ ਦੇ ਢਿੱਡਾਂ 'ਚ ਹੀ ਕਿਉਂ ਬਣਦੈ...ਕਦੇ ਸੁਣਿਐ ਕਿਸੇ ਮਰਦ ਨੇ ਕਿਹਾ ਹੋਵੇ, ਉਹਦੇ ਢਿੱਡ 'ਚ ਗਮ ਦਾ ਗੋਲਾ ਜਿਹਾ ਫਿਰਦੈ...।"

ਉਹ ਹਮੇਸ਼ਾਂ ਹੀ ਬੜੇ ਸਲੀਕੇ ਨਾਲ ਬੋਲਦੀ। ਅਦਬ ਸਹਿਤ ਗੱਲ ਕਰਦੀ। ਡਾਕਟਰ ਸਾਹਬ ਕਹਿ ਕੇ ਹੀ ਸੰਬੋਧਨ ਕਰਦੀ। ਪਰ ਅੱਜ ਪਹਿਲੀ ਵਾਰੀ ਉਸਦਾ ਨਾਂ ਲੈ ਕੇ ਉਸ ਨੂੰ ਅਚੰਭੇ 'ਚ ਪਾ ਦਿੱਤਾ ਸੀ ਜਿਵੇਂ ਕੋਈ ਭੁੱਲਿਆ-ਭਟਕਿਆ ਰਾਹੀਂ ਆਸਰਾ ਭਾਲਦਾ ਇੱਥੇ ਆ ਗਿਆ ਹੋਵੇ।

ਜਦੋਂ ਉਹ ਤਿੰਨ-ਚਾਰ ਸਾਲ ਪਹਿਲੋਂ ਉਸ ਤੋਂ ਦਵਾਈ ਲੈਣ ਆਉਣ ਲੱਗੀ, ਉਹਨੇ ਇੱਕ-ਦੋ ਵਾਰੀ ਲਾਡ ਜਿਹੇ 'ਚ ਕਿਹਾ ਵੀ, "ਤੂੰ ਕੀ ਡਾਕਟਰ ਸਾਹਬ, ਡਾਕਟਰ ਸਾਹਬ ਕਰਦੀ ਏ...ਮੈਨੂੰ ਨਹੀਂ ਤੇਰੇ ਮੂੰਹੋਂ ਇਵੇਂ ਚੰਗਾ ਜਿਹਾ ਲੱਗਦਾ...ਲੋਕਾਂ ਲਈ ਮੈਂ ਡਾਕਟਰ

ਹੋਵਾਂਗਾ...ਤੇਰੇ ਲਈ ਉਹੋ ਹੀਂ ਆਂ...ਆਪਾਂ ਦਸਵੀਂ ਤੱਕ 'ਕੱਠੇ ਪੜ੍ਹੇ ਖੇਡੇ...ਤੂੰ ਮੈਨੂੰ ਇਕਬਾਲ ਹੀ ਕਹਿ ਲਿਆ ਕਰ...ਤੇਰੇ ਮੂੰਹੋਂ ਇਵੇਂ ਸੋਹਣਾ ਲੱਗਦਾ...।"

"ਡਾਕਟਰ ਸਾਹਬ...ਆਪਾਂ ਹੁਣ ਵਿਆਹੇ ਵਰ੍ਹੇ ਆਂ...ਬਾਲ-ਬੱਚਿਆਂ ਵਾਲੇ...ਸ਼ਿਸ਼ਟਾਚਾਰ ਵੀ ਕੋਈ ਚੀਜ਼ ਏ...ਕੱਲ ਨੂੰ ਤੁਹਾਡੀ ਘਰਵਾਲੀ ਨੂੰ ਪਤਾ ਚੱਲੂ...ਸ਼ੱਕ ਪੈਦਾ ਹੋਵੇਗਾ...ਮੇਰਾ ਪਤੀ ਦੇਖੂ ਤਾਂ ਕੀ ਕਹੇਗਾ...ਡਾਕਟਰ ਦਾ ਨਾਂ ਲੈ-ਲੈ ਗੱਲਾਂ ਕਰਦੀ ਏਂ...ਤੇਰਾ ਕੋਈ ਪੁਰਾਣਾ ਯਰਾਨਾ ਲੱਗਦੈ...।"

ਉਸ ਨੇ ਇਕਬਾਲ ਨੂੰ ਜਿੱਚ ਕਰ ਦਿੱਤਾ। ਜਿਵੇਂ ਉਸ ਅੰਦਰਲੇ ਇਸ਼ਕ ਦੇ ਭੂਤ ਨੂੰ ਫੂਕ ਮਾਰਕੇ ਉੜਾ ਦਿੱਤਾ ਹੋਵੇ। ਉਹ ਅੰਦਰੋ-ਅੰਦਰ ਵਿੱਸ ਘੋਲਣ ਲੱਗਾ। ਸੌਹਰੀਏ ਤੂੰ ਸੋਹਣੀ ਹੋਵੇਗੀ ਠੀਕ ਏ। ਮੈਂ ਵੀ ਤਾਂ ਸਧਾਰਨ ਗੱਲਬਾਤ ਲਈ ਹੀ ਕਿਹਾ ਸੀ। ਹੋਰ ਕਿਹੜਾ ਤੇਰੀ ਇੱਜ਼ਤ ਨੂੰ ਹੱਥ ਪਾ ਲਿਆ।

ਫਿਰ ਉਹ ਕਦੇ ਵੀ ਇਵੇਂ ਖੁੱਲ੍ਹਕੇ ਗੱਲ ਨਹੀਂ ਸੀ ਕਰ ਸਕਿਆ। ਉਹ ਜਦੋਂ ਵੀ ਕਦੇ ਬੱਚਿਆਂ ਨਾਲ ਦਵਾਈ ਲੈਣ ਆਉਂਦੀ, ਚੁੱਪ ਕਰਕੇ ਦਵਾਈ ਲਿਖਕੇ ਤੋਰ ਦਿੰਦਾ। ਇਹਦਾ ਕੀ ਪਤਾ, ਕਿੱਥੋਂ ਉੱਖੜੀ ਕੁਹਾੜੀ ਵਾਂਗੂੰ ਆ ਵੱਜੇ।

"ਮਨਦੀਪ ਬੜੇ ਚਿਰਾਂ ਬਾਅਦ ਆਏ ਹੋ...ਮੇਰੀਆਂ ਅੱਖਾਂ ਨੂੰ ਤਾਂ ਯਕੀਨ ਹੀ ਨਹੀਂ ਸੀ ਆ ਰਿਹਾ...ਇਹ ਕੋਈ ਹਕੀਕਤ ਐ ਕਿ ਮੈਂ ਕੋਈ ਸੁਪਨਾ ਦੇਖ ਰਿਹਾਂ...।"

"ਹਾਂ ਇਵੇਂ ਹੀ ਝੰਜਟਾਂ 'ਚੋਂ ਸਮਾਂ ਹੀ ਨਹੀਂ ਮਿਲਿਆ...।" ਉਸ ਮਰੀ ਜਿਹੀ ਆਵਾਜ਼ ਕੱਢੀ, ਜਿਵੇਂ ਖੂਹ 'ਚੋਂ ਬੋਲੀ ਹੋਵੇ।

"ਪੇਟ ਤਾਂ ਤੁਹਾਡਾ ਮੈਨੂੰ ਠੀਕ ਜਾਪਦੈ...ਇਹ ਪੇਟ 'ਚ ਗਮ ਦੇ ਗੋਲੇ ਦੀਆਂ ਕੀ ਗੱਲਾਂ ਕਰ ਰਹੇ ਹੋ...ਕੋਈ ਚਿੰਤਾ...।"

"ਨਹੀਂ...ਨਹੀਂ...ਹਾਂ, ਹੈ ਵੀ...।"

"ਬੱਚੇ ਠੀਕ ਨੇ...ਘਰਵਾਲੇ ਦਾ ਕੀ ਹਾਲ ਹੈ...।"

"ਬੱਚੇ ਤਾਂ ਠੀਕ ਨੇ...ਘਰਵਾਲੇ ਦਾ ਕੀ ਦੱਸਾਂ...ਉਹਦੀ ਹੀ ਤਾਂ ਬੀਮਾਰ ਕੀਤੀ ਹੋਈ ਆਂ...।"

"ਕਿਉਂ ਉਹਨੇ ਕੀ ਕਰਤਾ...।"

"ਕੀ ਦੱਸਾਂ ਸ਼ਰਮ ਜਿਹੀ ਆਉਂਦੀ ਏ...ਉਹਨੇ ਸਾਲ ਪਹਿਲਾਂ ਹੋਰ ਜਨਾਨੀ ਲੈ ਆਂਦੀ...।"

"ਹੈਂ!!...ਤੇਰੇ ਹੁੰਦਿਆਂ...ਪਹਿਲਾਂ ਵੀ ਤੁਹਾਡਾ ਆਪਸ 'ਚ ਝਗੜਾ ਹੁੰਦਾ ਹੋਊ...।"

"ਨਹੀਂ ਕੋਈ ਖਾਸ ਨਹੀਂ...ਉਂਜ ਜਿੱਥੇ ਦੋ ਭਾਂਡੇ ਹੋਣ ਖੜਕਦੇ ਹੀ ਨੇ...ਮੈਨੂੰ ਉਵੇਂ ਸ਼ੱਕ ਪੈਂਦਾ ਸੀ...ਦੇਰ ਸਵੇਰ ਘਰੇ ਆਉਂਦਾ...ਮੈਂ ਪੁੱਛਦੀ ਤਾਂ ਬਹਾਨੇ ਬਣਾਉਂਦਾ...ਅਸਲ 'ਚ ਉਸੇ ਨਾਲ ਹੀ ਬਹਾਰਾਂ ਪਿਆ ਲੁੱਟਦਾ ਸੀ...ਫਿਰ ਇੱਕ ਦਿਨ ਤਾਂ ਭੂਏ ਚੜ੍ਹਿਆ ਘਰ ਹੀ ਲੈ ਆਇਆ...ਮੇਰੇ ਸਿਰ 'ਤੇ ਲਿਆ ਕੇ ਬਿਠਾ ਦਿੱਤੀ...।"

ਮੈਂ ਦੇਖ ਰਿਹਾ ਸਾਂ ਉਸਦੀਆਂ ਮੋਟੀਆਂ ਬਲੌਰੀ ਅੱਖਾਂ ਗਲੇਡੂ ਸੁੱਟਦੀਆਂ ਲਟ-ਲਟ ਬਲਣ ਲੱਗ ਪਈਆਂ।

"ਮਨਦੀਪ ਇਹ ਤਾਂ ਮਾੜੀ ਕੀਤੀ ਉਹਨੇ...ਬੜਾ ਘਟੀਆ ਬੰਦਾ ਨਿਕਲਿਆ...ਮੈਂ ਇਹ ਮੰਨਦਾ ਕਿਸੇ ਮਰਦ ਦਾ ਔਰਤ ਵਲ ਖਿੱਚੇ ਜਾਣਾ ਆਮ ਗੱਲ ਹੈ...ਪਰ ਉਹਨੂੰ ਘਰੇ ਹੀ ਚੁੱਕ ਕੇ ਲੈ ਆਉਣਾ...ਇਹ ਮਾੜੀ ਗੱਲ ਹੈ...ਅਸਮਾਨੋਂ ਟੁੱਟਣ ਲੱਗਾ ਤਾਰਾ ਤੇ ਫਿੱਟਣ ਲੱਗੀ ਮੱਤ...ਕਿਸੇ ਨੂੰ ਪੁੱਛ ਕੇ ਥੋੜਾ ਹੁੰਦੀ...ਤੇਰੇ 'ਚ ਕਿਹੜੀ ਘਾਟ ਸੀ...ਤੂੰ ਤੇ ਆਪ ਅਜੇ ਹੱਥ ਲਾਇਆਂ ਮੈਲੀ ਹੁੰਦੀ ਏਂ...ਇਵੇਂ ਤਾਂ ਮਨਦੀਪ ਉਹਨੂੰ ਨਹੀਂ ਸੀ ਕਰਨਾ ਚਾਹੀਦਾ...।"

ਡਾ. ਇਕਬਾਲ ਉਸ ਨਾਲ ਹਮਦਰਦੀ ਵੀ ਕਰ ਰਿਹਾ ਸੀ ਤੇ ਹਮਦਰਦੀ ਖੱਟ ਵੀ ਰਿਹਾ ਸੀ। ਉਸਨੇ ਹੌਸਲਾ ਦੇਂਦਿਆਂ ਉਹਦੇ ਪਿੰਡੇ 'ਤੇ ਹੱਥ ਫੇਰਿਆ। ਉਹ ਕੁਝ ਝਕਿਆ ਵੀ, ਕਿਤੇ ਅੱਖਾਂ ਹੀ ਨਾ ਕੱਢਣ ਲੱਗ ਪਵੇ। ਉਸ ਦਾ ਹੱਥ ਝਟਕ ਦੇਵੇ। ਪਰ ਨਹੀਂ ਉਹ ਤਾਂ ਸਗੋਂ ਮੋਮ ਵਾਂਗੂੰ ਪਿਘਲਣ ਲੱਗ ਪਈ ਸੀ। ਉਹਦੇ ਸਪਰਸ਼ ਦੀਆਂ ਚੁੰਬਕੀ ਲਹਿਰਾਂ ਡਾ. ਇਕਬਾਲ ਦੇ ਸਾਰੇ ਸਰੀਰ 'ਚ ਦੌੜਨ ਲੱਗ ਪਈਆਂ ਸਨ।

ਪਰ ਮਨਦੀਪ ਤਾਂ ਟੁੱਟੀ ਪਈ ਸੀ। ਉਹ ਬਹੁਤ ਹੀ ਗੰਭੀਰ ਜਿਹੀ ਹੋ ਗਈ। ਇੱਕ ਬੇਚੈਨ ਜਿਹੀ ਰੂਹ ਬਣੀ ਬੈਠੀ, ਜਿਵੇਂ ਕੋਈ ਦੇਵੀ ਪੱਥਰਾਂ 'ਚੋਂ ਪ੍ਰਗਟ ਹੋ ਗਈ ਹੋਵੇ।

"ਇਕਬਾਲ...ਔਰਤ ਦਾ ਬੰਦੇ ਅੱਗੇ ਕੀ ਵਜੂਦ...ਔਰਤ ਤਾਂ ਹਮੇਸ਼ਾਂ ਦੂਸਰਿਆਂ ਲਈ ਜਿਉਂਦੀ ਏ...ਉਸ ਬੰਦੇ ਨੇ ਮੈਨੂੰ ਬੇਵੱਸ ਕਰ 'ਤਾ...ਹੁਣ ਤਾਂ ਘਰੇ ਵਿਹੜੇ 'ਚ ਫ਼ੈਲੀ ਦਰੇਕ ਵੱਲ ਦੇਖਦੀ ਰਹਿੰਦੀ ਆਂ...ਉੱਥੇ ਬੈਠੇ ਪੰਛੀ ਵੀ ਮੈਨੂੰ ਉਦਾਸ ਪਏ ਜਾਪਦੇ ਨੇ...ਤੂੰ ਹੀ ਦੱਸ ਉਹਨਾਂ ਪੰਛੀਆਂ ਦੀਆਂ ਆਵਾਜ਼ਾਂ ਮੈਨੂੰ ਹਰ ਵੇਲੇ ਵੈਣਾਂ ਵਰਗੀਆਂ ਕਿਉਂ ਲੱਗਦੀਆਂ ਨੇ...।"

"ਮਨਦੀਪ ਤੂੰ ਬਹੁਤਾ ਹੀ ਦਿਲ ਨੂੰ ਲਾ ਬੈਠੀ ਏ...ਰੀਲੈਕਸ ਹੋ...।"

"ਇਕਬਾਲ, ਮੈਂ ਜਦੋਂ ਵਿਆਹੀ ਇਹਦੇ ਲੜ ਲੱਗੀ...ਉਦੋਂ ਹੀ ਸੋਚ ਲਿਆ ਸੀ...ਇੱਥੋਂ ਅਗਾਂਹ ਨਹੀਂ ਸੋਚਣਾ...ਮੈਨੂੰ ਮੰਜ਼ਿਲ ਮਿਲ ਗਈ...ਘਰ ਮਿਲ ਗਿਆ...ਫਿਰ ਬੱਚੇ ਝੱਟਪਟ ਹੋ ਗਏ...ਹੋਰ ਕੀ ਚਾਹੀਦਾ ਸੀ...ਬੰਦਾ ਇਹਨਾਂ ਦੀ ਅਣਹੋਂਦ ਨਾਲ ਸਾਰੀ ਉਮਰ ਭਟਕਿਆ ਰਹਿੰਦੈ...ਥਾਂ-ਥਾਂ ਮੱਥੇ ਰਗੜਦੈ...ਖਾਂਦੈ...ਮੈਨੂੰ ਗ੍ਰਹਿਸਤੀ ਜੀਵਨ ਕੱਟਦਿਆਂ ਹਮੇਸ਼ਾ ਜਾਪਦਾ ਇਹ ਧਰਤੀ ਦਾ ਚੰਨ, ਕੇਵਲ ਤੇ ਕੇਵਲ ਮੇਰੇ ਲਈ ਹੀ ਧਰਤੀ 'ਤੇ ਘੁੰਮਦਾ...ਮੇਰੇ ਪਤੀ ਦੀਆਂ ਚਾਨਣ ਦੀਆਂ ਕਿਰਨਾਂ 'ਤੇ ਸਿਰਫ਼ ਤੇ ਸਿਰਫ਼ ਮੇਰਾ ਹੀ ਹੱਕ ਏ...ਮੈਂ ਸਮਝਦੀ ਸਾਂ ਮੈਂ ਤਾਂ ਰੱਬ ਪਾ ਲਿਆ...ਮੈਨੂੰ ਤਾਂ ਜਿਵੇਂ ਦੁਨਿਆਵੀ ਭਟਕਣਾ ਤੋਂ ਮੁਕਤੀ ਮਿਲੀ ਹੋਈ ਸੀ...ਹਮੇਸ਼ਾ ਮਸਤ...ਮਲੰਗ ਹੋਈ...ਕੰਨਾਂ 'ਚ ਰੂੰ ਪਾਈ...ਹਰ ਵੇਲੇ ਪ੍ਰਭੂ ਭਗਤੀ 'ਚ ਲੀਨ ਰਹਿੰਦੀ...ਪਰ ਅੱਜ ਰੁਲੀ ਪਈ ਆਂ...।"

ਮੈਂ ਉਸਦੀ ਸੁਣਦਾ ਹੋਇਆ ਸੋਚ ਰਿਹਾ ਸਾਂ, ਲੱਗਦੈ ਇਹਦੀ ਮਸਤੀ ਤੇ ਲੋੜੋਂ ਵਧ ਭਗਤੀ ਨੇ ਇਹਦੀ ਖੇਡ ਵਿਗਾੜ ਦਿੱਤੀ। ਇਹਦਾ ਸੁਭਾਅ ਖੁਸ਼ਕ ਕਰ ਦਿੱਤਾ। ਜਿਸ ਨੇ ਬੰਦੇ ਨੂੰ ਨਾਲੋਂ ਤੋੜ ਦਿੱਤਾ। ਬੰਦੇ ਦੀਆਂ ਵੀ ਕੁਝ ਲੋੜਾਂ ਹੁੰਦੀਆਂ। ਹਰ ਵੇਲੇ ਲਾਈਫ਼ ਪਾਰਟਨਰ ਦੀ ਰੱਬੀ ਭਗਤੀ ਵੀ ਗ੍ਰਹਿਸਤੀ ਜੀਵਨ ਲਈ ਖਤਰਨਾਕ ਹੁੰਦੀ। ਤੂੰ ਤਾਂ ਮੀਰਾਂ ਬਣ ਬੈਠੀ। ਏਸ ਲਈ ਉਹਨੇ ਹੋਰ ਪਾਸੇ ਦਿਲ ਲਾ ਲਿਆ।

ਨਰਸ ਦੋ-ਤਿੰਨ ਵਾਰੀ ਕਹਿ ਗਈ ਸੀ। ਮਰੀਜ਼ ਕਾਹਲੇ ਪਏ ਹੋਏ।

"ਮਨਦੀਪ...ਤੁਸੀਂ ਸਾਹਮਣੇ ਕੁਰਸੀ 'ਤੇ ਬੈਠ ਜਾਓ...ਮੈਂ ਆਹ ਚਾਰ ਮਰੀਜ਼ ਕੱਢ ਲਵਾਂ...।"

"ਠੀਕ ਹੈ ਇਕਬਾਲ...ਮੈਂ ਬੈਠਦੀ ਆਂ...ਪਰ ਮੈਂ ਚਲੀ ਨਾ ਜਾਵਾਂ...ਤੇਰਾ ਕੀਮਤੀ ਸਮਾਂ...ਤੂੰ ਮੈਨੂੰ ਕੋਈ ਨੀਂਦ ਦੀ ਦਵਾਈ ਲਿਖ ਦੇ...ਮੇਰੇ ਦਿਮਾਗ 'ਤੇ ਬਹੁਤ ਬੋਝ ਏ...।"

"ਨਹੀਂ...ਨਹੀਂ ਮਨਦੀਪ...ਕੀ ਕਾਹਲੀ ਏ...ਇਵੇਂ ਦਵਾਈਆਂ ਨਹੀਂ ਖਾਈਦੀਆਂ...ਰੁਕ...ਮੇਰਾ ਤਾਂ ਦਿਲ ਵਲੂੰਧਰਿਆ ਗਿਆ ਤੇਰੀ ਗੱਲ ਸੁਣ ਕੇ...ਮੈਂ ਨਹੀਂ ਤੈਨੂੰ ਏਡੀ ਛੇਤੀ ਜਾਣ ਦੇਣਾ...।"

ਉਹ ਹਲਕਾ ਜਿਹਾ ਮੁਸਕਾਈ। ਫਿਰ ਉਹਦੇ ਸਾਹਮਣੇ ਵਾਲੀ ਕੁਰਸੀ 'ਤੇ ਜਾ ਬੈਠੀ।

ਮਰੀਜ਼ ਦੇਖਦਿਆਂ ਇਕਬਾਲ ਦੀਆਂ ਅੱਖਾਂ ਵਾਰ-ਵਾਰ ਮਨਦੀਪ ਨਾਲ ਟਕਰਾਅ ਜਾਂਦੀਆਂ। ਉਹ ਵੀ ਕਈ ਵਾਰ ਉਸ ਨੂੰ ਹੀ ਦੇਖ ਰਹੀ ਹੁੰਦੀ। ਏਨੇ 'ਚ ਉਹਦੀਆਂ ਅੱਖਾਂ ਦੇ ਅੱਥਰੂ ਤਾਂ ਸੁੱਕ ਗਏ ਸਨ। ਪਰ ਉਹ ਅਜੇ ਸੁਰਖ਼ ਹੋਈਆਂ ਪਈਆਂ।

ਉਹ ਬੈਠੀ ਕਦੇ ਸਹਿਜ ਦਿਸਦੀ। ਕਦੇ ਬੇਚੈਨ ਜਿਹੀ ਹੋ ਜਾਂਦੀ। ਹੁਣ ਉਹਨੇ ਤਲੀ 'ਤੇ ਗੱਲ੍ਹ ਰੱਖਕੇ ਸਿਰ ਟੇਢਾ ਕਰ ਲਿਆ ਸੀ। ਉਹ ਮਰੀਜ਼ ਦੇਖਦਾ ਹੋਇਆ ਚੋਰ ਅੱਖ ਨਾਲ ਉਸ ਵਲ ਦੇਖਦਾ, ਜਿਵੇਂ ਉਹ ਕੁਝ ਯਾਦ ਕਰ-ਕਰ ਦਿਮਾਗ਼ 'ਤੇ ਬੋਝ ਪਾ ਰਹੀ ਹੋਵੇ। ਕਦੇ ਅੱਧ ਖੁੱਲ੍ਹੀਆਂ ਅੱਖਾਂ ਕਰਕੇ ਸ਼ਾਂਤ ਮੁਦਰਾ 'ਚ ਇਕੱਲਤਾ ਨਾਲ ਭਰੀ ਜਾਪਦੀ, ਜਿਵੇਂ ਕੋਈ ਸਾਧਨਾ ਕਰ ਰਹੀ ਹੋਵੇ। ਕਦੇ ਤਾਂ ਇਵੇਂ ਵੀ ਜਾਪਦਾ ਜਿਵੇਂ ਉਸਨੇ ਆਪਣੀਆਂ ਲਿਸ਼ਕਦੀਆਂ ਅੱਖਾਂ ਨੂੰ ਆਪਣੇ ਤੇਜੱਸਵੀ ਚਿਹਰੇ ਦੀਆਂ ਪਲਕਾਂ ਹੇਠ ਪੂਰੀ ਤਰ੍ਹਾਂ ਢੱਕ ਲਿਆ ਹੋਵੇ। ਇਵੇਂ ਕਰਦੀ ਉਹ ਕਿਸੇ ਮੰਦਰ ਦੀ ਚੌਖਟ ਅੰਦਰ ਬੈਠੀ ਦੇਵੀ ਜਾਪਣ ਲੱਗਦੀ।

ਪਰ ਡਾ. ਇਕਬਾਲ ਪ੍ਰਸ਼ਨ ਚਿੰਨ ਬਣਿਆ ਦੇਖਦਾ, ਅਜਬ ਹਾਲਾਤਾਂ ਨੇ ਇਹਦਾ ਕਲੀਆਂ ਵਰਗਾ ਮੂੰਹ ਸੀਆ ਦਿੱਤਾ ਜਾਪਦਾ ਸੀ। ਪਰ ਉਹ ਸੋਚਦਾ ਇਹ ਕੀ ਸੋਚ ਰਹੀ ਹੋਵੇਗੀ। ਖੌਰੇ ਮੇਰੇ ਬਾਰੇ ਹੀ ਸੋਚ ਰਹੀ ਹੋਵੇ। ਮੇਰੇ ਨਾਲ ਪਿਆਰ ਪਾਉਣ ਤੇ ਵਧਾਉਣ ਲਈ ਤਾਂ ਜ਼ਰੂਰ ਮਨ ਬਣਾ ਰਹੀ ਹੋਵੇਗੀ। ਪਤੀ ਨੇ ਹੋਰ ਜਨਾਨੀ ਲੈ ਆਂਦੀ ਤੇ ਮੈਂ ਕਿਉਂ ਨਾ ਆਪਣੇ ਲਈ ਕੋਈ ਸਾਥ ਲੱਭਾਂ। ਇਵੇਂ ਇਹਨੂੰ ਮੇਰੇ ਤੋਂ ਬਗੈਰ ਹੋਰ ਕੁਝ ਸੁੱਝਾ ਨਹੀਂ ਹੋਣਾ। ਆਖਰ ਮੈਨੂੰ ਹੀ ਚੁਣਿਆ। ਇਹਦੇ ਦਿਲ ਦੇ ਕੋਨੇ 'ਚ ਜ਼ਰੂਰ ਮੈਂ ਹਾਜ਼ਰ-ਨਾਜ਼ਰ ਸਾਂ। ਨਹੀਂ ਤਾਂ ਇਹੋ ਜਿਹੀ ਕਿੱਥੇ ਕਦੇ ਮੇਰੇ ਕੋਲ ਆ ਕੇ ਬਹਿੰਦੀ ਸੀ। ਅੱਜ ਕਿਵੇਂ ਸਭ ਪਿੱਛਾ ਭੁੱਲ ਇੱਥੇ ਬੈਠੀ ਹੋਈ। ਹੁਣ ਠੋਕਰ ਜੁ ਲੱਗੀ ਸੂ।

ਡਾ. ਇਕਬਾਲ ਨੂੰ ਕਾਹਲੀ ਪਈ ਹੋਈ। ਪਰ ਮਰੀਜ਼ ਤਾਂ ਹੋਰ ਵੀ ਆਈ ਜਾ ਰਹੇ। ਜਿੰਨੇ ਕੁ ਦੇਖਦਾ ਉਨੇ ਕੁ ਹੀ ਬਾਹਰ ਬੈਂਚਾਂ 'ਤੇ ਆ ਬੈਠਦੇ। ਏਨੇ 'ਚ ਪਹਿਲੇ ਮਰੀਜ਼ ਟੈਸਟ ਕਰਵਾਅ ਕੇ ਰਿਪੋਟਾਂ ਸਮੇਤ ਵੀ ਤੁਰੇ ਆਉਂਦੇ। ਉਸ ਨੂੰ ਲੱਗਦਾ ਮੇਰੀ ਕਾਹਲੀ ਦਾ ਵੀ ਬਹੁਤਾ ਅਸਰ ਨਹੀਂ ਹੋ ਰਿਹਾ। ਅੱਜ ਉਸ ਨੂੰ ਆ ਰਹੇ ਮਰੀਜ਼ਾਂ 'ਤੇ ਵੀ ਖਿਝ ਚੜ੍ਹੀ ਜਾ ਰਹੀ।' ਜਿਹਨਾਂ ਉਨ੍ਹਾਂ ਦੁਆਲੇ ਚੁੱਪ ਦੀ ਕੰਧ ਉਸਾਰ ਦਿੱਤੀ ਸੀ।

"ਸੌਰੀ...ਮਨਦੀਪ!!...ਥੋੜਾ ਜ਼ਿਆਦਾ ਹੀ ਸਮਾਂ ਲੱਗ ਗਿਆ...।"

ਉਹ ਅੱਗੋਂ ਠੰਢਾ ਸਾਹ ਲੈਂਦੀ ਤੇ ਬੁੱਲ ਟੁੱਕਦੀ ਬੋਲੀ, "ਕੋਈ ਨਹੀਂ ਇਕਬਾਲ...ਮੈਂ

ਦੇਖ ਰਹੀ ਆਂ....ਸਾਰੀ ਦੁਨੀਆ ਹੀ ਦੁੱਖਾਂ ਦੀ ਭਰੀ ਹੋਈ...।"

"ਵੇਖ ਲੈ ਮਨਦੀਪ...ਅਸੀਂ ਮਰੀਜ਼ਾਂ ਨੂੰ ਠੀਕ ਕਰ-ਕਰ ਤੋਰੀ ਜਾਂਦੇ ਆਂ...ਦੁਨੀਆ ਫਿਰ ਹਸਪਤਾਲਾਂ ਨੂੰ ਤੁਰੀ ਆਉਂਦੀ...।"

"ਮੈਂ ਦੇਖ ਲਿਆ ਇਕਬਾਲ...ਅਸਲ 'ਚ ਸਾਰੀ ਦੁਨੀਆ ਕਾਮ ਕਰੋਧ ਲੋਭ ਮੋਹ ਤੇ ਹੰਕਾਰ ਦੀ ਮਾਰੀ ਹੋਈ ਏ...ਇਨ੍ਹਾਂ ਪੰਜਾਂ ਨੂੰ ਵੱਸ ਕਰਨ ਦੀ ਜਗ੍ਹਾ ਇਹਨਾਂ 'ਚ ਹੀ ਫਸੀ ਹੋਈ...ਬੰਦੇ 'ਚ ਟਿਕਾਅ ਕਿੱਥੇ...ਸਾਰੀ ਉਮਰ ਭਟਕਦਾ ਹੀ ਰਹਿੰਦੈ...ਮਨੁੱਖ ਬਹੁਤੀਆਂ ਇਛਾਵਾਂ ਰੱਖਦਾ ਚੱਕਰਵਿਓ 'ਚ ਫਸ ਜਾਂਦੈ...ਦੁੱਖ ਭੋਗਦੈ ਤੇ ਨਾਲ ਦਿਆਂ ਨੂੰ ਵੀ ਉਸ ਭੱਠੀ 'ਚ ਸੜਨ ਨੂੰ ਸੁੱਟ ਦੇਂਦਾ...।"

"ਮਨਦੀਪ...ਬੰਦੇ 'ਚੋਂ ਸਬਰ ਮੁੱਕਦਾ ਜਾਂਦੈ...ਇਹ ਤਾਂ ਟੀਸੀ ਦਾ ਬੇਰ ਤੋੜਨ ਤੱਕ ਜਾਂਦੈ...ਕੰਮ ਪੁੱਠੇ ਕਰਦੈ ਤੇ ਲੱਭਣੇ ਸੁਖ...ਇਹੋ ਹੀ ਤਾਂ ਬੀਮਾਰੀਆਂ ਦੀ ਜੜ੍ਹ ਏ...ਮਹਾਂਪੁਰਸ਼ ਤਾਂ ਸਦੀਆਂ ਤੋਂ ਕਹਿੰਦੇ ਆ ਰਹੇ...ਪਰ ਕੌਣ ਮੰਨਦੈ...।"

ਡਾ. ਇਕਬਾਲ ਨੂੰ ਆਪਣੇ-ਆਪ 'ਤੇ ਹਾਸਾ ਵੀ ਆਉਂਦਾ। ਕਿਵੇਂ ਉਸ ਸਾਹਮਣੇ ਫਿਲਾਸਫ਼ੀ ਜਿਹੀ ਘੋਟ ਰਿਹਾ। ਆਪ ਤਾਂ ਬੈਠੀ ਨੂੰ ਪਾਉਣ ਲਈ ਤਰਲੋ-ਮੱਛੀ ਹੋ ਰਿਹਾ। ਮਨ ਅੰਦਰ ਲੂਹਰੀਆਂ ਉੱਠ ਰਹੀਆਂ।

ਮਰੀਜ਼ ਸਾਰੇ ਭੁਗਤ ਗਏ ਸਨ।

ਏਨੇ 'ਚ ਕੌਫ਼ੀ ਵੀ ਆ ਗਈ।

"ਲੈ ਬਈ ਮਨਦੀਪ...ਪਹਿਲਾਂ ਕੌਫ਼ੀ ਪੀਏ...ਅੱਜ ਤੇਰੇ ਨਾਲ ਪੀ ਕੇ ਅਨੰਦ ਆ ਜੂ...।" ਉਸ ਨੇ ਬਿਸਕੁਟਾਂ ਵਾਲੀ ਪਲੇਟ ਉਸ ਵੱਲ ਕੀਤੀ।

ਉਸ ਗਹਿਰ ਗੰਭੀਰ ਹੋਈ ਨੇ ਇੱਕ ਚੁੱਕ ਲਿਆ। ਉਸ ਦੇ ਫਾੜੀਆਂ ਵਰਗੇ ਬੁੱਲ ਖੁੱਲਦਿਆਂ ਹੀ ਚਿੱਟੇ ਦੰਦ ਲਿਸ਼ਕੇ। ਬਿਸਕੁਟ ਦੰਦਾਂ ਹੇਠ ਟੁੱਕਿਆ ਬੁੱਲ ਦੁਬਾਰਾ ਮੀਟਦਿਆਂ ਅੰਦਰ ਕਰਚ-ਕਰਚ ਦੀ ਆਵਾਜ਼ ਇਕਬਾਲ ਦੇ ਕੰਨਾਂ ਨੂੰ ਸੁਣਾਈ ਦਿੱਤੀ। ਉਹ ਉਸ ਵੱਲ ਦੇਖ ਹਲਕਾ ਜਿਹਾ ਮੁਸਕਾਈ ਤੇ ਕੌਫ਼ੀ ਦੇ ਘੁੱਟ ਭਰਨ ਲੱਗ ਪਈ।

ਭਾਵੇਂ ਉਹ ਦੁੱਖਾਂ ਨਾਲ ਵਹਿ ਰਹੀ ਸੀ। ਪਰ ਉਹਦੀ ਹੋਂਦ 'ਚ ਡਾ. ਇਕਬਾਲ ਨੂੰ ਸਾਰਾ ਕਮਰਾ ਹੀ ਮਹਿਕਾਂ ਭਰਿਆ ਜਾਪ ਰਿਹਾ। ਉਹ ਉਹਨੂੰ ਦੇਖ-ਦੇਖ ਦਿਲ੍ਹੀ ਤੇ ਰੂਹਾਨੀ ਚਾਹਤ ਦੀ ਚਾਸ਼ਨੀ 'ਚ ਡੁੱਬ ਰਿਹਾ ਸੀ।

"ਕੀ ਦੇਖੀ ਜਾਂਦੇ ਹੋ...ਤੁਸੀਂ ਵੀ ਪੀਓ...।"

"ਮਨਦੀਪ ਤੈਨੂੰ ਪੀਂਦੀ ਦੇਖਦਿਆਂ ਸਰੂਰ ਲੈ ਰਿਹਾਂ..."

"ਓਹੋ...ਇਕਬਾਲ ਤੁਸੀਂ ਵੀ ਨਾ...ਬੜੇ ਖਰਾਬ ਹੋ...।"

"ਮਨਦੀਪ, ਤੂੰ ਘਰਵਾਲੇ ਨੂੰ ਫਿਰ ਸਮਝਾਇਆ ਨਹੀਂ ਇਵੇਂ ਨਾ ਕਰ...।"

"ਇਕਬਾਲ ਤੂੰ ਭੋਲੀਆਂ ਗੱਲਾਂ ਕਰਦੈਂ...ਦੱਸ ਮੈਂ ਇਵੇਂ ਨਾ ਕੀਤਾ ਹੋਊ...ਕਿੰਨਾ ਕਲਪੀ...ਤੂੰ ਅੰਦਾਜ਼ਾ ਨਹੀਂ ਲਾ ਸਕਦਾ...ਕਿਹੜੀ ਔਰਤ ਏ ਜਿਹੜੀ ਆਪਣੇ ਪਤੀ ਨੂੰ ਦੂਸਰੀ ਔਰਤ ਦੀ ਬੁੱਕਲ 'ਚ ਪਿਆ ਦੇਖੇ ਤੇ ਸਬਰ ਵੀ ਕਰ ਲਵੇ...ਮੇਰੀ ਤਾਂ ਉਸ ਨੇ ਹਾਲਤ ਹੀ ਛੱਪੜ 'ਚ ਖੜ੍ਹੇ ਪਾਣੀ ਵਰਗੀ ਕਰ 'ਤੀ ਸੀ...ਮੈਂ ਬਥੇਰਾ ਚੀਕਦੀ...ਦੋਹਾਂ ਨਾਲ

ਲੜਦੀ...ਕੰਧਾਂ ਨਾਲ ਸਿਰ ਮਾਰਦੀ...ਹੱਥੋ-ਪਾਈ ਹੁੰਦੀ...ਅੱਧੀ-ਅੱਧੀ ਰਾਤ ਤੱਕ ਹਨੇਰੇ ਕਮਰੇ ਦੀਆਂ ਕੰਧਾਂ ਟਟੋਲਦੀ...ਕੰਧਾਂ ਨਾਲ ਕੰਨ ਲਾ-ਲਾ ਸੁਣਦੀ...ਮੈਨੂੰ ਉਹਨਾਂ ਦੇ ਹਾਸੇ ਮਿੱਟੀ ਕਰ ਸੁੱਟਦੇ...।"

"ਕਿਵੇਂ ਸਹਿ ਗਈ ਤੂੰ...ਪਰ ਮੈਂ ਹੈਰਾਨ ਆਂ...ਬੰਦਾ ਤਾਂ ਗੰਦਾ ਨਿਕਲਿਆ...ਪਰ ਉਹ ਔਰਤ ਕਿਹੋ ਜਿਹੀ ਹੋਵੇਗੀ, ਜਿਸ ਨੂੰ ਸ਼ਰਮ ਨਾ ਆਈ...ਇੱਕ ਵਿਆਹੇ-ਵਰੇ ਬੰਦੇ ਨਾਲ ਤੁਰ ਪਈ...।"

"ਇਕਬਾਲ...ਉਹ ਜਿਸ ਨੂੰ ਭਜਾ ਕੇ ਲੈ ਆਇਆ...ਮੇਰਾ ਘਰ ਪੁੱਟ ਸੁੱਟਿਆ...ਜਿਸ ਨੂੰ ਰੋਜ਼ ਰਾਤ ਅੰਦਰ ਵਾੜ ਕੁੰਡੀ ਲਾ ਲੈਂਦਾ...ਉਹ ਬੇਸ਼ਰਮ ਤੇ ਕਮੀਨੀ ਔਰਤ ਪਤਾ ਕੌਣ ਸੀ...ਸੁਣ ਸਕੇਂਗਾ...ਮੇਰਾ ਤਾਂ ਕਾਲਜਾ ਵੀ ਫਟਦੈ ਦੱਸਣ ਨੂੰ...ਤੂੰ ਹੈਰਾਨ ਹੋ ਜਾਵੇਗਾ...ਉਹ ਮੇਰੀ ਛੋਟੀ ਭੈਣ ਸੀ...।"

"ਹੈਂ!!...ਤੇਰੀ ਭੈਣ ਸੀ ਉਹ...।" ਇਕਬਾਲ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਹੀ ਰਹਿ ਗਿਆ।

ਮਨਦੀਪ ਨੇ ਦੋਹਾਂ ਹੱਥਾਂ ਨਾਲ ਆਪਣਾ ਮੂੰਹ ਢੱਕ ਲਿਆ। ਉਹਦੇ ਸਾਹ ਤੇਜ-ਤੇਜ ਚੱਲਣ ਲੱਗੇ। ਉੱਭਰੀ ਭਾਰੀ ਹਿੱਕ ਉੱਪਰ-ਹੇਠਾਂ ਹੋਣ ਲੱਗ ਪਈ।

"ਕਮਾਲ ਹੋ ਗਈ ਮਨਦੀਪ...ਕਈ ਵਾਰ ਬੰਦਾ ਸਮਝਦੈ ਮੈਂ ਤਾਂ ਬੜਾ ਪਾਰਖੂ ਆਂ...ਕਿਸੇ ਦੀ ਸ਼ਕਲ ਤੇ ਤੋਰ ਦੇਖਕੇ ਦੱਸ ਸਕਦਾ, ਉਹਦੇ ਕੀ ਲੱਛਣ ਨੇ...ਪਰ ਨਹੀਂ...ਬੰਦਾ ਜਿੰਨਾ ਮਰਜ਼ੀ ਸਿਆਣਾ ਹੋਵੇ...ਗਲਤੀ ਖਾ ਹੀ ਜਾਂਦਾ...ਸੱਚੀ ਬੰਦਾ ਤਾਂ ਆਪਣੇ ਨਾਲਦਿਆਂ ਨੂੰ ਵੀ ਨਹੀਂ, ਸਾਰੀ ਉਮਰ ਸਮਝ ਸਕਦਾ...ਤੌਬਾ-ਤੌਬਾ...।"

"ਡਾਕਟਰ ਸਾਹਬ ਇਹ ਸਭ ਕਰਮਾਂ ਦੇ ਭੋਗ ਨੇ...ਇਹੋ ਜਿਹੇ ਸੰਜੋਗ ਖੌਰੇ ਸਾਡੇ ਕਰਮਾਂ 'ਚ ਲਿਖੇ ਹੋਏ ਸੀ...ਨਹੀਂ ਤਾਂ ਕੋਈ ਇਹੋ ਜਿਹੀ ਹਰਕਤ ਕਰੇ ਹੀ ਕਿਉਂ...ਨਮੋਸ਼ੀ ਨਾਲ ਮਰ ਨਾ ਜਾਵੇ...ਪਰ ਜਿਵੇਂ ਕਹਿੰਦੇ ਨੇ ਬੇਸ਼ਰਮ ਬੰਦੇ ਤੇ ਲੁੱਚੀ ਤੀਵੀਂ ਦੀ ਸਿਹਤ 'ਤੇ ਕੀ ਅਸਰ ਹੁੰਦੈ...ਹੁਣ ਤਾਂ ਮੇਰਾ ਆਪਣਿਆਂ ਤੋਂ ਵਿਸ਼ਵਾਸ ਵੀ ਰੇਤ ਵਾਂਗ ਕਿਰ ਗਿਐ...।"

ਉਹ ਬੋਲਦੀ ਹੋਈ ਆਪਣੀ ਚੁੰਨੀ ਸਵਾਹਰੀ ਕਰਕੇ ਸਿਰ 'ਤੇ ਲੈਣ ਲੱਗ ਪਈ।

ਇਵੇਂ ਉਹ ਹੋਰ ਵੀ ਪਿਆਰੀ ਜਿਹੀ ਜਾਪਣ ਲੱਗ ਪਈ। ਕਿਸੇ ਅਰਬ ਦੇਸ਼ ਦੀ ਹੂਰ ਵਰਗੀ। ਉਸਦਾ ਚਿਹਰਾ-ਮੋਹਰਾ ਵੀ ਕੁਝ ਇਵੇਂ ਦਾ ਸੀ ਜਿਵੇਂ ਅਰਬ ਦੇ ਆਸਮਾਨ ਦੀ ਪਰੀ ਕਿਤੇ ਗਲਤੀ ਨਾਲ ਇੱਥੇ ਉਤਰ ਆਈ ਹੋਵੇ। ਉਹ ਪਹਿਲਾਂ ਵੀ ਜਦੋਂ ਕਦੇ ਇਕਬਾਲ ਕੋਲ ਆਉਂਦੀ ਤਾਂ ਉਹ ਉਹਦੀਆਂ ਮੋਟੀਆਂ ਬਦਾਮੀ ਡੋਰਿਆਂ ਵਾਲੀਆਂ ਅੱਖਾਂ ਤੇ ਨਕਸ਼ਾਂ ਨੂੰ ਨਿਹਾਰਦਾ ਹੀ ਰਹਿੰਦਾ। ਉਦੋਂ ਉਸਨੂੰ ਆਪਣੀ ਕੁਰਸੀ 'ਤੇ ਚੈਨ ਜਿਹੀ ਨਾ ਮਿਲਦੀ। ਉਹਦੀ ਮਸਤਾਨੀ ਤੋਰ, ਸਰੂ ਵਰਗਾ ਕੱਦ ਤੇ ਗਠੀਲੇ ਸਰੀਰ ਦੀ ਤਸਵੀਰ ਉਹਦੀਆਂ ਅੱਖਾਂ 'ਚ ਠਹਿਰ ਜਿਹੀ ਜਾਂਦੀ। ਉਹ ਉਹਨੂੰ ਕੈਮਰਿਆਂ 'ਚੋਂ ਜਾਂਦੀ-ਆਉਂਦੀ ਨੂੰ ਦੂਰ ਤੱਕ ਨਿਹਾਰਦਾ ਰਹਿੰਦਾ। ਉਡੀਕਦਾ ਹੀ ਰਹਿੰਦਾ।

ਅੱਜ ਦਾ ਦਿਨ ਉਸ ਲਈ ਇਤਿਹਾਸਿਕ ਦਿਨ ਬਣ ਰਿਹਾ ਸੀ। ਉਸ ਦਾ ਕੁਦਰਤ 'ਤੇ ਬਲਿਹਾਰ ਜਾਣ ਨੂੰ ਜੀਅ ਕਰਦਾ, ਜਿਸ ਉਸਦੀ ਵਰ੍ਹਿਆਂ ਬਾਅਦ ਸੁਣ ਲਈ ਸੀ। ਅੱਜ ਤਾਂ

ਉਹ ਹੋਈ ਜਾ ਰਿਹਾ ਜਿਸ ਨੂੰ ਉਸ ਨੇ ਕਦੇ ਕਿਆਸਿਆ ਵੀ ਨਹੀਂ ਸੀ।

"ਮਨਦੀਪ...ਮੈਂ ਸੋਚ ਰਿਹਾ...ਉਹ ਤਾਂ ਤੇਰੀ ਸਕੀ ਭੈਣ ਸੀ...ਜੇ ਬੇਗਾਨੀ ਹੁੰਦੀ ਤਾਂ ਬੰਦਾ ਗੁੱਤੋਂ ਫੜਕੇ ਧਰੂ ਦੇਵੇ...ਪਾਸੇ ਭੰਨ ਸੁੱਟੇ...ਕੁੱਤਿਆ ਕੰਜਰਾ ਕਰ ਲਵੇ...ਆਪਣੀ ਮਾਂ ਜਾਈ ਨੂੰ ਕਿੰਨਾ ਕੁ ਕਹੇ...ਇਹ ਤਾਂ ਹੱਦੋਂ ਵੱਧ ਹੋ ਗਈ...ਉਹ ਵਿਆਹੀ ਨਹੀਂ ਸੀ ਅਜੇ...।"

"ਕੀ ਦੱਸਾਂ ਇਕਬਾਲ...ਉਹ ਦੋ ਸਾਲ ਪਹਿਲਾਂ ਵਿਆਹੀ ਸੀ...ਘਰਵਾਲਾ ਵਿਆਹੋਂ ਬਾਅਦ ਛੇਤੀ ਵਿਦੇਸ਼ ਚਲਾ ਗਿਆ...ਕਹਿੰਦੀ ਮੇਰਾ ਸਹੁਰੇ ਦਿਲ ਨਹੀਂ ਲੱਗਦਾ...ਸੋਹਣੀ ਬਥੇਰੀ ਸੀ...ਨਿਆਣਾ ਅਜੇ ਕੋਈ ਨਹੀਂ ਸੀ...ਅਸਲ 'ਚ ਇਹ ਇਧਰ-ਉਧਰ ਝਾਤੀਆਂ ਮਾਰਦੀ...ਇਹਦੇ ਲੱਛਣ ਮਾੜੇ ਹੋਣ ਕਰਕੇ ਸੱਸ-ਸਹੁਰੇ ਨੇ ਪੇਕੇ ਭੇਜਤਾ...ਮੇਰੇ ਕੋਲ ਵੀ ਕਦੇ ਰਹਿ ਜਾਂਦੀ...ਮਾਂ ਮੇਰੀ ਢਿੱਲੀ-ਮੱਠੀ ਰਹਿੰਦੀ ਤੇ ਪਿਓ ਮੇਰਾ ਹੈ ਨਹੀਂ...ਨਾ ਸਾਡਾ ਕੋਈ ਭਰਾ...ਪਰ ਮੈਨੂੰ ਕੀ ਪਤਾ ਜੀਜਾ-ਸਾਲੀ ਦੀ ਕੀ ਖਿਚੜੀ ਪੱਕ ਰਹੀ...ਉੱਤੋਂ ਉਹਦੀ ਹਿੰਮਤ ਦੇਖੋ ਮੇਰੇ ਘਰ ਦੀ ਚੋਰ...ਮੈਨੂੰ ਕਹਿੰਦੀ ਚਲ ਹੁਣ ਏਥੋਂ ਸਾਰੇ ਬੁੱਲੇ ਤੂੰ ਹੀ ਲੁੱਟ ਲੈਣੇ ਨੇ...ਮਾਂ ਨੂੰ ਜਾ ਕੇ ਸੰਭਾਲ...ਮੈਂ ਤਾਂ ਰਹੂੰ ਹੁਣ ਆਪਣੇ ਨਵੇਂ ਘਰਵਾਲੇ ਨਾਲ...।"

"ਬੜੀ ਬੇਸ਼ਰਮ ਸੀ...ਤੂੰ ਤਾਂ ਬੜੀ ਭੋਲੀ ਨਿਕਲੀ...।"

"ਇਕਬਾਲ ਜਦੋਂ ਆਪਣੇ ਖ਼ੂਨ ਦੇ ਰਿਸ਼ਤੇ ਹੀ ਛਲ-ਕਪਟ 'ਤੇ ਉਤਰ ਆਉਣ ਤਾਂ ਫਿਰ ਚਾਰਾ ਹੀ ਕੀ ਕਹਿ ਜਾਂਦਾ...ਅੱਗੇ ਸੁਣ...ਜਿਸ ਦਿਨ ਆਪੇ ਹੀ ਦੋਵੇ ਕਿਤੋਂ ਫੇਰੇ ਲੈ ਕੇ ਆ ਵੜੇ ਤਾਂ ਘਰਵਾਲਾ ਕਹਿੰਦਾ...ਦੋਵੇਂ ਭੈਣਾਂ ਬਣਕੇ ਹੀ ਰਹੀ ਜਾਵੋ...ਜੇ ਇਹਦੇ ਨਾਲ ਉੱਨੀ-ਇੱਕੀ ਕੀਤੀ ਤਾਂ ਮੇਰੇ ਤੋਂ ਬੁਰਾ ਕੋਈ ਨਹੀਂ...ਸਾਹਬ ਨੇ ਉਂਗਲ ਉੱਪਰ ਕਰਕੇ ਹੁਕਮ ਸੁਣਾ 'ਤਾ...ਮੈਂ ਅੰਦਰ ਵੜਕੇ ਉਹਨਾਂ ਨੂੰ ਬਥੇਰਾ ਰੋਈ-ਪਿੱਟੀ...ਦੱਸ ਇਕਬਾਲ ਹੋਰ ਮੈਂ ਕੀ ਕਰਦੀ...ਨਾ ਵਿਹੜੇ 'ਚ ਖੜੀ ਰੌਲਾ ਪਾਉਣ ਜੋਗੀ...ਨਾ ਕੋਠੇ ਚੜ੍ਹਕੇ ਢੰਡੋਰਾ ਪਿੱਟਣ ਜੋਗੀ...ਬਸ ਦੜ੍ਹ ਵੱਟ ਲਈ...ਝੱਗਾ ਚੁੱਕਿਆਂ ਤਾਂ ਆਪਣਾ ਹੀ ਢਿੱਡ ਨੰਗਾ ਹੋਣਾ ਸੀ...ਨਾਲੇ ਇਵੇਂ ਥੋੜਾ ਉੱਥੇ ਫਿਰ ਰਹਿ ਹੋਣਾ ਸੀ...ਜਿਸ ਔਰਤ ਦਾ ਖਸਮ ਹੀ ਰਿਸ਼ਤਿਆਂ ਨੂੰ ਤਾਰ-ਤਾਰ ਕਰ ਦੇਵੇ...ਮੈਂ ਨਿਆਣੇ ਚੁੱਕੇ ਤੇ ਪੇਕੇ ਘਰਦੀ ਦਹਿਲੀਜ਼ ਲੰਘ ਗਈ...ਹੋਰ ਕੀ ਕਰਦੀ...।"

"ਓ ਹੋ...ਇਹ ਤਾਂ ਤੂੰ ਜੀਂਦੇ-ਜੀਅ ਬਣਵਾਸ ਕੱਟ ਰਹੀ ਏ...।"

"ਇਕਬਾਲ ਮੈਨੂੰ ਉੱਥੇ ਵੀ ਕਿੱਥੇ ਟਿਕਾਅ ਸੀ...ਨਾ ਦਿਨੇ ਚੈਨ ਨਾ ਰਾਤ ਨੂੰ ਨੀਂਦ...ਮੈਨੂੰ ਹਮੇਸ਼ਾ ਹੀ ਤ੍ਰੇੜਾਂ ਵਾਲੇ ਭੈੜੇ ਸੁਪਨੇ ਹੀ ਆਉਂਦੇ ਰਹੇ...ਮੈਂ ਦੇਖਦੀ ਤ੍ਰੇੜਾਂ ਚੌੜੀਆਂ ਹੋਈ ਜਾਂਦੀਆਂ...ਜਿਹਨਾਂ 'ਚ ਮੇਰਾ ਸਭ ਕੁਝ ਗਰਕ ਹੋਈ ਜਾਂਦਾ ਪਿਆ ਦਿਸਦਾ...ਮੈਂ ਹੈਰਾਨ ਹੁੰਦੀ...ਜਿਹੜਾ ਬੰਦਾ ਮੇਰੇ ਬਿਨਾ ਸਾਹ ਨਹੀਂ ਸੀ ਲੈਂਦਾ...ਉਸਨੂੰ ਮੇਰੇ ਤੋਂ ਬਗੈਰ ਮੇਰੀ ਭੈਣ 'ਚੋਂ ਆਪਣਾ ਭਵਿੱਖ ਕਿਉਂ ਦਿਸਣ ਲੱਗਾ ਸੀ...ਇਹਦੇ ਬਾਵਜੂਦ ਮੈਂ ਉਦੋਂ ਉਹਨੂੰ ਕੁਝ ਕਹਿੰਦੀ-ਸਮਝਾਉਂਦੀ ਤਾਂ ਮੇਰੀਆਂ ਬਾਹਵਾਂ ਮਰੋੜ ਸੁੱਟਦਾ ਤੇ ਕੁੱਟ ਵੀ ਕੱਢਦਾ...ਮੇਰੀ ਭੈਣ ਖੜੀ ਮੇਰਾ ਤਮਾਸ਼ਾ ਦੇਖਦੀ...ਮੈਂ ਤਾਂ ਪੇਕੇ ਬੈਠੀ ਨੇ ਸਾਰੀ ਉਮਰ ਲਈ ਉਹਨਾਂ ਵੱਲ ਪਿੱਠ ਕਰ ਲਈ...ਮਰਨ ਜੀਣ ਹੀ ਖਤਮ ਕਰ ਤਾ...।"

"ਏਨੀ ਸਖਤ ਪਬੰਧੀ ਲਾ ਲਈ ਤੂੰ ਆਪਣੇ ਆਪ 'ਤੇ...ਤੇਰੀ ਅਜੇ ਉਮਰ ਹੀ ਕੀ ਏ...ਏਨਾ ਸਮਾਂ ਕਿਵੇਂ ਕੱਟੇਂਗੀ...ਅਜੇ ਬੜਾ ਸਫ਼ਰ ਪਿਆ ਜ਼ਿੰਦਗੀ ਦਾ...।"

ਉਹਦੇ ਮਨ 'ਤੇ ਪਏ ਬੋਝ ਨੇ ਉਸ ਤੇ ਕੋਈ ਖਲਬਲੀ ਜਿਹੀ ਮਚਾ ਰੱਖੀ ਸੀ। ਇਕਬਾਲ ਉਸਦੀ ਬਣੀ ਇਸ ਗੁੰਝਲਦਾਰ ਮਾਨਸਿਕ ਅਵਸਥਾ ਉੱਤੇ ਆਪਣੇ ਕੋਮਲ ਬੋਲਾਂ ਨਾਲ ਬਰਫ਼ ਦੇ ਫ਼ੰਬੇ ਜਿਹੇ ਲਾਈ ਜਾ ਰਿਹਾ ਸੀ। ਸ਼ਾਇਦ ਉਸ ਅੰਦਰਲੀ ਕੁਝ ਤਪਸ਼ ਘੱਟ ਜਾਵੇ ਤੇ ਕੁਝ ਰਾਹਤ ਮਿਲ ਜਾਵੇ। ਪਰ ਉਹ ਇਹ ਵੀ ਸੋਚਦਾ ਉਹ ਬੋਲੀ ਤਾਂ ਜਾ ਰਹੀ ਸੀ ਪਰ ਉਹਦੇ ਅੰਦਰਲਾ ਖਲਾਅ ਉਸ ਤੋਂ ਭਰਨਾ ਮੁਸ਼ਕਿਲ ਹੋਇਆ ਪਿਆ ਸੀ।

"ਇਕਬਾਲ ਕੀ ਸੋਚ ਰਿਹੈਂ...ਤੈਨੂੰ ਅਜੇ ਵੀ ਮੇਰੀ ਕਹਾਣੀ ਬਾਰੇ ਪੂਰਾ ਸੱਚ ਨਹੀਉਂ ਪਤਾ...ਅਜੇ ਹੋਰ ਸੁਣ...ਮੇਰੇ ਪੇਕੇ ਬੈਠੀ ਦਾ ਅਜੇ ਬਣਵਾਸ ਪੂਰਾ ਵੀ ਨਹੀਂ ਸੀ ਹੋਇਆ...ਮੈਨੂੰ ਪੱਥਰ ਹੋਈ ਨੂੰ ਉਹਨਾਂ ਵੱਲ ਕੀਤੀ ਪਿੱਠ ਸਿੱਧੀ ਕਰਨੀ ਪੈ ਗਈ...ਮੈਂ ਪਿਛਲੇ ਮਹੀਨੇ ਦੀ ਫਿਰ ਸਹੁਰੇ ਪਿੰਡ ਆ ਗਈ ਆਂ...ਉਸ ਦਿਨ ਦੇਖਿਆ, ਇਹ ਮੋਹ ਦੀਆਂ ਤੰਦਾਂ ਨੇ ਇਕਬਾਲ...ਇਹ ਜੀਂਦੇ ਜੀਅ ਕੀਅ...ਇਹ ਤਾਂ ਮਰਿਆਂ ਵੀ ਨਹੀਂ ਟੁੱਟਦੀਆਂ...।"

"ਹੱਛਾ ਆ ਗਈ ਤੂੰ...ਫਿਰ ਕਰ ਲਿਆ ਸਮਝੌਤਾ...ਚਲ ਠੀਕ ਹੀ ਕੀਤਾ...ਆਖਰ ਆਉਣਾ ਹੀ ਸੀ...ਮੋਹ ਭਰੇ ਰਿਸ਼ਤੇ ਕਿੱਥੇ ਜੀਂਦੇ-ਜੀਅ ਟੁੱਟਦੇ ਨੇ...ਨਾਲੇ ਬੇਵੱਸ ਹੋਇਆ ਬੰਦਾ ਕੀ ਕਰੇ...ਭੱਜੀਆਂ ਬਾਹਵਾਂ ਆਖਰ ਗਲ੍ਹ ਨੂੰ ਹੀ ਤਾਂ ਆਉਂਦੀਆਂ...ਕਿੰਨਾ ਕੁ ਚਿਰ ਕੋਈ ਕੱਲਿਆਂ ਕੱਢ ਸਕਦਾ...ਇਵੇਂ ਸੌਖਾ ਵੀ ਨਹੀਂ ਹੁੰਦਾ ਜੀਣਾ...ਰਲ ਮਿਲਕੇ ਬੰਦਾ ਕੱਟ ਹੀ ਲੈਂਦਾ...

"ਨਹੀਂ ਇਕਬਾਲ ਇਵੇਂ ਨਹੀਂ...ਮੈਂ ਤਾਂ ਪਿੱਠ ਕਰਕੇ ਵਿਦਰੋਹ ਦੀ ਭਰੀ ਸਾਲ ਭਰ ਪੇਕੇ ਬੈਠੀ ਰਹੀ ਸਾਂ...ਮੈਨੂੰ ਤਾਂ ਜਿਵੇਂ ਅਹੱਲਿਆ ਵਰਗਾ ਸਰਾਪ ਲੱਗਾ ਹੋਇਆ ਸੀ...ਮੇਰੇ ਅੰਦਰ ਘਰਵਾਲੇ ਤੇ ਭੈਣ ਲਈ ਖੌਰੇ ਕਿੰਨਾ ਕੁ ਲਾਵਾ ਭਰ ਗਿਆ ਸੀ...ਮੈਂ ਪਾਟਣ ਨੂੰ ਫਿਰਦੀ ਸਾਂ...ਤੈਨੂੰ ਕੀ ਦੱਸਾਂ...ਮੈਂ ਰੱਬ ਨਾਲ ਮੱਥਾ ਲਾ ਲਿਆ...ਰੱਬ ਨੂੰ ਦਿਨ-ਰਾਤ ਰੋਹ ਭਰੀਆਂ ਅੱਖਾਂ ਕੱਢਕੇ ਪੁੱਛਦੀ...ਦੱਸ ਮੈਨੂੰ ਜੁਆਬ ਦੇ ਰੱਬਾ...ਮੇਰਾ ਇਹਦੇ 'ਚ ਕੀ ਕਸੂਰ ਈ...ਮੈਂ ਤੈਨੂੰ ਹਾਜ਼ਰ-ਨਾਜ਼ਰ ਸਮਝਕੇ ਫੇਰੇ ਲਏ ਸੀ...ਮੇਰਾ ਸਤੀ-ਸਵਿੱਤਰੀ ਹੋਣ ਦਾ ਤੂੰ ਇਹ ਫਲ ਦਿੱਤਾ...ਤੇਰੇ ਚੌਂਹ ਫੇਰਿਆਂ ਦੇ ਸ਼ਬਦਾਂ 'ਚ ਤਾਕਤ ਘੱਟ ਸੀ ਕਿ ਮੇਰਾ ਵਿਸ਼ਵਾਸ ਕੰਮਜ਼ੋਰ ਸੀ...ਕਿ ਤੇਰਾ ਮੇਰੇ ਤੋਂ ਵਿਸ਼ਵਾਸ ਡੋਲ ਗਿਆ...ਜੋ ਮੇਰੇ ਨਾਲ ਇਹ ਕੁਝ ਵਾਪਰਿਆ...ਜਿਸਦਾ ਸਿਲ੍ਹਾ, ਮੈਂ ਅੱਜ ਜਵਾਨੀ 'ਚ ਪੇਕੇ ਬੈਠੀ ਰੰਡੇਪਾ ਕੱਟ ਰਹੀ ਆਂ...ਮੈਂ ਤਾਂ ਕਦੇ ਪਤੀ ਦੀ ਲਛਮਣ ਰੇਖਾ ਵੀ ਨਹੀਂ ਟੱਪੀ...ਦੱਸ ਮੈਂ ਹੁਣ ਕਿੱਧਰ ਜਾਵਾਂ...ਕਿਹੜੇ ਖੂਹ 'ਚ ਪਵਾਂ...ਜੇ ਤੂੰ ਰੱਬਾ ਮੈਨੂੰ ਇਨਸਾਫ਼ ਨਹੀਂ ਦੇ ਸਕਦਾ ਤਾਂ ਜਾਅ ਤੂੰ ਫਿਰ ਮੇਰਾ ਰੱਬ ਨਹੀਂ...ਮੈਂ ਤੈਨੂੰ ਭਗਵਾਨ ਨਹੀਂ ਮੰਨਦੀ...ਜੇ ਉਹਨਾਂ ਪਾਪੀਆਂ ਨੂੰ ਸਜ਼ਾ ਨਾ ਦੇਵੇ...ਨਹੀਂ ਤਾਂ ਮੇਰੀ ਜਵਾਲਾ 'ਚ ਤੂੰ ਵੀ ਰੱਬਾ ਮੇਰੇ ਵਾਂਗੂੰ ਸੜੇਂਗਾ...।"

ਇਵੇਂ ਬੋਲਦੀ ਮਨਦੀਪ ਲੋਹੀ-ਲਾਖੀ ਜਿਹੀ ਹੁੰਦੀ ਜਾ ਰਹੀ ਸੀ ਜਿਵੇਂ ਉਸ 'ਚੋਂ ਅਸਮਾਨੀ ਬਿਜਲੀ ਨਿਕਲੇਗੀ ਤੇ ਸਭ ਕੁਝ ਭਸਮ ਕਰ ਦੇਵੇਗੀ।

"ਕਿਉਂ ਕਲਪਦੀ ਏ...ਮਨਦੀਪ...ਇਵੇਂ ਬੰਦੇ ਦੇ ਕਿਹਾਂ ਕੁਝ ਹੁੰਦਾ...ਰੱਬ ਨਾਲ ਬੰਦੇ ਦਾ ਕਾਹਦਾ ਜ਼ੋਰ...ਮੈਨੂੰ ਤੇਰੇ ਨਾਲ ਹਮਦਰਦੀ ਏ...ਤੂੰ ਇਵੇਂ ਦਿਨ-ਰਾਤ ਹੌਕਿਆਂ ਦੀ ਚੱਕੀ 'ਚ ਪਿਸਦੀ ਰਹੇ ਤੇ ਉਹ ਦੋਵੇਂ ਪਾਪੀ ਐਸ਼ ਕਰਦੇ ਰਹਿਣ...ਨਾ ਬਹੁਤਾ ਕਲਪ...।"

ਪਰ ਉਹ ਫਟੇ ਜਵਾਲਾਮੁਖੀ ਵਾਂਗੂੰ ਫਿਰ ਵਹਿ ਤੁਰੀ।

"ਇਕਬਾਲ...ਮੈਂ ਜਿਹੜੀ ਧੁਰ ਦਰਗਾਹ...ਰੱਬ ਦੇ ਘਰ ਜਾ ਕੇ ਵੈਣ ਪਾਉਂਦੀ ਰਹੀ ਸਾਂ...ਫਿਰ ਰੱਬ ਦੀਆਂ ਵੀ ਅੱਖਾਂ ਖੁੱਲ੍ਹ ਗਈਆਂ...ਖੌਰੇ ਇਹ ਮੇਰੀ ਤਪੱਸਿਆ ਦਾ ਫਲ ਸੀ ਕਿ ਮੇਰੀ ਤਪੱਸਿਆ ਦਾ ਕੋਈ ਵਿਕਰਾਲ ਰੂਪ...ਕਿ ਮੇਰਾ ਸਰਾਪ ਸੀ...ਜੋ ਰੱਬ ਨੇ ਮੇਰੀ ਲਾਗੇ ਹੋ ਕੇ ਸੁਣ ਹੀ ਲਈ...।"

ਇਹ ਕੀ ਬੋਲੀ ਜਾ ਰਹੀ ਸੀ। ਡਾ. ਇਕਬਾਲ ਨੂੰ ਉਸ ਵਲ ਦੇਖ-ਦੇਖ ਹੈਰਾਨੀ ਜਿਹੀ ਹੋਣ ਲੱਗ ਪਈ। ਉਹਦੇ ਚਿਹਰੇ ਦੇ ਅਜੀਬ ਜਿਹੇ ਹਾਵ-ਭਾਵ ਤੇ ਉਸਦਾ ਦੈਵੀ ਰੂਪ ਦੇਖਕੇ ਉਹ ਸੁੰਨ ਜਿਹਾ ਹੋ ਗਿਆ। ਡਰ ਜਿਹਾ ਵੀ ਗਿਆ। ਕਿਤੇ ਇਸ ਨੂੰ ਕੁਝ ਹੋ ਹੀ ਨਾ ਜਾਵੇ।

"ਮਨਦੀਪ...ਤੂੰ ਕੀ ਅਨਾਪ-ਸ਼ਨਾਪ ਬੋਲੀ ਜਾ ਰਹੀ ਏਂ...ਏਨਾਂ ਦਿਮਾਗ਼ 'ਤੇ ਬੋਝ ਨਾ ਪਾ...ਤੇਰੇ 'ਤੇ ਕੋਈ ਮਾੜਾ ਅਸਰ ਹੋ ਜਾਵੇ...।"

"ਇਕਬਾਲ...ਮੈਂ ਪਤਾ ਕਿਉਂ ਪੇਕਿਉਂ ਪਿਛਲੇ ਮਹੀਨੇ ਸਹੁਰੇ ਘਰ ਆ ਗਈ...ਨਹੀਂ ਸੌਂਕਣ ਦੇ ਘਰ ਆਗੀ ਸਾਂ...ਸੁਣ ਸਕੇਂਗਾ...ਤੈਨੂੰ ਨਹੀਂ ਪਤਾ ਇਸ ਗੱਲ ਦਾ...ਜੇ ਪਤਾ ਹੁੰਦਾ...ਤੂੰ ਮੈਨੂੰ ਨਾ ਪੁੱਛਦਾ...ਤੈਨੂੰ ਕੁਝ ਵੀ ਨਹੀਂ ਪਤਾ...ਤੂੰ ਤਾਂ ਇੱਥੇ ਅੰਦਰ ਬੈਠਾ ਡਾਕਟਰੀ ਕਰਦਾ ਰਹਿੰਦੈ...ਪਰ ਮੇਰੇ ਲਈ ਤਾਂ ਸਾਰੇ ਰਿਸ਼ਤੇ ਧੁਆਂਖੇ ਗਏ ਸਨ...ਪਰ ਮੇਰੇ ਅੰਦਰਲੇ ਮੋਹ ਦੀਆਂ ਤੰਦਾਂ ਖੌਰੇ ਪੂਰੀਆਂ ਟੁੱਟੀਆਂ ਨਹੀਂ ਸੀ...ਇਸ ਦੁਸ਼ਮਨ ਨੇ ਮੈਨੂੰ ਜ਼ਰੂਰ ਹਰਾ ਦਿੱਤਾ...ਮੈਂ ਉਸਦੀ ਮੌਤ ਦਾ ਸੁਨੇਹਾ ਮਿਲਦਿਆਂ ਹੀ ਦੌੜ ਆਈ ਸਾਂ...ਪਤਾ ਨਹੀਂ ਇਹ ਕੇਹਾ ਮੋਹ ਸੀ...ਉਸ ਮਰੇ ਦੀ ਲਾਸ਼ ਕੋਲ ਜਾ ਕੇ ਮੈਨੂੰ ਹੁਣ ਕੀ ਮਿਲਣਾ ਸੀ... ਖੌਰੇ ਇਹਦਾ ਢਿੱਡ ਤੇ ਅੰਤਰ ਆਤਮਾਂ ਨਾਲ ਕੋਈ ਗਹਿਰਾ ਸਬੰਧ ਹੁੰਦਾ...ਮੈਨੂੰ ਪੇਕੇ ਬੈਠੀ ਨੂੰ ਸੁਨੇਹੇ ਲੋਕਾਂ ਤੋਂ ਮਿਲਦੇ ਹੀ ਰਹਿੰਦੇ...ਤੇਰੇ ਘਰਵਾਲੇ ਨੇ ਤਾਂ ਅੱਤ ਚੁੱਕੀ ਹੋਈ...ਜਦੋਂ ਦੀ ਨਵੀਂ ਰੰਨ ਲਿਆਇਆ...ਖੌਰੇ ਉਹਦੇ ਪੈਰਾਂ 'ਚ ਕਿਹੜੀ ਪੈੜ-ਚਾਲ ਸੀ...ਜੋ ਉਹਨੂੰ ਟਿਕਣ ਹੀ ਨਾ ਦੇਂਦੀ...ਲੋਕ ਦੱਸਦੇ ਉਹ ਉੱਡਿਆ ਹੀ ਫਿਰਦਾ ਰਹਿੰਦਾ...ਪਰ ਉਹਦੇ ਕੰਮ ਤੇ ਕਾਰੋਬਾਰ 'ਚ ਬੁਰੀ ਤਰ੍ਹਾਂ ਮੰਦਾ ਲੱਗ ਗਿਆ ਸੀ...ਖੌਰੇ ਉਹਦੇ ਅੰਦਰ ਕੋਈ ਕਸ਼ਮਕਸ਼ ਚੱਲ ਰਹੀ ਸੀ...ਜਿਸ ਦਿਨ ਮੈਂ ਪੇਕਿਆਂ ਤੋਂ ਤੁਰੀ ਉਸ ਦਿਨ ਸਵੇਰੇ ਹੀ ਦੱਸਦੇ ਉਹ 'ਕੱਲਾ ਸੀ। ਉਸ ਨੂੰ ਮਰਨ ਮਿੱਟੀ ਚੜੀ ਹੋਈ...ਪਿੰਡੋਂ ਮੋਟਰਸਾਈਕਲ 'ਤੇ ਏਨੀ ਤੇਜੀ ਨਾਲ ਨਿਕਲਿਆ...ਖੌਰੇ ਅੰਨਾ ਹੋ ਗਿਆ ਸੀ...ਸਿੱਧਾ ਰੁੱਖ 'ਚ ਜਾ ਵੱਜਾ...ਉਹ ਤੇ ਉਹਦਾ ਮੋਟਰਸਾਈਕਲ ਚੀਥੜੇ-ਚੀਥੜੇ ਹੋ ਗਿਆ...ਪਤਾ ਉਹ ਕਿਹੜਾ ਰੁੱਖ ਸੀ...ਜਿੱਥੇ ਕਦੇ ਨਵੇਂ ਵਿਆਹਿਆਂ ਅਸੀਂ ਉਸ ਸਫੈਦੇ ਦੇ ਰੁੱਖ ਕੋਲ ਰੁਕੇ ਸਾਂ ਤੇ ਉਸਨੇ ਮੋਟਰਸਾਈਕਲ ਖਲਾਰ ਕੇ ਸਰੂਰ 'ਚ ਆਏ ਨੇ ਚਾਬੀ ਨਾਲ ਹੀ ਮੇਰਾ ਤੇ ਆਪਣਾ ਨਾਂ ਡੂੰਘਾ ਖੁਣ ਦਿੱਤਾ ਸੀ...ਉਸ ਲਾਗੇ ਹੀ ਉਸ ਦਾ ਟੁੱਟਾ ਮੋਟਰਸਾਈਕਲ ਤੇ ਉਹਦੀ ਲਹੂ ਲਿਬੜੀ ਲਾਸ਼ ਖਿਲਰੀ ਪਈ ਸੀ...।"

ਫਿਰ ਉਹ ਚੁੱਪ ਹੋ ਗਈ ਤੇ ਉੱਚੀ-ਉੱਚੀ ਰੋਣ ਲੱਗ ਪਈ।

ਡਾ. ਇਕਬਾਲ ਆਪਣੀ ਕੁਰਸੀ ਤੋਂ ਉੱਠਿਆ। ਉਸ ਲਾਗੇ ਪਈ ਖਾਲੀ ਕੁਰਸੀ 'ਤੇ ਬੈਠ ਕੇ, ਉਸ ਨੂੰ ਜੱਫ਼ੀ 'ਚ ਲੈ ਲਿਆ। ਉਹ ਵੀ ਇਕਬਾਲ ਦੇ ਮੋਢੇ 'ਤੇ ਸਿਰ ਰੱਖ ਕੇ, ਕਿੰਨਾ ਚਿਰ ਉਹਨੂੰ ਭਿਉਂਦੀ ਰਹੀ। ਉਹਦੇ ਹੰਝੂਆਂ ਨੇ ਤਾਂ ਹਨੇਰ ਚੁੱਕਿਆ ਹੋਇਆ ਸੀ। ਇਕਬਾਲ

ਤੋਂ ਵੀ ਉਸ ਨੂੰ ਪਲੋਸਣ ਤੋਂ ਬਗੈਰ ਕੁਝ ਬੋਲ ਨਹੀਂ ਸੀ ਹੋ ਰਿਹਾ।

ਹੁਣ ਬੋਲਣ ਨੂੰ ਰਹਿ ਵੀ ਕੀ ਗਿਆ ਸੀ।

"ਇਕਬਾਲ ਮੈਨੂੰ ਦੱਸ ਇਹ ਕਿਹੋ ਜਿਹਾ ਮੋਹ ਭਰਿਆ ਬੰਧਨ ਏ...ਮੈਂ ਤੇਰੇ ਤੋਂ ਜੁਆਬ ਜਾਨਣ ਆਈ ਆਂ...ਉਹ ਤਾਂ ਮਰ ਗਿਆ...ਮੈਨੂੰ ਰੰਡੀ ਕਰਕੇ ਸੁੱਟ ਗਿਆ...ਮੇਰੀ ਨਿੱਕੀ ਭੈਣ ਵੀ ਹੁਣ ਖਾਲੀ ਹੱਥ ਬੈਠੀ ਕੰਧਾਂ ਨਾਲ ਟੱਕਰਾਂ ਮਾਰਦੀ...ਕਦੇ ਕੰਧਾਂ ਨਾਲ ਲੱਗ-ਲੱਗ ਰੋਂਦੀ ਫਿਰਦੀ ਏ...ਪਰ ਮੈਂ ਹੁਣ ਆਪਣੇ-ਆਪ 'ਤੇ ਹਿਰਖ ਕਰਦੀ ਆਂ...ਮੈਂ ਤਾਂ ਉਜੜੀ ਹੀ ਸਾਂ...ਪਰ ਪਾਸੇ ਤਾਂ ਬੈਠੀ ਸੀ...ਉਹ ਦੋਵੇਂ ਵੱਸ ਰਹੇ ਸਨ...ਹੁਣ ਮੈਂ ਪਾਪਣ ਬਣ ਗਈ ਆਂ...ਮੈਨੂੰ ਆਪਣੇ ਆਪ ਤੋਂ ਘਿਰਨਾ ਜਿਹੀ ਆਉਂਦੀ ਏ...ਆਪਣੀ ਭੈਣ ਦਾ ਘਰ ਉਜਾੜ ਕੇ ਮੈਨੂੰ ਕੀ ਮਿਲਿਆ...ਮੈਂ ਕਿਉਂ ਏਨੀ ਡਾਅਢੀ ਹੋ ਗਈ ਸਾਂ...ਜਿਸ ਰੱਬ ਤੋਂ ਏਨੀ ਸਖ਼ਤ ਸਜ਼ਾ ਆਪਣੀ ਭੈਣ ਲਈ ਮੰਗ ਲਈ...ਕੀ ਮਿਲਿਆ ਉਹਨੂੰ ਵੀ ਜਿਹੜੀ ਹੁਣ ਘਰਵਾਲੇ ਦੇ ਇੱਕ ਬੱਚੇ ਦੀ ਮਾਂ ਵੀ ਬਣਨ ਵਾਲੀ ਏ...।"

"ਹੈਂ!!...ਉਹਦੇ ਬੱਚਾ ਵੀ ਹੋਣ ਵਾਲੈ...??...ਓਹੋ...ਇਹ ਕਿਹੋ ਜਿਹਾ ਬੰਧਨਾਂ ਦਾ ਮੱਕੜ ਜਾਲ ਬਣਿਆ ਪਿਆ...।" ਇਕਬਾਲ ਵੀ ਹੈਰਾਨ-ਪਰੇਸ਼ਾਨ ਜਿਹਾ ਹੋ ਗਿਆ ਸੀ।

"ਇਹੋ ਹੀ ਤਾਂ ਮੈਂ ਕਹਿੰਦੀ ਆਂ...ਮੈਂ ਇਸ 'ਚ ਹਾਰ ਗਈ ਆਂ ਕਿ ਜਿੱਤ ਗਈ ਆਂ...ਦੱਸ ਮੈਂ ਹੁਣ ਠਹਾਕਾ ਮਾਰਕੇ ਹੱਸਾਂ ਕਿ ਰੋਵਾਂ...।"

ਇਕਬਾਲ ਉਸ ਵਲ ਤਰਸ ਭਰੀਆਂ ਅੱਖਾਂ ਨਾਲ ਦੇਖਦਾ ਉਲਝ ਜਿਹਾ ਗਿਆ ਸੀ।

"ਇਕਬਾਲ ਕੀ ਸੋਚਦੈ...ਕੁਝ ਬੋਲ ਵੀ...ਮੈਂ ਏਸ ਲਈ ਤੇਰੇ ਕੋਲ ਆਈ ਆਂ...ਮੇਰੇ ਇਹ ਢਿੱਡੋਂ ਗੱਲ ਨਹੀਂ ਨਿਕਲਦੀ ਪਈ...ਮੈਂ ਤਾਂ ਸੋਚ-ਸੋਚ ਇਵੇਂ ਮਰ ਜਾਵਾਂਗੀ...ਦੱਸ ਮੈਂ ਹੁਣ ਕੀ ਕਰਾਂ...।"

"ਮਨਦੀਪ...ਓ ਪਿਆਰੀ ਮਨਦੀਪ...ਤੂੰ ਮਰਨ ਦੀਆਂ ਗੱਲਾਂ ਕਰਦੀ ਏ...ਤੇਰੇ ਨਾਲ ਲੱਗਿਆਂ ਤਾਂ ਸੋਹਣੀਏ ਰੁਹਾਨੀ ਸਕੂਨ ਮਿਲਦੈ...ਤੇਰੇ ਮਨ-ਮਸਤਕ ਦੀ ਧਰਤੀ ਅੰਦਰ ਚਾਨਣ ਦੇ ਬੀਜ਼ ਦੱਬੇ ਪਏ ਨੇ...ਤੇਰੇ ਕੋਲ ਬੱਚੇ ਨੇ...ਤੂੰ ਕਿਉਂ ਕਲਪਦੀ ਏਂ...ਜੇ ਤੇਰੇ ਵਰਗੀ ਪਵਿੱਤਰ ਰੂਹ ਰੱਬ ਨੂੰ ਹਿਲਾ ਸਕਦੀ...ਤੂੰ ਤਾਂ ਅਜੇ ਵੀ ਬਹੁਤ ਕੁਝ ਕਰ ਸਕਦੀ ਏਂ...ਹੁਣ ਛੱਡ ਪਰ੍ਹਾ...ਕੁਝ ਨਵਾਂ ਸੋਚ...

"ਓਹੋ...ਇਕਬਾਲ...ਔਹ ਦੇਖ ਘੜੀ 'ਤੇ ਕਿੰਨਾ ਮਸਾਂ ਹੋ ਗਿਆ...ਤੂੰ ਬੱਚਿਆਂ ਬਾਰੇ ਚੇਤੇ ਕਰਵਾਅ ਦਿੱਤਾ...ਤੇਰੇ ਕੋਲ ਬੈਠਿਆਂ ਤਾਂ ਪਤਾ ਹੀ ਨਹੀਂ ਚੱਲਿਆ ਸਮੇਂ ਦਾ...।"

ਫਿਰ ਉਹ ਇਕਦਮ ਖੜੀ ਹੋ ਗਈ। ਇਕਬਾਲ ਦਾ ਚਿਹਰਾ ਨਿਹਾਰਦੀ ਮੁਸਕਰਾਅ ਪਈ ਤੇ ਦਰਵਾਜਿਉਂ ਬਾਹਰ ਹੋ ਗਈ।

ਡਾ. ਇਕਬਾਲ ਜਾਂਦੀ ਨੂੰ ਦੇਖ ਰਿਹਾ ਸੀ ਉਹਦੀ ਤੋਰ 'ਚ ਹੁਣ ਬੇਪਰਵਾਹਾਂ ਵਾਲੀ ਤੇਜ਼ੀ ਆ ਗਈ ਸੀ।

•••

ਕਹਾਣੀ

# ਰਿਸ਼ਤਿਆਂ ਦੀ ਮਹਿਕ

**-ਮਹਿੰਦਰਪਾਲ ਸਿੰਘ ਧਾਲੀਵਾਲ**

ਟੈਲੀਫੋਨ ਦੀ ਘੰਟੀ ਵੱਜੀ ਅਤੇ ਮੇਰੀ ਪਤਨੀ ਨਸੀਬ ਨੇ ਜਵਾਬ ਦਿੱਤਾ। ਸੁਣ ਕੇ ਉਹ ਨਿਢਾਲ ਜਿਹੀ ਹੋ ਕੇ ਮੇਰੇ ਕੋਲ ਹੀ ਸੋਫੇ 'ਤੇ ਆ ਬੈਠੀ।

"ਕੀ ਗੱਲ ਐ, ਕੌਣ ਸੀ?" ਮੈਂ ਫਿਕਰਮੰਦੀ ਨਾਲ ਪੁੱਛਿਆ।

"ਕੁੱਕੂ ਦਾ ਫੋਨ ਸੀ। ਥੋੜ੍ਹੇ ਚਿਰ 'ਚ ਆ ਰਿਹਾ।"

ਕੁੱਕੂ ਸਾਡਾ ਬੇਟਾ ਹੈ ਤੇ ਉਸ ਦੇ ਆਉਣ ਦਾ ਕਾਰਨ ਸਾਨੂੰ ਪਤਾ ਸੀ। ਅਸੀਂ ਇਸ ਪਲ ਨੂੰ ਟਾਲਣ ਦਾ ਯਤਨ ਕਰ ਰਹੇ ਸੀ। ਨਹੀਂ ਨਹੀ,ਂ ਅਸਲ ਵਿਚ ਅਸੀਂ ਟਾਲਣ ਦਾ ਯਤਨ ਕਰ ਹੀ ਨਹੀਂ ਸਕਦੇ ਸੀ। ਸਿਰਫ ਟਾਲਣ ਦੀ ਉਮੀਦ ਹੀ ਕਰ ਸਕਦੇ ਸੀ।

ਮੈਂ ਕੁਝ ਦੇਰ ਉਲਝਿਆ ਜਿਹਾ ਬੈਠਾ ਰਹਿੰਦਾ ਹਾਂ। ਫਿਰ ਉਦਾਸ ਬੈਠੀ ਪਤਨੀ ਦਾ ਹੱਥ ਫੜ ਲੈਂਦਾ ਹਾਂ ਤੇ ਉਸ ਨੂੰ ਹੌਸਲਾ ਦੇਣ ਦਾ ਨਿਸਫ਼ਲ ਯਤਨ ਕਰਦਾ ਹਾਂ।

"ਚਾਹ ਬਣਾਵਾਂ ਜਾਂ ਕੁੱਕੂ ਦੇ ਆਏ ਤੋਂ ਪੀਣੀ ਐ?" ਮੈਂ ਉਸ ਦਾ ਤੇ ਆਪਣਾ ਮਨ ਕਿਸੇ ਹੋਰ ਪਾਸੇ ਲਾਉਣ ਲਈ ਬਹਾਨਾ ਲੱਭਣ ਦਾ ਯਤਨ ਕਰਦਾ ਹਾਂ।

"ਕੁੱਕੂ ਕਦੋਂ ਚਾਹ ਪੀਂਦਾ ਐ! ਆਪਾਂ ਈ ਪੀਣੀ ਐ, ਬਣਾ ਲਵੋ।"

ਮੈਂ ਆਪਣੇ ਮਨ ਵਿਚ ਬਹੁਤ ਕੁਝ ਸੋਚਦਾ ਪਤੀਲਾ ਚੁੱਕ ਕੇ ਟੂਟੀ ਕੋਲ ਰੱਖ ਲੈਂਦਾ ਹਾਂ। ਕੱਪ ਨਾਲ ਮਿਣ ਕੇ ਪਾਣੀ ਪਾਉਣ ਲਈ ਕੱਪ ਚੁੱਕਿਆ ਹੀ ਸੀ, ਮੇਰੇ ਫੋਨ ਦੀ ਘੰਟੀ ਵੱਜੀ। ਮੈਂ ਮੁੜ ਪਤਨੀ ਕੋਲ ਬੈਠ ਕੇ ਫੋਨ ਸੁਣਨ ਲੱਗਦਾ ਹਾਂ। ਫੋਨ ਮੇਰੇ ਦੋਸਤ ਪ੍ਰੇਮ ਸਿੰਘ ਦਾ ਸੀ।

"ਹੈਲੋ ਪ੍ਰੇਮ ਜੀ ਕੀ ਹਾਲ ਐ?" ਮੈਂ ਆਪਣੇ ਆਪ ਨੂੰ ਸਾਂਵਾਂ ਕਰਨ ਦੀ ਕੋਸ਼ਿਸ਼ ਕਰਦਾ ਹਾਂ।

"ਯਾਰ ਹੋਰ ਈ ਪੰਗਾ ਪੈ ਗਿਆ। ਮੈਂ ਤਾਂ ਦੁਖੀ ਹੋ ਗਿਆਂ।"

ਪ੍ਰੇਮ ਸਿੰਘ ਦੇ ਦੁਖ ਦਾ ਕੁਝ ਕਾਰਨ ਤਾਂ ਮੈਨੂੰ ਪਹਿਲਾਂ ਹੀ ਪਤਾ ਹੈ। ਪ੍ਰੇਮ ਸਿੰਘ ਦੇ ਤਿੰਨ ਬੱਚੇ ਹਨ। ਵੱਡਾ ਮੁੰਡਾ ਸਿਮਰਜੀਤ ਜਿਸ ਨੂੰ ਸਾਰੇ ਸੈਮ ਕਹਿੰਦੇ ਹਨ, ਯੂਨੀਵਰਸਟੀ ਤੋਂ ਡਿਗਰੀ ਲੈ ਕੇ ਕੰਮ 'ਤੇ ਲੱਗ ਗਿਆ ਤਾਂ ਪ੍ਰੇਮ ਨੇ ਆਪਣੇ ਹੋਰ ਦੋਸਤਾਂ ਦੇ ਨਾਲ ਹੀ ਮੈਨੂੰ ਵੀ ਮੁੰਡੇ ਵਾਸਤੇ ਕੁੜੀ ਲੱਭਣ ਲਈ ਕਿਹਾ।

"ਪ੍ਰੇਮ ਸਿਆਂ ਮੇਰੇ ਖਿਆਲ ਵਿਚ ਜ਼ਮਾਨੇ ਦੇ ਨਾਲ ਹੀ ਬਦਲਣਾ ਚਾਹੀਦਾ ਹੈ ਜਾਂ ਘੱਟੋ ਘੱਟ ਕੋਸ਼ਿਸ਼ ਕਰਨੀ ਚਾਹੀਦੀ ਐ। ਜੇ ਤੁਸੀਂ ਨਾ ਬਦਲੋ ਤਾਂ ਜ਼ਮਾਨੇ ਨੇ ਆਪਣੇ ਆਪ ਦੇਰ ਸਵੇਰ ਤੁਹਾਨੂੰ ਬਦਲ ਲੈਣਾ ਹੁੰਦਾ ਹੈ ਤੇ ਤਕਲੀਫ਼ ਤੁਸੀਂ ਵੱਖਰੀ ਸਹਿਣੀ ਹੁੰਦੀ ਐ——।" ਮੈਂ ਪ੍ਰੇਮ ਨੂੰ ਆਪਣੀ ਰਾਇ ਦਿੱਤੀ।

"ਮੈਂ ਸਮਝਿਆ ਨਹੀਂ ਤੂੰ ਕਹਿਣਾ ਕੀ ਚਾਹੁੰਨਾ?"

"ਪ੍ਰੇਮ ਸਿਆਂ ਅੱਜ ਕੱਲ੍ਹ ਬੱਚੇ ਆਪਣੀ ਮਰਜ਼ੀ ਦਾ ਸਾਥੀ ਲੱਭਦੇ ਐ। ਮੇਰੇ ਖਿਆਲ

ਵਿਚ ਤਾਂ ਉਹਨਾਂ 'ਤੇ ਹੀ ਗੱਲ ਛੱਡ ਦੇਣੀ ਚਾਹੀਦੀ ਐ। ਅੱਜ ਕੱਲ੍ਹ ਵਿਚੋਲਿਆਂ ਵਾਲੀ ਗੱਲ ਤਾਂ ਖਤਮ ਹੋ ਗਈ ਐ। ਵੱਧ ਤੋਂ ਵੱਧ ਤੁਸੀਂ ਬੱਚਿਆਂ ਨੂੰ ਇਕ ਦੂਸਰੇ ਦਾ ਟੈਲੀਫੋਨ ਨੰਬਰ ਦੇ ਸਕਦੇ ਐਂ ਤੇ ਬਾਕੀ ਗੱਲ-ਬਾਤ ਉਹਨਾਂ ਨੇ ਆਪ ਹੀ ਕਰਨੀ ਹੁੰਦੀ ਐ। ਕਦੇ ਤਾਂ ਪਹਿਲੀ ਮੀਟਿੰਗ ਵਿਚ ਹੀ ਨਾਂਹ ਹੋ ਜਾਂਦੀ ਐ ਤੇ ਕਦੇ ਦੋ ਚਾਰ ਬਾਅਦ। ਪਤਾ ਨਹੀਂ ਕਦੋਂ ਤੇ ਕਿਸ ਨਾਲ ਉਹਨਾਂ ਦਾ 'ਕਲਿਕ ਹੋਵੇ ਤੇ ਸ਼ਾਇਦ ਗੱਲ ਬਣ ਜਾਵੇ—।"

ਪ੍ਰੇਮ ਸਿੰਘ ਮੇਰੀ ਗੱਲ ਧਿਆਨ ਨਾਲ ਸੁਣ ਰਿਹਾ ਸੀ। ਬੱਚਿਆਂ ਦੇ ਵਿਆਹ ਦਾ ਚਾਅ ਤਾਂ ਮਾਪਿਆਂ ਨੂੰ ਹੁੰਦਾ ਹੀ ਹੈ। ਪ੍ਰੇਮ ਸਿੰਘ ਨੂੰ ਵੀ ਸੀ। ਮੈਨੂੰ ਲੱਗਾ ਉਸ ਦਾ ਉਤਸ਼ਾਹ ਥੋੜਾ ਢੈਲਾ ਪੈ ਗਿਆ ਸੀ।

"ਇਹ ਤਾਂ ਠੀਕ ਐ ਯਾਰ। ਬੱਚੇ ਆਪਣੀ ਮਨ ਪਸੰਦ ਦਾ ਸਾਥ ਲੱਭ ਲੈਣ। ਪਰਿਵਾਰਾਂ ਦਾ ਵੀ ਤਾਂ ਬਹੁਤ ਵੱਡਾ ਰੋਲ ਹੁੰਦਾ। ਆਖਰ ਰਿਸ਼ਤੇਦਾਰਾਂ ਨਾਲ ਤੁਸੀਂ ਸਾਰੀ ਉਮਰ ਵਰਤਣਾ ਹੁੰਦਾ ਐ। ਚੰਗੇ ਅਤੇ ਆਪਣੇ ਵਰਗੇ ਪਰਿਵਾਰ ਤਾਂ ਬਾਹਾਂ ਬਣ ਜਾਂਦੇ ਐ ਨਹੀਂ ਤਾਂ ਰਿਸ਼ਤੇਦਾਰ ਜਿਹੋ ਜਿਹੇ ਹੋਏ, ਜਿਹੋ ਜਿਹੇ ਨਾ ਹੋਏ।"

"ਗੱਲ ਤੇਰੀ ਠੀਕ ਐ ਪ੍ਰੇਮ ਸਿਆਂ। ਜੇ ਬੱਚਿਆਂ ਨੂੰ ਪੁੱਛੀਏ ਤਾਂ ਉਹ ਕਹਿਣਗੇ ਬਈ ਵਿਆਹ ਅਸੀਂ ਕਰਨਾ, ਮਾਪਿਆਂ ਨੇ ਤਾਂ ਨੀ ਕਰਨਾ। ਜੇ ਸੋਚੀਏ ਤਾਂ ਚੰਗੇ ਰਿਸ਼ਤੇਦਾਰ ਵੀ ਕੀ ਕਰਾਂਗੇ ਜੇ ਬੱਚਿਆਂ ਦੀ ਹੀ ਨਾ ਬਣੇ! ਮੇਰੀ ਮੰਨੇ ਤਾਂ ਸੈਮ ਨਾਲ ਖੁੱਲ੍ਹ ਕੇ ਗੱਲ ਕਰ। ਜੇ ਉਹਦੇ ਕੋਲ ਕੋਈ ਕੁੜੀ ਹੋਈ ਤਾਂ ਇਸ ਸਾਰੀ ਮੁਸੱਤੋਂ ਮੁਕਤੀ ਮਿਲ ਜਾਊ—।"

ਪ੍ਰੇਮ ਸਿੰਘ ਨੇ ਹੋਰ ਵੀ ਦੋਸਤਾਂ ਨਾਲ ਮਨ ਸਾਂਝਾ ਕੀਤਾ ਹੋਵੇਗਾ। ਉਸ ਨੇ ਮੁੰਡੇ ਨਾਲ ਗੱਲ ਕੀਤੀ ਤਾਂ ਮੁੰਡੇ ਨੇ ਵਿਆਹ ਕਰਾਉਣ ਲਈ ਹਾਂ ਕਰ ਦਿੱਤੀ। ਕਾਹਲ ਕਰਨ ਦੀ ਥਾਂ ਕੁੜੀ ਨਾਲ ਮਿਲ-ਵਰਤ ਕੇ ਫੈਸਲਾ ਕਰਨ ਦੀ ਗੱਲ ਵੀ ਕਹਿ ਦਿੱਤੀ। ਪ੍ਰੇਮ ਖੁਸ਼ ਸੀ।

ਕਈ ਕੁੜੀਆਂ ਨਾਲ ਗੱਲ ਚੱਲੀ ਪਰ ਕਿਸੇ ਨਾਲ ਸਿਰੇ ਨਾ ਲੱਗੀ। ਦੋ ਕੁ ਸਾਲ ਬਾਅਦ ਇਕ ਕੁੜੀ ਨਾਲ ਛੇ-ਸੱਤ ਮਹੀਨੇ ਬਾਹਰ-ਅੰਦਰ ਜਾਣ ਬਾਅਦ ਉਸ ਨੇ ਹਾਂ ਕਰ ਦਿੱਤੀ। ਦੋਵੇਂ ਪਰਿਵਾਰ ਵੀ ਮਿਲੇ। ਪਰਮ ਦਾ ਸੁਭਾਅ ਵੀ ਚੰਗਾ ਲਗਦਾ ਸੀ। ਪ੍ਰੇਮ ਸਿੰਘ ਨੇ ਵੀ ਹਾਂ ਕਰ ਦਿੱਤੀ ਤੇ ਵਿਆਹ ਹੋ ਗਿਆ।ਵਿਆਹ ਵਿਚ ਬੱਚਿਆਂ ਨੇ ਦੋਵਾਂ ਪਰਿਵਾਰਾਂ ਦਾ ਲੋੜੋਂ ਵੱਧ ਖਰਚਾ ਵੀ ਕਰਵਾਇਆ ਤੇ ਦੌੜ ਭੱਜ ਵੀ। ਤਿੰਨ ਚੱਕਰ ਤਾਂ ਇੰਡੀਆ ਦੇ ਹੀ ਲੱਗੇ ਸਨ। ਦੋਵੇਂ ਪਰਿਵਾਰ ਖੁਸ਼ ਸਨ। ਬੱਚਿਆਂ ਨੂੰ ਮਰਜ਼ੀ ਦੇ ਜੀਵਨ ਸਾਥੀ ਮਿਲ ਗਏ ਸਨ ਤੇ ਪ੍ਰੇਮ ਨੂੰ ਕੁੜਮ ਵੀ ਪਸੰਦ ਦੇ ਮਿਲ ਗਏ।

ਢਾਈ ਤਿੰਨ ਸਾਲ ਚੰਗੇ ਬੀਤ ਗਏ। ਬੱਚੇ ਖੁਸ਼ ਲਗਦੇ ਸਨ। ਵੀਕ ਐਂਡ 'ਤੇ ਬਾਹਰ ਅੰਦਰ ਵੀ ਜਾਂਦੇ। ਕਦੇ ਉਹਨਾਂ ਵਿਚ ਤਕਰਾਰ ਨਹੀਂ ਸੀ ਸੁਣਿਆ। ਪਰਮ ਦੀ ਸੱਸ ਨਾਲ ਵੀ ਚੰਗੀ ਨਿਭ ਰਹੀ ਸੀ। ਪ੍ਰੇਮ ਹੁਣ ਪੋਤੇ ਪੋਤੀ ਦਾ ਮੂੰਹ ਵੇਖਣ ਨੂੰ ਉਤਾਵਲਾ ਸੀ। ਉਸ ਦੀ ਪਤਨੀ ਨੇ ਪਰਮ ਨਾਲ ਇਸ਼ਾਰਾ ਮਾਤਰ ਗੱਲ ਵੀ ਕੀਤੀ। ਪਰਮ ਨੇ ਹੱਸ ਕੇ ਟਾਲ ਦਿੱਤਾ। ਅੱਜ ਕੱਲ੍ਹ ਬੱਚਿਆਂ ਨੂੰ ਕੁਝ ਕਹਿਣ ਦੀ ਵੀ ਇਕ ਸੀਮਾ ਹੁੰਦੀ ਹੈ। ਪ੍ਰੇਮ ਅਤੇ ਉਸ ਦੀ ਪਤਨੀ ਨੇ ਇਹ ਗੱਲ ਸਮਝ ਲਈ ਸੀ ਤੇ ਉਹ ਸੀਮਾ ਪਾਰ ਨਹੀਂ ਕਰਨਾ ਚਾਹੁੰਦੇ ਸਨ।

ਗਰਮੀਆਂ ਦੇ ਦਿਨ ਸਨ। ਸੂਰਜ ਆਮ ਨਾਲੋਂ ਜ਼ਿਆਦਾ ਰੌਸ਼ਨੀਆਂ ਵੰਡ ਰਿਹਾ ਸੀ। ਇਕ ਦਿਨ ਅਚਾਨਕ ਹੀ ਪਰਮ ਦੇ ਮਾਂ ਪਿਉ ਆ ਗਏ। ਪ੍ਰੇਮ ਸਿੰਘ ਨੇ ਉਹਨਾਂ ਦੀ ਆਉ-

ਭਗਤ ਕੀਤੀ। ਉਹ ਘਰ ਦੇ ਪਿੱਛੇ ਬਗੀਚੇ ਵਿਚ ਬੈਠੇ ਬੀਅਰ ਦੀਆਂ ਚੁਸਕੀਆਂ ਲੈ ਰਹੇ ਸਨ ਤੇ ਜਨਾਨੀਆਂ ਚਾਹ ਪੀ ਰਹੀਆਂ ਸਨ। ਸੈਮ ਤੇ ਪਰਮ ਵੀ ਆ ਗਏ। ਕੁਝ ਦੇਰ ਉਹਨਾਂ ਨਾਲ ਰਸਮੀ ਜਿਹੀਆਂ ਗੱਲਾਂ ਕਰਦੇ ਰਹੇ। ਸੈਮ ਨੇ ਅੰਦਰ ਬੈਠਣ ਦਾ ਸੁਝਾਅ ਦਿੱਤਾ। ਪ੍ਰੇਮ ਸਿੰਘ ਦੇ ਕਹਿਣ 'ਤੇ ਵੀ ਉਸ ਨੇ ਕੋਈ ਜ਼ਰੂਰੀ ਗੱਲ ਕਰਨ ਲਈ ਅੰਦਰ ਆਉਣ ਨੂੰ ਕਿਹਾ।

"ਭਾਗਵਾਨੇ ਲਗਦਾ ਬੱਚਿਆਂ ਨੇ ਕੋਈ ਖੁਸ਼ਖਬਰੀ ਦੇਣੀ ਐ ਤੇ ਆਪਾਂ ਬੱਚਾ ਖਿਡਾਉਣ ਦੀ ਤਿਆਰੀ ਕਰ ਲਈਏ—।" ਪ੍ਰੇਮ ਤੇ ਉਸ ਦੀ ਪਤਨੀ ਮੁਸਕਰਾਉਂਦੇ ਅੰਦਰ ਚਲੇ ਗਏ।

ਪਰਮ ਤੇ ਸੈਮ ਉਹਨਾਂ ਦੇ ਸਾਹਮਣੇ ਨਾਲ ਨਾਲ ਹੀ ਬੈਠੇ ਸਨ। ਉਹਨਾਂ ਦੇ ਚਿਹਰੇ ਖਿੜੇ ਹੋਏ ਸਨ ਤੇ ਪ੍ਰੇਮ ਸਿੰਘ ਖੁਸ਼ਖਬਰੀ ਸੁਣਨ ਦੀ ਕਾਹਲ ਵਿਚ ਵੀ ਚੁੱਪ ਚਾਪ ਬੈਠਾ ਸੀ। ਸੈਮ ਨੇ ਪਰਮ ਵੱਲ ਵੇਖਿਆ ਤੇ ਉਸ ਦੀ ਨਿੱਕੀ ਜਿਹੀ ਮੁਸਕਰਾਹਟ ਦਾ ਮੁਸਕਰਾਹਟ ਨਾਲ ਜਵਾਬ ਵੀ ਦਿੱਤਾ। ਫਿਰ ਉਹ ਬਜ਼ੁਰਗਾਂ ਨੂੰ ਸੰਬੋਧਤ ਹੋਇਆ।

"ਮੰਮ ਡੈਡ ਤੁਸੀਂ ਸਾਡੇ ਲਈ ਬਹੁਤ ਕੁਝ ਕੀਤਾ ਹੈ। ਸਾਡੇ ਵਿਆਹ 'ਤੇ ਤੁਸੀਂ ਬਹੁਤ ਖਰਚ ਵੀ ਕੀਤਾ ਤੇ ਭੱਜ ਨੱਠ ਵੀ।ਅਸੀਂ ਉਸ ਲਈ ਤੁਹਾਡਾ ਇਕ ਵਾਰ ਹੋਰ ਧੰਨਵਾਦ ਕਰਦੇ ਹਾਂ—।"

ਪ੍ਰੇਮ ਸਿੰਘ ਮਨ ਵਿਚ ਸੋਚ ਰਿਹਾ ਸੀ ਕਿ ਤੂੰ ਕੰਮ ਦੀ ਗੱਲ ਕਰ। ਅਸੀਂ ਖੁਸ਼ੀ ਮਨਾਉਣ ਜੋਗੇ ਹੋਈਏ। ਤੇਰੇ ਧੰਨਵਾਦ ਨੂੰ ਹੁਣ ਦੱਸ ਅਸੀਂ ਕੀ ਚੱਟਣਾ।

"—ਅਸੀਂ ਤਿੰਨ ਸਾਲ ਇਕੱਠੇ ਰਹਿ ਕੇ ਇਕ ਦੂਜੇ ਨੂੰ ਚੰਗੀ ਤਰ੍ਹਾਂ ਸਮਝ ਸਕੇ ਆਂ ਤੇ ਇਸ ਫੈਸਲੇ 'ਤੇ ਪਹੁੰਚੇ ਆਂ ਕਿ ਅਸੀਂ ਇਕ ਦੂਜੇ ਲਈ ਨਹੀਂ ਬਣੇ। ਸੋ ਅਸੀਂ ਵੱਖ ਹੋਣ ਦਾ ਫੈਸਲਾ ਕੀਤਾ ਐ। ਪਰ ਅਸੀਂ ਦੋਸਤ ਰਹਾਂਗੇ ਵੀ ਤੇ ਹੁਣ ਵੀ ਦੋਸਤ ਹੀ ਹਾਂ। ਸਾਨੂੰ ਪਤਾ ਤੁਹਾਨੂੰ ਬਹੁਤ ਤਕਲੀਫ ਹੋਵੇਗੀ ਤੇ ਅਸੀਂ ਮੁਆਫੀ ਚਾਹੁੰਦੇ ਹਾਂ—।"

ਚਾਰੇ ਬਜ਼ੁਰਗਾਂ ਦੇ ਤਾਂ ਹੱਥਾਂ ਦੇ ਤੋਤੇ ਉੱਡ ਗਏ। ਉਹ ਇਕ ਦੂਸਰੇ ਦੇ ਮੂੰਹ ਵੱਲ ਵੇਖਣ ਲੱਗੇ। ਉਹਨਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਉਹ ਕੀ ਕਹਿਣ ਜਾਂ ਕਰਨ!

"ਓਏ ਇਹ ਕੀ ਬਕਵਾਸ ਕਰੀ ਜਾਨਾਂ ਤੂੰ? ਤੁਸੀਂ ਆਪਣੀ ਖੁਸ਼ੀ ਨਾਲ ਵਿਆਹ ਕਰਾਇਆ ਤੇ ਹੁਣ ਕੀ ਬਿੱਲੀ ਛਿੱਕ ਗੀ! ਖਬਰਦਾਰ ਜੇ ਕੋਈ ਇਹੋ ਜੀ ਗੱਲ ਕੀਤੀ ਐ—।"

ਪ੍ਰੇਮ ਸਿੰਘ ਗੁੱਸੇ ਵਿਚ ਸੀ। ਪਰਮ ਦਾ ਡੈਡ ਵੀ ਇਹੋ ਕੁਝ ਕਹਿ ਰਿਹਾ ਸੀ। ਪਰਮ ਤੇ ਸੈਮ ਬੈਠੇ ਸੁਣ ਰਹੇ ਸਨ। ਉਹਨਾਂ ਦੇ ਮੂੰਹਾਂ 'ਤੇ ਕੋਈ ਗਿਲੇ ਸ਼ਿਕਵੇ ਦੇ ਨਾਂ-ਨਿਸ਼ਾਨ ਨਹੀਂ ਸਨ।

"ਦੇਖੋ ਭਾਈ ਤੁਸੀਂ ਆਪਣੀ ਪਰਾਬਲਮ ਸਾਨੂੰ ਦੱਸੋ, ਅਸੀਂ ਹੱਲ ਕਰਨ ਦੀ ਕੋਸ਼ਿਸ਼ ਕਰਾਂਗੇ। ਜੇ ਤੁਸੀਂ ਸਾਡੇ ਨਾਲ ਨਹੀਂ ਰਹਿਣਾ ਚਾਹੁੰਦੇ ਤਾਂ ਵੱਖ ਰਹਿ ਪਵੋ। ਆਪਾਂ ਛੋਟਾ ਮੋਟਾ ਘਰ ਹੋਰ ਲੈ ਲਵਾਂਗੇ ਤੁਹਾਡੇ ਲਈ। ਕੋਈ ਹੋਰ ਗੱਲ ਐ ਤਾਂ ਦੱਸੋ। ਪਰ ਇਹ ਵੱਹੋਣ ਵਾਲੀ ਗੱਲ—।" ਪ੍ਰੇਮ ਸਿੰਘ ਨੇ ਆਪਣਾ ਸਿਰ ਨਾਂਹ ਵਿਚ ਹਿਲਾਇਆ।

ਕੁਝ ਦੇਰ ਬਜ਼ੁਰਗਾਂ ਦੀਆਂ ਗੱਲਾਂ ਸੁਣਨ ਤੋਂ ਬਾਅਦ ਸੈਮ ਫਿਰ ਬੋਲਿਆ " ਅਸੀਂ ਤੁਹਾਡੇ ਮਨ ਨੂੰ ਸਮਝਦੇ ਆਂ ਤੇ ਤੁਹਾਡੇ ਦੁੱਖ ਨੂੰ ਵੀ। ਇਹ ਜ਼ਿੰਦਗੀ ਇਕ ਵਾਰ ਮਿਲੀ ਐ ਤੇ ਅਸੀਂ ਇਸ ਨੂੰ ਆਪਣੇ ਢੰਗ ਨਾਲ ਜਿਊਣਾ ਚਾਹੁੰਦੇ ਹਾਂ। ਅਸੀਂ ਪਤੀ ਪਤਨੀ ਦੇ ਰੂਪ ਵਿਚ

ਖੁਸ਼ ਨਹੀਂ ਹਾਂ ਤੇ ਨਾ ਹੀ ਹੋ ਸਕਦੇ ਹਾਂ। ਤੁਸੀਂ ਸਾਨੂੰ ਸਮਝਣ ਦੀ ਕੋਸ਼ਿਸ਼ ਕਰੋ। ਕੋਈ ਅਜਿਹੀ ਪਰਾਬਲਮ ਨਹੀਂ ਜਿਸ ਦਾ ਤੁਸੀਂ ਹੱਲ ਕਰ ਸਕਦੇ ਹੋਵੋ। ਅਸਲ ਵਿਚ ਪਰਾਬਲਮ ਤਾਂ ਹੈ ਹੀ ਨਹੀ। ਬੱਸ ਅਸੀਂ ਪਤੀ ਪਤਨੀ ਬਣ ਕੇ ਨਹੀਂ ਰਹਿ ਸਕਦੇ।"

"ਪਰਮ ਤੂੰ ਨੀ ਬੋਲਦੀ ਕੁਸ਼। ਤੈਨੂੰ ਦੱਸ ਕੀ ਤਕਲੀਫ ਐ?" ਪ੍ਰੇਮ ਸਿੰਘ ਫਿਰ ਤੜਫਿਆ। ਪਰਮ ਦਾ ਪਿਉ ਤਾਂ ਬੈਠਾ ਚੁੱਪ ਅੱਥਰੂ ਕੇਰ ਰਿਹਾ ਸੀ। ਪ੍ਰੇਮ ਨੂੰ ਪਤਾ ਸੀ, ਗੱਲ ਉਸ ਨੂੰ ਹੀ ਕਰਨੀ ਪੈਣੀ ਸੀ।

"ਡੈਡ ਮੈਨੂੰ ਤਾਂ ਤੁਹਾਡੇ ਨਾਲ ਕੋਈ ਤਕਲੀਫ ਨਹੀਂ। ਬੱਸ ਜੋ ਸੈਮ ਨੇ ਕਿਹਾ ਐ ਉਹੀ ਗੱਲ ਐ।"

ਪ੍ਰੇਮ ਸਿੰਘ ਚੁੱਪ ਕਰ ਗਿਆ। ਮਾਮਲਾ ਉਸ ਨੂੰ ਸਮਝ ਨਹੀਂ ਆ ਰਿਹਾ ਸੀ। ਦੋਵੇਂ ਜਾਣੇ ਇਕੋ ਹੀ ਬੋਲੀ ਬੋਲ ਰਹੇ ਸਨ। ਪ੍ਰੇਮ ਆਪਣੇ ਕੁੜਮਾਂ ਵੱਲ ਵੇਖਣ ਲੱਗਾ ਤੇ ਉਹ ਉਸ ਵੱਲ। ਕਮਰੇ ਵਿਚ ਚੁੱਪ ਛਾਅ ਗਈ। ਗਲਾਸਾਂ ਵਿਚ ਪਈ ਬੀਅਰ ਗਰਮ ਹੋ ਗਈ ਸੀ। ਪ੍ਰੇਮ ਸਿੰਘ ਦੀ ਵੱਢੀ ਰੂਹ ਘੁੱਟ ਭਰਨ ਨੂੰ ਨਹੀ ਕਰ ਰਹੀ ਸੀ।

"ਅਸੀਂ ਤੁਹਾਨੂੰ ਖਾਣੇ ਲਈ ਬਾਹਰ ਲੈ ਜਾਣ ਦਾ ਪ੍ਰੋਗਰਾਮ ਬਣਾਇਆ ਐ। ਸਾਡੇ ਲਈ ਅੱਜ ਇਕ ਦੂਜੇ ਤੋਂ ਆਜ਼ਾਦੀ ਦਾ ਦਿਨ ਐ ਤੇ ਅਸੀਂ ਇਸ ਨੂੰ ਮਨਾਉਣਾ ਚਾਹੁੰਦੇ ਐਂ।" ਇਕ ਬੰਬ ਹੋਰ ਉਹਨਾਂ 'ਤੇ ਆ ਡਿਗਿਆ।

"ਉਹ ਥੋਨੂੰ ਸ਼ਰਮ ਨੀ ਆਉਂਦੀ। ਸਾਡਾ ਮਰਨ ਹੋਇਆ ਪਿਆ ਤੇ ਤੁਸੀਂ ਖੁਸ਼ੀਆਂ ਮਨਾਉਣ ਦੀ ਗੱਲ ਕਰਦੇ ਐਂ। ਪਤਾ ਨਹੀਂ ਕਿਹੋ ਜਿਹਾ ਜ਼ਮਾਨਾ ਆ ਗਿਆ—।" ਪ੍ਰੇਮ ਸਿੰਘ ਨੇ ਹੁਣ ਪਹਿਲਾਂ ਨਾਲੋਂ ਵੀ ਵੱਧ ਬੇਬਸੀ ਨਾਲ ਸਿਰ ਹਿਲਾਇਆ।

"ਡੈਡ ਤੁਸੀਂ ਠੰਡੇ ਮਨ ਨਾਲ ਸੋਚੋ। ਅਸੀਂ ਆਪਣੇ ਲਈ ਖੁਸ਼ੀ ਲੋੜਦੇ ਆਂ ਤੇ ਤੁਸੀਂ ਵੀ ਸਭ ਕੁਝ ਸਾਡੀ ਖੁਸ਼ੀ ਲਈ ਕੀਤਾ ਸੀ। ਸਾਡੀ ਖੁਸ਼ੀ ਵੱਖ ਹੋਣ ਵਿਚ ਐ। ਅਸੀਂ ਘੁੱਟ ਕੇ ਨਹੀਂ ਜਿਉਣਾ ਚਾਹੁੰਦੇ। ਇਸੇ ਲਈ ਅਸੀਂ ਇਹ ਫੈਸਲਾ ਲਿਆ। ਇਹ ਵੀ ਬਹੁਤ ਸੋਚ-ਵਿਚਾਰ ਕੇ। ਹੁਣ ਤੁਸੀਂ ਪਲੀਜ਼ ਸਾਡਾ ਸਾਥ ਦਿਉ। ਅਸੀਂ ਦੋਸਤਾਂ ਵਾਂਗ ਹੀ ਰਹੇ ਹਾਂ ਤੇ ਦੋਸਤਾਂ ਵਾਂਗ ਹੀ ਵਿਛੜਣਾ ਚਾਹੁੰਦੇ ਹਾਂ।" ਇਸ ਵਾਰ ਪਰਮ ਨੇ ਗੱਲ ਕੀਤੀ। ਪ੍ਰੇਮ ਸਿੰਘ ਦੇ ਨਾਲ ਉਸ ਦੇ ਮਾਪੇ ਵੀ ਹੈਰਾਨ ਸਨ।

ਕਾਫੀ ਦੇਰ ਬਾਅਦ ਆਖਰ ਮਾਪੇ ਵੀ ਮਜ਼ਬੂਰਨ ਉਹਨਾਂ ਨਾਲ ਖਾਣੇ 'ਤੇ ਜਾਣ ਲਈ ਤਿਆਰ ਹੋ ਗਏ। ਅੰਦਰੇ ਅੰਦਰ ਉਹ ਸ਼ਰਮ ਮਹਿਸੂਸ ਕਰ ਰਹੇ ਸਨ।

ਰੈਸਟੋਰੈਂਟ ਪਹੁੰਚੇ ਤਾਂ ਉਹਨਾਂ ਦਾ ਟੇਬਲ ਬੁੱਕ ਕੀਤਾ ਹੋਇਆ ਸੀ। ਉਸ 'ਤੇ ਵੱਡਾ ਸਾਰਾ ਬੁਲਬੁਲਾ ਲੱਗਾ ਹੋਇਆ ਸੀ ਜਿਸ 'ਤੇ ਲਿਖਿਆ ਸੀ 'ਇਕ ਦੂਜੇ ਤੋਂ ਆਜ਼ਾਦ ਹੋਣ ਦੀ ਵਧਾਈ।

ਪ੍ਰੇਮ ਸਿੰਘ ਹੋਰਾਂ ਦਾ ਤਾਂ ਹੋਰ ਵੀ ਮਾੜਾ ਹਾਲ ਹੋ ਗਿਆ ਸੀ। ਬੱਧੇ-ਰੁੱਧੇ ਉਹ ਚਾਰ-ਚਾਰ ਬੁਰਕੀਆਂ ਖਾ ਕੇ ਘਰ ਆ ਗਏ। ਪਰਮ ਆਪਣੇ ਮਾਪਿਆਂ ਨਾਲ ਚਲੀ ਗਈ।

ਮੇਰੇ ਮਨ ਵਿਚ ਸਭ ਕੁਝ ਇਕ ਫਿਲਮ ਵਾਂਗ ਲੰਘ ਗਿਆ। ਮੈਂ ਪ੍ਰੇਮ ਦੇ ਫੋਨ ਵੱਲ ਧਿਆਨ ਕੀਤਾ।

"ਕੀ ਪੰਗਾ ਪੈ ਗਿਆ ਪ੍ਰੇਮ ਸਿਆਂ?"

"ਯਾਰ ਸੈਮ ਨੇ ਬਹੁਤ ਦੁਖੀ ਕੀਤਾ ਐ। ਹੁਣ ਕਹਿੰਦਾ ਕਿਸੇ ਇਰਾਕਣ ਨਾਲ ਵਿਆਹ ਕਰਨਾ। ਨਾ ਉਹਨੂੰ ਸਾਡੀ ਬੋਲੀ ਸਮਝ ਆਵੇ ਤੇ ਸਾਨੂੰ ਉਹਦੀ। ਫੇਰ ਮੁਸਲਮਾਨ ਕੁੜੀ। ਜੇ ਚੱਲ ਕੋਈ ਗੋਰੀ ਹੁੰਦੀ ਤਾਂ ਵੀ ਬੰਦਾ ਕੌੜਾ ਅੱਕ ਚੱਬ ਲੈਂਦਾ।" ਪ੍ਰੇਮ ਸਿੰਘ ਦੇ ਦੁੱਖ ਨੇ ਮੈਨੂੰ ਆਪਣਾ ਦੁੱਖ ਯਾਦ ਕਰਵਾ ਦਿੱਤਾ ਸੀ।

"ਪ੍ਰੇਮ ਸਿਆਂ ਆਪਾਂ ਮਿਲ ਕੇ ਗੱਲ ਕਰਦੇ ਆਂ। ਇਹੋ ਜਿਹੀਆ ਗੱਲਾਂ ਟੈਲੀਫੋਨ 'ਤੇ ਨੀ ਹੋ ਸਕਦੀਆਂ। ਮੈਂ ਅੱਜ ਕੱਲ੍ਹ 'ਚ ਮਾਰਦਾਂ ਚੱਕਰ ਤੇਰੇ ਕੋਲ।" ਕਹਿ ਕੇ ਮੈਂ ਫੋਨ ਕੱਟ ਦਿੱਤਾ ਤੇ ਬੂਹੇ ਵੱਲ ਵੇਖਣ ਲੱਗਾ।

ਚਾਹ ਵਾਲੀ ਗੱਲ ਤਾਂ ਵਿਚੇ ਹੀ ਰਹਿ ਗਈ ਸੀ। ਅਸੀਂ ਦੋਵੇਂ ਹੀ ਚਾਹ ਦੇ ਖਾਸ ਸ਼ੁਕੀਨ ਨਹੀ ਹਾਂ। ਨਸੀਬ ਨੇ ਵੀ ਚਾਹ ਦੀ ਗੱਲ ਨਾ ਛੇੜੀ। ਮੈਂ ਆਪਣੇ ਫੋਨ 'ਤੇ ਫੇਸ ਬੁੱਕ ਵਾਲਾ ਪੇਜ ਖੋਲ੍ਹ ਲਿਆ। ਸਮਾਂ ਗੁਜ਼ਾਰਨ ਲਈ ਨਸੀਬ ਨੇ ਅੱਖਾਂ ਮੀਚ ਲਈਆਂ ਤੇ ਉਹ ਸੋਫੇ 'ਤੇ ਹੀ ਪੈ ਗਈ।

ਕੁਝ ਕੁ ਮਿੰਟਾਂ ਬਾਅਦ ਹੀ ਕੁੱਕੂ ਆ ਗਿਆ। ਅਸੀਂ ਝੂਠ ਮੂਠ ਦੀ ਖੁਸ਼ੀ ਦਾ ਇਜ਼ਹਾਰ ਕੀਤਾ। ਵੈਸੇ ਸਾਡੇ ਦਿਲ ਵਿਚ ਧੁੜਕੂ ਵਾਲੀ ਗੱਲ ਹੇਠਾਂ ਉੱਪਰ ਹੋ ਰਹੀ ਸੀ।

ਕੂਕੂ ਨੇ ਸਾਧਾਰਣ ਜਿਹੀਆਂ ਗੱਲਾਂ ਕੀਤੀਆਂ। ਉਹ ਭੂਮਿਕਾ ਬੰਨ੍ਹ ਰਿਹਾ ਸੀ। ਉਸ ਨੇ ਲੰਡਨ ਦੇ ਹਾਲਤ ਬਾਰੇ ਤੇ ਫਿਰ ਦੇਸ਼ ਦੀ ਆਰਥਿਕਤਾ ਬਾਰੇ ਗੱਲਾਂ ਕੀਤੀਆਂ। ਉਸ ਨੇ ਜੂਸ ਦੇ ਗਲਾਸ ਵਿਚੋਂ ਘੁੱਟ ਭਰੀ ਤੇ ਮੇਰੇ ਵੱਲ ਸਿੱਧਾ ਵੇਖਣ ਲੱਗਾ।

"ਡੈਡ, ਲੰਡਨ ਵਿਚ ਘਰਾਂ ਦਾ ਕਿਰਾਇਆ ਬਹੁਤ ਐ। ਖਰਚੇ ਈ ਐਨੇ ਆ ਗੁਜ਼ਾਰਾ ਕਰਨਾ ਵੀ ਮੁਸ਼ਕਲ ਐ ਲੰਡਨ ਵਿਚ ਹਰ ਚੀਜ਼ ਦੀ ਕੀਮਤ ਅਸਮਾਨ ਛੂੰਹਦੀ ਐ ਤੇ ਤਨਖਾਹਾਂ ਪਿਛਲੇ ਕਈ ਸਾਲਾਂ ਤੋਂ ਵਧੀਆਂ ਨਹੀਂ। ਅਸਲ ਵਿਚ ਤਾਂ ਘਟ ਈ ਗਈਆਂ। ਕੈਟਰੀਨਾ ਤੇ ਮੈਂ ਸੋਚਦੇ ਸੀ ਤੁਸੀਂ ਸਾਡੀ ਜੇ ਮਦਦ ਕਰ ਸਕੋ ਤਾਂ——। ਮੇਰਾ ਮਤਲਬ ਮੈਂ ਤੇ ਕੈਟਰੀਨਾ ਕੁਝ ਦੇਰ ਲਈ ਏਥੇ ਤੁਹਾਡੇ ਨਾਲ ਹੀ ਰਹਿਣ ਲਈ ਆ ਜਾਈਏ!" ਕੁੱਕੂ ਨੇ ਫਿਰ ਜੂਸ ਦਾ ਗਲਾਸ ਚੁੱਕ ਲਿਆ ਤੇ ਬਿਨਾਂ ਘੁੱਟ ਭਰੇ ਹੀ ਮੇਜ਼ 'ਤੇ ਰੱਖ ਦਿੱਤਾ।

ਮੈਂ ਨਸੀਬ ਵੱਲ ਵੇਖਿਆ। ਉਹ ਸਿਰ ਸੁੱਟੀ ਬੈਠੀ ਸੀ। ਮੈਂ ਉਸ ਦੀਆਂ ਅੱਖਾਂ ਵਿਚੋਂ ਕੁਝ ਪੜ੍ਹਨ ਦਾ ਯਤਨ ਕਰਨਾ ਚਾਹੁੰਦਾ ਸਾਂ। ਪਰ ਉਹ ਤਾਂ ਮੇਰੇ ਵੱਲ ਵੇਖ ਹੀ ਨਹੀਂ ਰਹੀ ਸੀ। ਅਖੀਰ ਮੈਨੂੰ ਹੀ ਕੁਝ ਬੋਲਣਾ ਪੈਣਾ ਸੀ।

"ਕੁੱਕੂ ਘਰ ਤਾਂ ਖਾਲੀ ਐ। ਰਹਿਣ ਦੀ ਵੀ ਕੋਈ ਗੱਲ ਨਹੀਂ। ਅਸੀਂ ਸਮਾਜ ਵਿਚ ਰਹਿਣਾ ਤੇ ਸਮਾਜ ਦੇ ਕਾਇਦੇ ਕਨੂੰਨ ਵੀ ਮੰਨਣੇ ਪੈਣੇ ਐ। ਮੇਰਾ ਮਤਲਬ ਇਕ ਤਾਂ ਉਹ ਗੋਰੀ ਐ ਤੇ ਵੱਡੀ ਗੱਲ ਤੁਸੀਂ ਵਿਆਹ ਵੀ ਨਹੀਂ ਕਰਾਇਆ ਹੋਇਆ। ਲੋਕ ਕੀ ਕਹਿਣਗੇ?"

ਮੈਂ ਤੇ ਨਸੀਬ ਜਿਹੜੀਆਂ ਗੱਲਾਂ ਪਹਿਲਾਂ ਕਰ ਰਹੇ ਸੀ, ਉਹੀ ਕੁੱਕੂ ਅੱਗੇ ਰੱਖ ਦਿੱਤੀਆਂ।

"ਡੈਡ ਮੈਨੂੰ ਇਕ ਗੱਲ ਦੱਸੋ ਲੋਕਾਂ ਨੇ ਤੁਹਾਨੂੰ ਅੱਜ ਤੱਕ ਕੀ ਦਿੱਤਾ ਜਿਹਨਾਂ ਦੀ ਖੁਸ਼ੀ ਲਈ ਤੁਸੀਂ ਐਨੇ ਫਿਕਰਮੰਦ ਐਂ ਤੇ ਆਪਣੇ ਬੱਚਿਆਂ ਦੀ ਤਕਲੀਫ ਸਮਝਣ ਦੀ ਕੋਸ਼ਿਸ਼ ਨੀਂ ਕਰਦੇ।"

ਗੱਲ ਕੁੱਕੂ ਦੀ ਠੀਕ ਸੀ। ਮੇਰੇ ਕੋਲ ਇਸ ਦਾ ਕੋਈ ਸਿੱਕੇਬੰਦ ਜਵਾਬ ਵੀ ਨਹੀਂ ਸੀ।

ਦੂਜੇ ਪਾਸੇ ਮੇਰਾ ਦਿਲ ਬਿਨ-ਵਿਆਹੀ ਕੁੜੀ, ਮੁੰਡੇ ਨਾਲ ਘਰ ਵਿਚ ਰੱਖਣ ਲਈ ਤਿਆਰ ਨਹੀਂ ਸੀ।

"ਤੂੰ ਆਵਦੀ ਮੰਮ ਨੂੰ ਪੁੱਛ ਲੈ ਜੇ ਇਹਨੂੰ ਕੋਈ ਇਤਰਾਜ਼ ਨਹੀਂ ਤਾਂ—।" ਮੈਂ ਆਪਣੇ ਗਲੋਂ ਗਲਾਮਾ ਲਾਹੁਣ ਦੀ ਕੋਸ਼ਿਸ਼ ਕੀਤੀ।

"ਦੇਖ ਪੁੱਤ ਨਾ ਤਾਂ ਉਹਨੂੰ ਸਾਡੀ ਬੋਆਵੇ ਨਾ ਉਹ ਸਾਡਾ ਖਾਣਾ ਖਾਣ ਜੋਗੀ ਐ। ਲੋਕਾਂ ਨੇ ਤੋਇ ਤੋਇ ਵਾਧੂ ਕਰਨੀ ਐ। ਜੇ ਤੁਸੀਂ 'ਕੱਠੇ ਈ ਰਹਿਣਾ ਤਾਂ ਵਿਆਹ ਕਰ ਲੋ—।" ਨਸੀਬ ਤੋਂ ਮੈਨੂੰ ਅਜਿਹੀ ਉਮੀਦ ਨਹੀ ਸੀ। ਉਹ ਤਾਂ ਜਿਵੇਂ ਅੰਦਰੇ ਅੰਦਰ ਕੁੜ੍ਹੀ ਬੈਠੀ ਸੀ।

ਕੁਕੂ ਗੁੱਸੇ ਨਾਲ ਉੱਠ ਕੇ ਤੁਰਨ ਲੱਗਾ ਤਾਂ ਮੈਂ ਉਸ ਦੀ ਬਾਂਹ ਫੜ ਕੇ ਬੈਠਾ ਲਿਆ। ਮੈਂ ਕੋਈ ਵਿਚਲਾ ਜਿਹਾ ਰਾਹ ਕੱਢਣਾ ਚਾਹੁੰਦਾ ਸੀ। ਮੈਂ ਉਸ ਨੂੰ ਲੰਚ ਲਈ ਬਾਹਰ ਲੈ ਗਿਆ।

ਅਸੀਂ ਖੁੱਲ੍ਹ ਕੇ ਗੱਲਾਂ ਕੀਤੀਆਂ। ਕੈਟਰੀਨਾ ਬਾਰੇ ਉਸ ਨੇ ਜੋ ਮੈਨੂੰ ਦੱਸਿਆ ਮੈਂ ਸੁਣ ਕੇ ਹੈਰਾਨ ਹੋ ਗਿਆ। ਕੈਟਰੀਨਾ ਅਸਲ ਵਿਚ ਸਰਬੀਆ ਦੀ ਕ੍ਰਿਸ਼ਚੀਅਨ ਕੁੜੀ ਸੀ। ਉਸ ਦੇ ਪਿਉ ਦੀ ਇਕ ਮੁਸਲਮਾਨ ਨਾਲ ਬਹੁਤ ਦੋਸਤੀ ਸੀ। ਖਾਨਾਜੰਗੀ ਮੌਕੇ ਕੈਟਰੀਨਾ ਦੇ ਪਿਉ ਨੇ ਮੁਸਲਮਾਨ ਦੋਸਤ ਨੂੰ ਬਚਾਉਣ ਲਈ ਪੂਰੀ ਮਦਦ ਕੀਤੀ। ਜਦ ਖਤਰਾ ਬਹੁਤ ਹੀ ਵਧ ਗਿਆ ਤਾਂ ਉਹ ਦੋਵੇਂ ਪਰਿਵਾਰ ਲੁਕ ਛਿਪ ਕੇ ਕਿਵੇਂ ਨਾ ਕਿਵੇ ਲੰਡਨ ਪਹੁੰਚ ਗਏ। ਉਦੋਂ ਉਹ ਮਸਾਂ ਤਿੰਨ ਕੁ ਸਾਲ ਦੀ ਸੀ। ਕਿਸੇ ਦੋਸਤ ਲਈ ਏਨੀ ਵੱਡੀ ਕੁਰਬਾਨੀ ਜਾਣੀ ਜਾਨ ਦੀ ਬਾਜ਼ੀ ਲਗਾ ਦੇਣਾ ਮੇਰੇ ਦਿਲ 'ਤੇ ਬਹੁਤ ਪ੍ਰਭਾਵ ਪਾਉਣ ਵਾਲੀ ਗੱਲ ਸੀ। ਮੇਰਾ ਮਨ ਕੈਟਰੀਨਾ ਦੇ ਪਿਉ ਨੂੰ ਮਿਲਣ ਲਈ ਕਾਹਲਾ ਸੀ। ਮੈਂ ਕੁੱਕੂ ਨੂੰ ਇਕ ਦੋ ਦਿਨ ਠਹਿਰ ਕੇ ਆਉਣ ਲਈ ਕਹਿ ਦਿੱਤਾ ਤੇ ਇਸ ਸਮੇਂ ਵਿਚ ਨਸੀਬ ਨੂੰ ਮਨਾਉਣਦੀ ਵਾਹ ਲਾਉਣ ਦਾ ਮਨ ਬਣਾ ਲਿਆ।

ਨਸੀਬ ਨੂੰ ਮਨਾਉਣ ਲਈ ਜਿਹੜੀ ਮਿਹਨਤ ਕਰਨੀ ਪਈ, ਉਹ ਤਾਂ ਮੈਨੂੰ ਹੀ ਪਤਾ ਐ। ਉਹ ਮੰਨ ਗਈ ਤੇ ਕੁਕੂ ਤੇ ਕੈਟਰੀਨਾ ਸਾਨੂੰ ਦੋ ਕੁ ਦਿਨ ਬਾਅਦ ਮਿਲਣ ਲਈ ਆ ਗਏ। ਅਸੀਂ ਚਾਹ ਪੀਂਦਿਆਂ ਗੱਲਾਂ ਕਰਨ ਲੱਗੇ।

"ਮੈਂ ਆਪਣੇ ਘਰਦੀ ਰਸੋਈ 'ਚ 'ਬੀਫ ਬਗੈਰਾ ਨੀ ਵੜਨ ਦੇਣਾ। ਜੇ ਕਿਸੇ ਖਾਣਾ ਹੋਇਆ ਤਾਂ ਬਾਹਰ ਖਾਇਉ।" ਨਸੀਬ ਨੇ ਸਾਫ਼ ਗੱਲ ਕਰਨਾ ਠੀਕ ਸਮਝਿਆ।

"ਮੰਮ, ਕੈਟਰੀਨਾ ਕੋਈ ਵੀ ਲਾਲ ਮੀਟ ਨੀ ਖਾਂਦੀ। ਇਹਨਾ ਦਾ ਸਾਰਾ ਪਰਿਵਾਰ ਮੱਛੀ ਤੇ ਮੁਰਗਾ ਹੀ ਖਾਂਦੇ ਐ। ਬੀਫ, ਪੋਰਕ ਜਾਂ ਬੱਕਰਾ ਨੀ ਵਰਤਦੇ। ਇਹਨਾਂ ਦੇ ਮਸੁਲਮਾਨ ਦੋਸਤ ਵੀ ਨਹੀਂ ਵਰਤਦੇ। ਇਹ ਦੋਵੇਂ ਪਰਿਵਾਰ ਇਕ ਦੂਜੇ ਦੇ ਘਰ ਬੇਫਿਕਰ ਹੋ ਕੇ ਖਾ ਲੈਂਦੇ ਐ।"

ਕੁਕੂ ਦੀ ਗੱਲ ਨੇ ਮੈਨੂੰ ਹੋਰ ਵੀ ਹੈਰਾਨ ਕਰ ਦਿੱਤਾ।

"ਕੈਟਰੀਨਾ ਤੇਰੇ ਡੈਡੀ ਕੀ ਕਰਦੇ ਐ—।" ਮੈਂ ਉਤਸੁੱਕਤਾ ਵੱਸ ਪੁੱਛ ਲਿਆ।

"ਉਹ ਨਹੀਂ ਰਹੇ। ਹੁਣ ਤਾਂ ਅਹਿਮਦ ਅੰਕਲ ਵੀ ਨਹੀਂ ਰਹੇ।" ਜੈਕੀ ਇਕ ਦਮ ਉਦਾਸ ਹੋ ਗਈ ਤੇ ਮੈਂ ਆਪਣਾ ਅਫ਼ਸੋਸ ਜ਼ਾਹਰ ਕੀਤਾ।

ਕੁੱਕੂ ਤੇ ਕੈਟਰੀਨਾ ਸਾਡੇ ਨਾਲ ਰਹਿਣ ਲੱਗ ਪਏ। ਨਸੀਬ ਨੂੰ ਕੁਝ ਦਿਨ ਤਾਂ ਇੰਝ ਲੱਗਿਆ ਜਿਵੇਂ ਉਸ ਨੂੰ ਕੈਟਰੀਨਾ ਨੇ ਉਸ ਦੇ ਆਪਣੇ ਘਰ ਵਿਚ ਹੀ ਅਗਵਾ ਕਰ ਲਿਆ ਹੋਵੇ। ਕੁਝ ਦਿਨਾਂ ਵਿਚ ਹੀ ਹਾਲਾਤ ਬਦਲਣ ਲੱਗੇ। ਕੈਟਰੀਨਾ ਮੈਨੂੰ ਡੈਡ ਤੇ ਨਸੀਬ ਨੂੰ ਮੰਮ ਕਹਿਣ ਲੱਗੀ ਸੀ। ਜਦ ਵੀ ਨਸੀਬ ਖਾਣਾ ਬਣਾਉਣ ਲਗਦੀ ਤਾਂ ਕੈਟਰੀਨਾ ਉਸ ਦੀ ਮਦਦ

ਕਰਦੀ ਅਤੇ ਖਾਣਾ ਬਣਾਉਣ ਵਿਚ ਦਿਲਚਸਪੀ ਵੀ ਲੈਂਦੀ।

"ਮੰਮ ਤੁਸੀਂ ਮੈਨੂੰ ਦੱਸੀ ਜਾਇਆ ਕਰੋ, ਖਾਣਾ ਮੈਂ ਬਣਾਇਆ ਕਰੂੰ।"

ਪਹਿਲਾਂ ਪਹਿਲ ਤਾਂ ਨਸੀਬ ਨੂੰ ਇਹ ਚੰਗਾ ਨਾ ਲਗਦਾ। ਹੌਲੀ ਹੌਲੀ ਉਹ ਕੈਟਰੀਨਾ ਨਾਲ ਰਚਣ-ਮਿਚਣ ਲੱਗੀ। ਕੈਟਰੀਨਾ ਗਰੀਨ ਟੀ ਦੀ ਸ਼ੁਕੀਨ ਸੀ ਤੇ ਅਸੀਂ ਦੇਸੀ ਚਾਹ ਦੇ। ਸ਼ਾਮ ਨੂੰ ਕੰਮ ਤੋਂ ਆ ਕੇ ਉਹ ਗਰੀਨ ਟੀ ਬਣਾ ਲੈਂਦੀ ਤੇ ਨਾਲ ਹੀ ਸਾਨੂੰ ਵੀ ਫੜਾ ਦਿੰਦੀ।

"ਗਰੀਨ ਟੀ ਤਾਂ ਸਿਹਤ ਲਈ ਬਹੁਤ ਚੰਗੀ ਐ। ਇਕ ਦੋ ਕੱਪ ਜ਼ਰੂਰ ਪੀਣੇ ਚਾਹੀਦੇ ਐ।" ਉਹ ਸਾਨੂੰ ਗਰੀਨ ਟੀ ਦੇ ਫਾਇਦੇ ਦਸਦੀ। ਕੁਝ ਦਿਨਾਂ ਵਿਚ ਹੀ ਅਸੀਂ ਵੀ ਗਰੀਨ ਟੀ ਦੇ ਸ਼ੁਕੀਨ ਹੋ ਗਏ। ਚਾਹ ਪੀਂਦਿਆਂ ਉਹ ਸਾਡੇ ਕੋਲੋਂ ਪੰਜਾਬੀ ਦੇ ਸ਼ਬਦ ਵੀ ਸਿਖਦੀ ਰਹਿੰਦੀ।

ਇਕ ਦਿਨ ਅਸੀਂ ਕਿਸੇ ਦੇ ਘਰ ਚਲੇ ਗਏ। ਨਸੀਬ ਨੂੰ ਵਾਪਸੀ ਦੀ ਕਾਹਲ਼ੀ ਸੀ। ਉਹ ਘਰ ਜਾ ਕੇ ਰੋਟੀ ਬਣਾਉਣ ਲਈ ਫਿਕਰਮੰਦ ਸੀ। ਜਦ ਅਸੀਂ ਘਰ ਆਏ ਤਾਂ ਕੈਟਰੀਨਾ ਨੇ ਦਾਲ ਸਬਜ਼ੀ 'ਤੇ ਚਿਕਨ ਤਰੀ ਤਿਆਰ ਕੀਤੀ ਪਈ ਸੀ। ਰੋਟੀਆਂ ਵੀ ਬਣਾ ਕੇ ਰੋਟੀ ਵਾਲੇ ਡੱਬੇ ਵਿਚ ਢਕ-ਸੰਵਾਰ ਕੇ ਰੱਖੀਆਂ ਹੋਈਆਂ ਸਨ। ਨਸੀਬ ਹੈਰਾਨ ਹੋਈ ਖੜ੍ਹੀਸੀ।

"ਮੰਮ ਡੈਡ ਟੇਬਲ 'ਤੇ ਬੈਠੋ ਮੈ ਰੋਟੀ ਲਗਾਉਣ ਲੱਗੀ ਆਂ।" ਕੈਟਰੀਨਾ ਨੇ ਪਲੇਟਾਂ ਟੇਬਲ 'ਤੇ ਪਹਿਲਾਂ ਹੀ ਰੱਖੀਆਂ ਹੋਈਆਂ ਸਨ।

ਖਾਣਾ ਖਾਧਾ ਤਾਂ ਦਾਲ ਸਬਜ਼ੀ ਬਹੁਤ ਸੁਆਦ ਸੀ। ਨਸੀਬ ਇਕ ਦਮ ਗੋਲ ਰੋਟੀਆਂ ਵੱਲ ਵੇਖ ਕੇ ਹੈਰਾਨ ਹੋ ਰਹੀ ਸੀ। ਇਹੋ ਜਿਹੀਆਂ ਗੋਲ ਰੋਟੀਆਂ ਤਾਂ ਸ਼ਾਇਦ ਨਸੀਬ ਨੇ ਵੀ ਨਾ ਬਣਾਈਆਂ ਹੋਣ। ਅਸੀਂ ਕੈਟਰੀਨਾ ਨੂੰ ਉਸ ਦੇ ਬਣਾਏ ਸਵਾਦੀ ਭੋਜਨ ਲਈ ਸ਼ੁਕਰੀਆਂ ਕੀਤਾ ਤੇ ਵਧਾਈ ਵੀ ਦਿੱਤੀ। ਕੈਟਰੀਨਾ ਖੁਸ਼ ਸੀ ਤੇ ਅਸੀਂ ਵੀ।

"ਕੈਟਰੀਨਾ ਤੂੰ ਐਨੀਆਂ ਗੋਲ ਰੋਟੀਆਂ ਬਣਾ ਕੇ ਤਾਂ ਕਮਾਲ ਈ ਕਰ ਦਿੱਤੀ।" ਨਸੀਬ ਅਜੇ ਵੀ ਹੈਰਾਨ ਸੀ।

ਕੈਟਰੀਨਾ ਹੱਸਣ ਲੱਗੀ ਤੇ ਕੁੱਕੂ ਵੀ। "ਮੰਮ ਮੈਂ ਰੋਟੀ ਬਣਾ ਕੇ ਉਹਦੇ 'ਤੇ ਵੱਡੀ ਕੌਲੀ ਰੱਖ ਦਿੰਦੀ ਸੀ ਤੇ ਉਹ ਗੋਲ ਰੋਟੀ ਤਵੇ 'ਤੇ ਰੱਖ ਦਿੰਦੀ ਸੀ। ਮੇਰੀਆਂ ਬਣਾਈਆਂ ਰੋਟੀਆਂ ਤਾਂ ਗੋਲ ਨਹੀਂ ਸੀ ਬਣਦੀਆਂ।" ਅਸੀਂ ਸਾਰੇ ਹੱਸਣ ਲੱਗੇ, ਘਰ ਦਾ ਮਹੌਲ ਖੁਸ਼ਗਵਾਰ ਸੀ।

"ਮੰਮ ਡੈਡ ਜੇ ਆਪਾਂ ਹਰ ਰੋਜ਼ ਹੀ ਅੱਜ ਵਾਂਗ ਇਕੱਠੇ ਬੈਠ ਰੋਟੀ ਖਾਇਆ ਕਰੀਏ ਤਾਂ ਬਹੁਤ ਚੰਗਾ ਹੋਵੇ।" ਕੈਟਰੀਨਾ ਦੇ ਬੋਲਾਂ ਵਿਚ ਬੇਨਤੀ ਵਰਗਾ ਕੁਝ ਸੀ।

ਮੈਂ ਨਸੀਬ ਵੱਲ ਵੇਖਿਆ। ਉਸ ਨੇ ਕੁੱਕੂ ਵੱਲ ਤੇ ਨਾਲ ਹੀ ਖੁਸੀ ਖੁਸ਼ੀ ਹਾਂ ਕਰ ਦਿੱਤੀ। ਉਸ ਦਿਨ ਤੋਂ ਅਸੀਂ ਸ਼ਾਮ ਦਾ ਖਾਣਾ ਇਕੱਠੇ ਖਾਂਦੇ ਤੇ ਮੈਨੂੰ ਮਹਿਸੂਸ ਹੋਇਆ ਜਿਵੇਂ ਸਾਡੇ ਵਿਚ ਨੇੜਤਾ ਹੋਰ ਵੀ ਵਧ ਗਈ ਹੋਵੇ। ਮਹੀਨੇ ਕੁ ਵਿਚ ਹੀ ਘਰ ਵਿਚ ਵੱਡੀ ਤਬਦੀਲੀ ਆ ਗਈ ਸੀ।

ਇਕ ਦਿਨ ਪ੍ਰੇਮ ਸਿੰਘ ਦਾ ਫੋਨ ਆ ਗਿਆ। ਉਸ ਨੇ ਮੇਰੇ ਨਾਲ ਨਰਾਜ਼ਗੀ ਜ਼ਾਹਰ ਕਰਦਿਆਂ ਮੇਰੇ ਉਸ ਨੂੰ ਨਾ ਮਿਲਣ ਦਾ ਉਲਾਂਭਾ ਦਿੱਤਾ।

"ਪ੍ਰੇਮ ਸਿਆਂ ਮੈਂ ਵੀ ਕੁਝ ਅਜਿਹੇ ਹਾਲ ਵਿਚੋਂ ਗੁਜ਼ਰ ਰਿਹਾ ਸੀ ਕਿ ਤੈਨੂੰ ਮਿਲ ਨਹੀਂ ਸਕਿਆ। ਇੰਝ ਕਰ ਭੈਣ ਜੀ ਹੋਰਾਂ ਨੂੰ ਨਾਲ ਲੈ ਕੇ ਕੱਲ੍ਹ ਸਾਡੇ ਵੱਲ ਆ ਜਾ। ਖਾਣਾ ਏਥੇ ਹੀ

ਖਾਂਵਾਂਗੇ—।" ਪ੍ਰੇਮ ਸਿੰਘ ਨੇ ਹਾਂ ਕਰ ਦਿੱਤੀ।

ਅਗਲੇ ਦਿਨ ਪ੍ਰੇਮ ਸਿੰਘ ਅਤੇ ਉਸ ਦੀ ਪਤਨੀ ਆਏ ਤੇ ਅਸੀਂ ਲਾਊਂਜ ਵਿਚ ਬੈਠ ਗਏ। ਕੁਝ ਦੇਰ ਬਾਅਦ ਕੈਟਰੀਨਾ ਤੇ ਕੁੱਕੂ ਵੀ ਲਾਊਂਜ ਵਿਚ ਆ ਗਏ। ਲੰਬੀ ਲੰਝੀ ਅਤੇ ਪਤਲੀ ਜਿਹੀ ਕੈਟਰੀਨਾ ਨੇ ਪੰਜਾਬੀ ਸੂਟ ਪਾਇਆ ਹੋਇਆ ਸੀ। ਉਹ ਹਲਕੇ ਜਿਹੇ ਮੇਕਅੱਪ ਨਾਲ ਬਹੁਤ ਹੀ ਪਿਆਰੀ ਲੱਗ ਰਹੀ ਸੀ। ਉਸ ਨੇ ਪ੍ਰੇਮ ਸਿੰਘ ਨੂੰ ਦੋਵੇਂ ਹੱਥ ਜੋੜ ਕੇ ਪੰਜਾਬੀ ਵਿਚ ਸਤਿ ਸ੍ਰੀ ਅਕਾਲ ਬੁਲਾਈ ਤੇ ਫਿਰ ਉਸ ਦੀ ਪਤਨੀ ਨੂੰ।

"ਮੰਮ ਚਾਹ ਬਣਾ ਲਵਾਂ—।" ਕੈਟਰੀਨਾ ਨੇ ਪੰਜਾਬੀ ਵਿਚ ਕਿਹਾ ਤੇ ਨਸੀਬ ਨੇ ਹਾਂ ਕਰ ਦਿੱਤੀ। ਪ੍ਰੇਮ ਸਿੰਘ ਅਤੇ ਉਸ ਦੀ ਪਤਨੀ ਤਾਂ ਜਿਵੇਂ ਸਕਤੇ ਵਿਚ ਬੈਠੇ ਸਨ।

"ਇਹ ਕੁੜੀ—— ?" ਪ੍ਰੇਮ ਸਿੰਘ ਮੈਨੂੰ ਸੰਬੋਧਨ ਹੋਇਆ।

"ਇਹ ਇਸ ਘਰ ਦੀ ਕਿਸਮਤ—।" ਮੈਂ ਕੁਝ ਦੇਰ ਸੋਚ ਕੇ ਜਵਾਬ ਦਿੱਤਾ। ਪ੍ਰੇਮ ਚੁੱਪ ਸੀ।

ਕੁੱਕੂ ਬੀਅਰ ਦੀਆਂ ਬੋਤਲਾਂ ਲੈ ਆਇਆ। ਉਸ ਨੇ ਸਾਨੂੰ ਬੋਤਲਾਂ ਖੋਲ੍ਹ ਕੇ ਫੜਾਂ ਦਿੱਤੀਆਂ।

"ਮੈਂ ਵੀ ਅੱਜ ਤੁਹਾਡੇ ਨਾਲ ਇਕ ਬੀਅਰ ਸਾਂਝੀ ਕਰ ਲੈਨਾ, ਕਹਿ ਕੇ ਉਸ ਨੇ ਵੀ ਬੀਅਰ ਦੀ ਬੋਤਲ ਖੋਲ੍ਹ ਲਈ। ਕੈਟਰੀਨਾ ਨੇ ਕੁੱਕੂ ਨੂੰ ਕਿਚਨ ਵਿਚੋਂ ਆਵਾਜ਼ ਮਾਰੀ ਤੇ ਕੁੱਕੂ ਕਿਚਨ ਵਿਚ ਚਲਾ ਗਿਆ। ਕੈਟਰੀਨਾ ਚਾਹ ਦੀ ਟਰੇਅ ਲੈ ਕੇ ਆ ਗਈ ਤੇ ਕੁੱਕੂ ਪਕੌੜਿਆਂ ਵਾਲੀ ਪਲੇਟ ਲੈ ਆਇਆ। ਕੈਟਰੀਨਾ ਨੇ ਵੀ ਸਾਡੇ ਨਾਲ ਬਹਿ ਕੇ ਚਾਹ ਪੀਤੀ। ਮਾੜੀ ਮੋਟੀ ਉਹ ਪੰਜਾਬੀ ਬੋਲਦੀ। ਬਹੁਤੀ ਅੰਗਰੇਜੀਵਿਚ ਹੀ ਗੱਲ ਕਰਦੀ। ਮੈਂ ਚੋਰ ਅੱਖ ਨਾਲ ਪ੍ਰੇਮ ਦੇ ਹਾਵ-ਭਾਵ ਵੇਖਣ-ਪੜ੍ਹਨ ਦਾ ਯਤਨ ਕਰ ਰਿਹਾ ਸੀ। ਚਾਹ ਬਾਅਦ ਕੈਟਰੀਨਾ ਤੇ ਕੁੱਕੂ ਪਲੇਟਾਂ ਚੁੱਕ ਕੇ ਕਿਚਨ ਵਿਚ ਲੈ ਗਏ ਤੇ ਸਾਨੂੰ ਕਿਚਨ ਵਿਚੋਂ ਉਹਨਾਂ ਦੇ ਮਨਮੋਹਕ ਹਾਸੇ ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ।

"ਏਸ ਕੁੜੀ ਬਾਰੇ ਨੀ ਤੂੰ ਮੈਨੂੰ ਕੁਝ ਦੱਸਿਆ—!" ਪ੍ਰੇਮ ਸਿੰਘ ਨੇ ਕਿਹਾ ਤਾਂ ਉਸ ਦੀ ਪਤਨੀ ਨੇ ਵੀ ਕੰਨ ਚੁੱਕ ਲਏ।

"ਕੈਟਰੀਨਾ, ਕੁੱਕੂ ਦੀ ਗਰਲ ਫਰਿੰਡ ਐ ਤੇ ਅਸੀਂ ਚਾਹੁੰਨੇ ਆਂ ਇਹ ਜਲਦੀ ਵਿਆਹ ਕਰ ਲੈਣ-।" ਮੈਂ ਸੰਖੇਪ ਜਿਹਾ ਜਵਾਬ ਦਿੱਤਾ।

ਅਸੀਂ ਖਾਣਾ ਖਾਣ ਬੈਠ ਗਏ ਤੇ ਕੈਟਰੀਨਾ ਨੇ ਬਹੁਤ ਦਿਲਚਸਪ ਢੰਗ ਨਾਲ ਖਾਣਾ ਟੇਬਲ 'ਤੇ ਰੱਖਿਆ ਸੀ। ਨਸੀਬ ਨੇ ਰੋਟੀਆਂ ਲਾਹ ਦਿੱਤੀਆਂ ਸਨ। ਸਾਰਿਆਂ ਨੇ ਬਹੁਤ ਸੁਆਦ ਨਾਲ ਖਾਣਾ ਖਾਧਾ।

"ਦਾਲਾਂ ਸਬਜ਼ੀਆਂ ਤਾਂ ਕੈਟਰੀਨਾ ਨੇ ਈ ਬਣਾਈਆਂ। ਇਹ ਤਾਂ ਜਲਦੀ ਹੀ ਖਾਣਾ ਬਣਾਉਣਾ ਸਿੱਖ ਗਈ—।" ਨਸੀਬ ਨੇ ਮਾਣ ਨਾਲ ਕਿਹਾ ਜਿਸ ਨੂੰ ਕੈਟਰੀਨਾ ਤੋਂ ਬਿਨਾਂ ਪ੍ਰੇਮ ਸਿੰਘ ਅਤੇ ਉਸ ਦੀ ਪਤਨੀ ਨੇ ਵੀ ਮਹਿਸੂਸ ਕੀਤਾ। ਉਹ ਖੁਸ਼ ਖੁਸ਼ ਘਰ ਚਲੇ ਗਏ।

ਮਹੀਨਾ ਕੁ ਹੀ ਬੀਤਿਆ ਹੋਵੇਗਾ। ਪ੍ਰੇਮ ਸਿੰਘ ਤੇ ਉਸ ਦੀ ਪਤਨੀ ਮਠਿਆਈ ਦਾ ਡੱਬਾ ਤੇ ਵਿਆਹ ਦਾ ਕਾਰਡ ਲੈ ਕੇ ਸਾਡੇ ਘਰ ਆਏ।

"ਲੈ ਬਈ ਸੈਮ ਦਾ ਵਿਆਹ ਉਸ ਇਰਾਕਣ ਕੁੜੀ ਨਾਲ ਪੱਕਾ ਕਰ ਦਿੱਤਾ ਐ। ਆਪਾਂ

ਬਹੁਤਾ 'ਕੱਠ ਨੀ ਕਰਨਾ । ਤੁਸੀਂ ਜ਼ਰੂਰ ਆਉਣਾ—।" ਪ੍ਰੇਮ ਸਿੰਘ ਖੁਸ਼ ਸੀ।

ਮੈਂ ਮਠਿਆਈ ਦੇ ਡੱਬੇ ਨੂੰ ਮੱਥੇ ਨਾਲ ਲਾਇਆ। ਉਸ ਡੱਬੇ ਵਿਚੋਂ ਮੈਨੂੰ ਬਹੁਤ ਹੀ ਪਿਆਰੀ ਮਹਿਕ ਆਈ ਤੇ ਮੈਂ ਕੈਟਰੀਨਾ ਵੱਲ ਵੇਖ ਕੇ ਦਿਲੋਂ ਮੁਸਕਰਾ ਪਿਆ।

***

## ਵਿਆਸ ਭੱਟ ਦੀ ਆਤਮ ਕਥਾ, ਲੇਖਕ ਮਨਮੋਹਣ ਬਾਵਾ



'ਵਿਆਸ ਭੱਟ ਦੀ ਆਤਮ ਕਥਾ' ਨਾਵਲ 648 ਈ. ਵਿਚ ਉਜੈਨ ਦੇ ਰਾਜਾ ਹਰਸ਼ਵਰਧਨ ਦੀ ਮੌਤ ਤੋਂ ਬਾਅਦ ਉਸ ਦੇ ਰਾਜ ਵਿਚ ਫੈਲੀ ਬੇਚੈਨੀ ਵਿਚੋਂ ਪੈਦਾ ਹੋਏ ਨੈਤਿਕ ਸੰਕਟ ਨੂੰ ਸੰਬੋਧਿਤ ਹੈ। ਇਹ ਅਨੈਤਿਕਤਾ ਰਾਜ ਪ੍ਰਬੰਧ ਤੋਂ ਲੈ ਕੇ ਸਾਹਿਤ ਅਤੇ ਕਲਾ ਦੀ ਸਿਰਜਣਕਾਰੀ ਤਕ ਫੈਲੀ ਹੋਈ ਸੀ। ਇਸ ਬਿਰਤਾਂਤਕ ਟੈਕਸਟ ਦਾ ਬਿਰਤਾਂਤਕ ਵਾਹਕ ਮੁੱਖ ਪਾਤਰ ਵਿਆਸ ਭੱਟ ਬਣਦਾ ਹੈ। ਇਹ ਨਾਵਲੀ ਟੈਕਸਟ ਆਤਮ ਕਥਾ ਦੇ ਬਿਰਤਾਂਤਕ ਪੈਟਰਨ ਉੱਤੇ ਢਲੀ ਹੋਈ ਹੈ ਅਤੇ ਇਸ ਨਾਵਲ ਦੀ ਗਤੀ ਸਫ਼ਰਨਾਮੀ ਟੈਕਸਟ ਦੇ ਪੈਟਰਨ ਵਾਲੀ ਹੈ। ਮਨਮੋਹਨ ਬਾਵਾ ਨਾਵਲੀ ਬਿਰਤਾਂਤ ਦੇ ਪੈਟਰਨ ਪੱਖੋਂ ਇਸ ਨਾਵਲ ਵਿਚ ਨਵੇਂ ਤਜ਼ਰਬੇ ਕਰਦਾ ਹੈ। ਨਾਵਲ ਸਾਹਿਤ ਦੀ ਖੁੱਲ੍ਹੀ ਵਿਧਾ ਹੈ। ਇਸ ਵਿਚ ਵਿਸ਼ਾ, ਕਲਾਤਮਕ ਪੈਟਰਨ ਤੋਂ ਲੈ ਕੇ ਵੱਖ-ਵੱਖ ਵਿਧਾਵਾਂ ਦੇ ਸਮਾਉਣ ਦੀ ਗੁੰਜਾਇਸ਼ ਹੁੰਦੀ ਹੈ ਪ੍ਰੰਤੂ ਹਰ ਜ਼ੁਬਾਨ ਦੇ ਨਾਵਲ ਦਾ ਆਪਣਾ ਸੁਭਾਅ, ਬਿਰਤਾਂਤਕ ਪਰੰਪਰਾ ਅਤੇ ਕੇਂਦਰਿਤ ਤੱਤ ਹੁੰਦੇ ਹਨ। ਇਹੀ ਤੱਤ ਨਾਵਲ ਨੂੰ ਕਿਸੇ ਬਿਰਤਾਂਤਕ ਪੈਟਰਨ ਵਿਚ ਢਾਲ ਕੇ ਉਸ ਜ਼ੁਬਾਨ ਦਾ ਨਾਵਲ ਬਣਾਉਂਦੇ ਹਨ। ਇਸੇ ਲਈ ਪੰਜਾਬੀ ਨਾਵਲ ਦਾ ਇਕ ਵੱਖਰਾ ਰੰਗ ਹੈ। ਮਨਮੋਹਨ ਬਾਵਾ ਇਸੇ ਰੰਗ ਵਿਚ ਇਕ ਰੰਗ ਹੋਰ ਜੋੜਦਾ ਹੈ। ਇਸ ਨਾਵਲ ਵਿਚ ਕੁਝ ਹਿੱਸਿਆਂ ਵਿਚ ਗਲਪੀ ਬਿਰਤਾਂਤ ਨੂੰ ਕਈ ਥਾਂ ਉੱਤੇ ਾਰਤਕ ਦਾ ਰੰਗ ਦਿੰਦਾ ਹੈ। ਇਹ ਰੰਗ ਨਾਵਲੀ ਬਿਰਤਾਂਤ ਦੇ ਦ੍ਰਿਸ਼ਟੀਗਤ ਪਾਸਾਰ ਨਾਲ ਜੁੜਿਆ ਹੋਇਆ । ਇਹ ਪੱਖ ਜੰਗ ਯੁੱਧ ਨੂੰ ਲੈ ਕੇ ਸੱਤਾ ਪੱਖ, ਰਾਜੇ ਅਤੇ ਸੈਨਾਪਤੀ ਦੀ ਭੂਮਿਕਾ ਨਾਲ਼ ਸੰਬੰਧਿਤ ਹੈ। ਰਾਜਾ, ਨਾਪਤੀ ਅਤੇ ਸੱਤਾ ਦੇ ਪ੍ਰਚਾਰਕ ਆਪਣੀ ਸੱਤਾ ਦੇ ਪਾਸਾਰ ਲਈ ਯੁੱਧ ਕਰਦੇ ਹਨ ਅਤੇ ਸੈਨਿਕਾਂ ਨੂੰ ਰਬਾਨੀ ਦੇ ਨਾਂ ਥੱਲੇ ਜਾਨਾਂ ਵਾਰਨ ਲਈ ਤਿਆਰ ਕਰਦੇ ਹਨ।

-ਰਜਨੀਸ਼ ਬਹਾਦਰ ਸਿੰਘ

A Group of
Chetna Parkashan
Ludhiana | Kotkapura | Canada | USA
ISBN 81-948618-4-5
9 788194 861843




*Vyas Bhatt Di Aatam Katha*

₹ 425/-

# ਸ਼ਬਦਾਂ ਦੇ ਰਹਿਨੁਮਾ : ਐੱਸ ਬਲਵੰਤ

**-ਮੀਨਾਕਸ਼ੀ ਮੈਨਨ**

ਬੜੀ ਖੁਸ਼-ਕਿਸਮਤੀ ਰਹੀ ਹੈ ਮੇਰੀ ਕਿ ਫੇਸਬੁਕ ਦੀ ਵੀਜ਼ੁਉਲ ਦੁਨੀਆਂ ਵਿੱਚ ਮੈਨੂੰ ਕੁਝ ਅਸਲੀ ਚਿਹਰਿਆਂ ਤੇ ਸ਼ਖਸ਼ੀਅਤਾਂ ਨਾਲ ਰੂਬਰੂ ਹੋਣ ਦਾ ਮੌਕਾ ਮਿਲਿਆ। ਇਨ੍ਹਾਂ ਵਿੱਚੋਂ ਹੀ ਇੱਕ ਨੇ, ਐਸ ਬਲਵੰਤ। ਬੜਾ ਪਿਆਰਾ ਜਿਹਾ ਇਤਫਾਕ ਸੀ ਉਨ੍ਹਾਂ ਨਾਲ ਮੁਲਾਕਾਤ ਦਾ। ਫੇਸਬੁਕ 'ਤੇ ਹੀ "ਸਾਂਝਾਂ ਪਿਆਰ ਦੀਆਂ" ਨਾਂ ਦਾ ਇੱਕ ਸਾਹਿਤਕ ਗਰੁਪ ਹੈ,ਜਿਸ ਵਿੱਚ ਮੇਰੇ ਕੁਝ ਲੋਕਲ ਦੋਸਤ ਵੀ ਮੈਂਬਰ ਹਨ। ਉਸ ਗਰੁਪ ਤੇ ਇੱਕ ਦਿਨ ਇੱਕ ਸਾਹਿਤਕ ਸਮਾਗਮ ਦੀ ਪੋਸਟ ਦੇਖੀ। ਮੈਂਨੂੰ ਹਮੇਸ਼ਾ ਹੀ ਚੰਗੀਆਂ ਕਿਤਾਬਾਂ, ਉੱਘੇ ਲਿਖਾਰੀਆਂ ਅਤੇ ਕਾਬਲ ਦੋਸਤਾਂ ਨਾਲ ਮਿਲਣ ਜਾਂ ਉਨ੍ਹਾਂ ਨੂੰ ਜਾਨਣ ਬਾਰੇ ਤਾਂਘ ਰਹਿੰਦੀ ਹੀ ਰਹੀ ਹੈ। ਮੈਂ ਜਿਗਿਆਸਾ ਵੱਸ ਐਸ ਬਲਵੰਤ ਨੂੰ ਟਿੱਪਣੀ ਕਰ ਪੁਛਿਆ ਕਿ ਅੱਗੋਂ ਹੋਣ ਵਾਲੇ ਅਜਿਹੇ ਸਮਾਗਮਾਂ ਬਾਰੇ ਜਾਣਕਾਰੀ ਕਿਵੇ ਪ੍ਰਾਪਤ ਹੋ ਸਕਦੀ ਹੈ। ਅਗਲੇ ਹੀ ਦਿਨ ਮੇਰੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਦਾ ਜਵਾਬ ਵੀ ਆ ਗਿਆ। ਇਹ ਸੀ ਐਸ ਬਲਵੰਤ ਨਾਮ ਦੇ ਵਿਅਕਤੀ ਨਾਲ ਮੇਰੀ ਪਹਿਲੀ ਜਾਣ-ਪਛਾਣ।

ਉਸੇ ਗਰੁਪ ਤੇ ਕੁਝ ਦਿਨ ਬਾਦ "ਬਲਵੰਤ ਗਾਰਗੀ" ਬਾਰੇ ਇੱਕ ਬਹੁਤ ਹੀ ਨਵੀ ਤੇ ਦਿਲਚਸਪ ਪੋਸਟ ਪੜ੍ਹੀ। ਕਿਉਂਕਿ ਮੈਂ ਕਾਲਜ ਵੇਲੇ ਆਪਣੀਆਂ ਪੰਜਾਬੀ ਦੀਆਂ ਪਾਠ ਪੁਸਤਕਾਂ ਵਿੱਚ ਬਲਵੰਤ ਗਾਰਗੀ ਨੂੰ ਪੜ੍ਹਿਆਂ ਸੀ, ਉਨ੍ਹਾਂ ਦੀ ਨਿੱਜੀ ਜਿੰਦਗੀ ਬਾਰੇ ਬਹੁਤ ਹੀ ਰੋਚਕ ਲੇਖ ਪੜ ਕੇ ਮੇਰੀ ਉਤਸੁਕਤਾ ਹੋਰ ਵਧੀ। ਜਦੋਂ ਮੈਂ ਉਸ ਪੋਸਟ ਨੂੰ ਪਾਉਣ ਵਾਲੇ ਲਈ ਟਿੱਪਣੀ 'ਚ ਸ਼ੁਕਰੀਆਂ ਕੀਤਾ ਤਾਂ ਜਵਾਬ ਆਇਆ "ਸ਼ੁਕਰੀਆਂ ਮੀਨਾਕਸ਼ੀ", ਇਹ ਸੀ ਮੇਰੇ ਨਾਮ ਨਾਲ ਐਸ ਬਲਵੰਤ ਨਾਲ ਮੇਰੀ ਪਹਿਲੀ ਸਾਂਝ।

ਫੇਸਬੁੱਕ ਤੇ ਜਦੋਂ ਮੈਂ ਐਸ ਬਲਵੰਤ ਬਾਰੇ ਖੋਜ ਕੀਤੀ ਤਾਂ ਪਤਾ ਚਲਿਆ ਕਿ ਐਸ ਬਲਵੰਤ ਇਕ ਮਸ਼ਹੂਰ ਪ੍ਰਕਾਸ਼ਕ, ਲੇਖਕ, ਪੱਤਰਕਾਰ ਅਤੇ ਬਹੁਤ ਵਧੀਆਂ ਸ਼ਖਸੀਅਤ ਦੇ ਮਾਲਿਕ ਹਨ। ਫਿਰ ਇੱਕ ਦਿਨ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਹਿੰਮਤ ਕਰ ਕੇ ਮੈਸੰਜਰ 'ਤੇ ਇਕ ਸੰਦੇਸ਼ ਭੇਜਿਆ। ਇਹ ਉਤਸੁਕਤਾ ਵੀ ਸੀ ਕਿ ਐਸ ਬਲਵੰਤ ਬਾਰੇ ਕੁਝ ਹੋਰ ਜਾਣਾਂ ਤੇ ਪੰਜਾਬੀ ਲੇਖਣ ਬਾਰੇ ਹੋ ਰਹੀਆਂ ਸਾਹਿਤਕ ਸਰਗਰਮੀਆਂ ਬਾਰੇ ਪੁੱਛਾਂ। ਐਸ ਬਲਵੰਤ ਹਮੇਸ਼ਾਂ ਬੜੀ ਸੁਦਿਰਤਾ ਨਾਲ ਮੇਰੇ ਸਵਾਲਾਂ ਦੇ ਜਵਾਨ ਦਿੰਦੇ ਰਹੇ। ਮੇਰਾ ਝਾਕਾ ਖੁਲ੍ਹਿਆ ਤੇ ਇੱਕ ਦਿਨ ਮੈਂ ਐਸ ਬਲਵੰਤ ਨੂੰ ਫੋਨ ਕਰ ਗੱਲ ਕਰਨੀ ਚਾਹੀ। ਤੁਸੀਂ ਸ਼ਾਇਦ ਮੇਰੇ ਨਾਲ ਸਹਿਮਤ ਜ਼ਰੂਰ ਹੋਵੋਂਗੇ ਕਿ ਕਿਸੇ ਇਨਸਾਨ ਦੀ ਆਵਾਜ਼ ਵੀ ਉਸ ਦੀ ਸ਼ਖਸੀਅਤ ਦਾ ਅੰਦਾਜਾ ਵੀ ਲਗਵਾ ਦਿੰਦੀ ਹੈ। ਐਸ ਬਲਵੰਤ ਦੀ ਆਵਾਜ ਵਿੱਚ ਇਕ ਠਹਿਰਾਅ, ਆਪਣਾ ਪਨ, ਬੱਚਿਆਂ ਵਰਗੇ ਠਹਾਕੇ, ਸੁਣ ਕੇ ਇੰਝ ਮਹਿਸੂਸ ਹੋਇਆ ਜਿਸ ਤਰ੍ਹਾਂ ਮੇਰੀ ਐਸ ਬਲਵੰਤ ਨਾਲ ਬਹੁਤ ਪੁਰਾਣੀ ਜਾਣ-ਪਹਿਚਾਣ ਹੈ। ਉਨ੍ਹਾਂ ਨਾਲ ਫੋਨ 'ਤੇ ਵੀ ਗੱਲਾਂ ਕਰਦੇ ਹੋਏ ਇਸ ਤਰ੍ਹਾਂ ਵੀ ਲਗਦਾ ਜਿਵੇਂ ਮੈਂ ਕਿਸੇ ਸੀਨੀਅਰ ਦੋਸਤ, ਗਾਈਡ ਤੇ ਫਿਲਾਸਫਰ ਨਾਲ ਗੱਲਾਂ ਕਰ ਰਹੀ ਹੋਵਾਂ ਪਰ ਗੱਲਾਂ ਕਰਦੇ ਮੈਨੂੰ ਜ਼ਰਾ ਵੀ ਓਪਰਾਪੰਨ ਮਹਿਸੂਸ ਨਹੀਂ ਹੋਇਆ।

ਹੋਲੀ-ਹੋਲੀ ਐਸ ਬਲਵੰਤ ਬਾਰੇ ਜਾਣਿਆ। ਉਨ੍ਹਾਂ ਦਾ ਲਿਖਿਆ ਹੋਇਆ ਪੜ੍ਹਿਆ ਤਾਂ ਮੈਂ ਹੈਰਾਨ ਹੀ ਰਹਿ ਗਈ। ਸਾਹਿਤ ਦੇ ਖੇਤਰ ਵਿੱਚ ਐਨੀਆਂ ਮੱਲਾਂ ਮਾਰ ਚੁੱਕੇ ਇਨਸਾਨ ਵਿੱਚ ਐਨੀ ਹਲੀਮੀ, ਨਿਮਰਤਾ ਤੇ ਬੇਹਿਸਾਬ ਆਪਣਾਪੰਨ? ਤੇ ਉਦੋਂ ਹੀ ਉਨ੍ਹਾਂ ਨਾਲ ਇੱਕ ਅਦਬੀ ਦੋਸਤੀ ਦੀ ਸੁਰੂਆਤ ਹੋ ਗਈ।

ਮੈਨੂੰ ਕੋਈ ਹੈਰਾਨੀ ਨਹੀਂ ਕਿ ਅੱਜ ਕੱਲ ਦੀ ਇਹ ਫੇਸਬੁਕ ਦੀ ਦੁਨੀਆਂ ਜਿਸ ਵਿੱਚ ਕਈ ਲੋਕ ਚਿਹਰਿਆਂ 'ਤੇ ਪਹਿਚਾਣ ਸਮੇਤ ਨਕਲੀ ਮੁਖੌਟੇ ਲਗਾ ਕੇ ਡੀਂਗਾਂ ਮਾਰਦੇ ਹਨ, ਪਰ ਉਨ੍ਹਾਂ ਵਿਚ ਹੀ ਅਸਲੀ ਚਿਹਰਿਆਂ ਵਾਲੇ ਵੀ ਵੱਸਦੇ ਹਨ। ਖਾਲਿਸ ਦਿਲਾਂ ਵਾਲੇ ਅਦਬੀ ਇਨਸਾਨ ਵੀ ਵਸਦੇ ਹਨ। ਸੁਚੱਜੇ ਦਿਮਾਗਾਂ ਵਾਲੇ, ਸੁਚਿਆਰੀ ਸੋਚ ਵਾਲੇ। ਇਸ ਗੱਲ ਤੇ ਮੇਰਾ ਵਿਸ਼ਵਾਸ ਪੁੱਖਤਾ ਕੀਤਾ ਐੱਸ ਬਲਵੰਤ ਨੇ।

ਇੱਕ ਦਿਨ ਫੇਰ 'ਸਾਂਝਾ ਪਿਆਰ ਦੀਆਂ ਗਰੁਪ' ਵਿੱਚ ਇੱਕ ਹੋਰ ਪੋਸਟ ਪੜੀ,"ਸਿਰਜਣਹਾਰੇ"। ਇਹ ਕਹਾਣੀ ਵੀ ਕਹੀ ਜਾ ਸਕਦੀ ਸੀ ਤੇ ਇਕ ਅਹਿਮ ਲੇਖ ਵੀ ਜੋ ਸੱਚ 'ਤੇ ਆਧਾਰਿਤ ਸੀ। ਦਿੱਲੀ ਦੇ ਵਿਗਿਆਨ ਭਵਨ ਵਿਚ ਇਸ ਸੈਮੀਨਾਰ ਸਮੇਂ ਕਾਪੀਰਾਈਟ ਦੇ ਵਿਸ਼ੇ ਨੂੰ ਲੈ ਕੇ ਅੰਤਰਾਰਸ਼ਟਰੀ ਕਾਪੀਰਾਈਟ ਸੰਸਥਾ ਨਾਲ ਮਿਲਕੇ ਤੇ ਹਰ ਦੇਸ਼ ਦੀ ਅਵੱਸਥਾ ਨੂੰ ਭਾਂਪ ਕੇ ਅਗਲੇ ਕਦਮ ਚੁੱਕੇ ਜਾਣੇ ਸਨ। ਵਾਈਪੋ (ਵਰਲਡ ਇੰਟੀਲੈਕਚੁਅਲ ਪ੍ਰਾਪਰਟੀ ਆਰਗੇਨਾਈਜ਼ੇਸ਼ਨਸ, ਜੈਨੇਵਾ) ਇਸ ਦੀ ਮੋਢੀ ਸੀ। ਵਾਈਪੋ ਅਨੁਸਾਰ ਹਰ ਦੇਸ਼ ਵਿਚ ਇਸ ਤਰ੍ਹਾਂ ਦੀਆਂ ਚਾਰ ਸੰਸਥਾਵਾਂ ਬਨਾਉਣ ਦਾ ਪ੍ਰਸਤਾਵ ਸੀ। ਮਿਊਜ਼ਿਕ, ਡੀਫੈਂਸ, ਪ੍ਰਿੰਟ, ਤੇ ਹੋਰ ਈਜਾਦਾਂ ਦੀ ਪ੍ਰਤੀਨਿਧਤਾ ਕਰਨੀ ਸੀ ਇਨ੍ਹਾਂ ਸੰਸਥਾਵਾਂ ਨੇ। ਇਸ ਸੰਸਥਾ ਅਨੁਸਾਰ ਸੰਸਾਰ ਭਰ ਵਿਚ ਕਿਸੇ ਲੇਖਕ ਦੀ ਲਿਖਤ ਜਾਂ ਕਿਰਤ ਦਾ ਇਸਤੇਮਾਲ ਕਰਨ ਵਾਲੇ ਨੂੰ ਇਨ੍ਹਾਂ ਵਿਚੋਂ ਸੰਬੰਧਤ ਸੰਸਥਾ ਤੋ ਕਾਪੀਰਾਈਟ ਅਧਿਕਾਰ ਲੈਣੇ ਲਾਜ਼ਮੀ ਹੋਣੇ ਸਨ। ਇਸ ਸੈਮੀਨਾਰ ਤੀਕ ਇੰਡੀਅਨ ਮਿਊਜ਼ਿਕ ਰੀਪਰੋਡਕਸ਼ਨ ਰਾਈਟਸ ਆਰਗੇਨਾਈਜ਼ੇਸ਼ਨ ਪਹਿਲਾਂ ਹੀ ਸਥਾਪਤ ਹੋ ਚੁਕੀ ਸੀ ਤੇ ਸੰਸਾਰ ਭਰ ਵਿਚ ਜਿਥੇ ਵੀ ਇੰਡੀਅਨ ਮਿਊਜ਼ਿਕ ਦੀ ਵਰਤੋਂ ਹੋਈ, ਉਸ ਦੀ ਰਾਇਲਟੀ ਵਜੋਂ ਪ੍ਰਾਪਤ ਰਕਮ ਦੀ ਪਹਿਲੀ ਕਿਸ਼ਤ ਬੰਬਈ ਵਾਲੀ ਸੰਸਥਾ ਕੋਲ ਆ ਚੁੱਕੀ ਸੀ।

ਐਸ. ਬਲਵੰਤ (ਇਸ ਦਾ ਲੇਖਕ) ਦੇ ਸ਼ਬਦਾਂ ਵਿੱਚ, "ਇਸ ਸੈਮੀਨਾਰ ਵਿੱਚ ਬੰਬਈ ਤੋਂ ਆਏ ਮਿਊਜ਼ਕ ਇੰਡਸਟਰੀ ਵਾਲੀ ਸੰਸਥਾ ਦੇ ਪ੍ਰਤੀਨਿਧ ਰਵੀਕ ਟੰਡਨ ਆਪਣੀ ਗੱਲ ਸੁਣਾ ਰਹੇ ਸਨ। ਟੰਡਨ ਦੀ ਗੱਲ ਸੁਣੀ ਤਾਂ ਮੇਰੀ ਤ੍ਰਾਹ ਨਿੱਕਲ ਗਈ। ਉਸ ਇਕ ਦਿਲ-ਟੁੰਬਵੀ ਗੱਲ ਮਹਾਂ ਸੰਗੀਤਕਾਰ ਖੇਮ ਚੰਦ ਬਾਰੇ ਸੁਣਾਈ। ਉਸ ਬਾਰੇ ਹੋਰ ਗੱਲ ਸੁਣ ਸਕਣ ਦੀ ਮੇਰੀ ਸਮੱਰਥਾ ਮੁੱਕ ਚੁੱਕੀ ਸੀ। ਮੈਂ ਉਠ ਕੇ ਬਾਹਰ ਆ ਗਿਆ...।"

ਖੇਮ ਚੰਦ ਉਹ ਵਿਅਕਤੀ ਸਨ, ਜਿਨ੍ਹਾਂ ਨੇ ਮਹਿਲ ਫਿਲਮ ਦਾ ਗੀਤ "ਆਏਗਾ, ਆਨੇ ਵਾਲਾ" ਦੀ ਤਰਜ਼ ਤੇ ਸੰਗੀਤ ਤਿਆਰ ਕੀਤਾ ਸੀ। ਪਰ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਮੌਤ ਹੋ ਗਈ। ਉਨਾਂ ਦਾ ਟੱਬਰ ਰੁਲ ਗਿਆ। ਪਤਨੀ ਸਮਾਜ ਦੀ ਦਰਿੰਦਗੀ ਦਾ ਸ਼ਿਕਾਰ ਹੋ ਕੇ ਦਰ-ਬਦਰ ਠੋਕਰਾਂ ਖਾਣ ਤੇ ਮਜ਼ਬੂਰ ਹੋ ਗਈ। ਜਦੋਂ ਟੰਡਨ ਦੀ ਸੰਸਥਾ ਕੋਲ ਇਸ ਗੀਤ ਦੀ ਰਾਇਲਟੀ ਦੇ ਪੈਸੇ ਆਏ ਤਾਂ ਉਹ ਕੁਝ ਚੌਦਾਂ ਹਜ਼ਾਰ ਰੁਪੈ ਦੇ

ਕਰੀਬ ਸਨ। ਟੰਡਨ ਨੇ ਖੇਮ ਚੰਦ ਨੂੰ ਲੱਭਣ ਦੀ ਕੋਸ਼ਿਸ਼ ਕੀਤੀ। ਪਰ ਨਾਕਾਮ ਰਿਹਾ। ਫਿਰ ਉਸ ਨੂੰ ਪਤਾ ਲੱਗਾ ਕਿ ਖੇਮ ਚੰਦ ਦੀ ਮੌਤ ਤਾਂ 1948 ਵਿਚ ਫਿਲਮ ਰੀਲੀਜ਼ ਹੋਣ ਤੋਂ ਪਹਿਲਾਂ ਹੀ ਹੋ ਗਈ ਸੀ। ਫਿਰ ਉਸ ਨੇ ਖੇਮ ਚੰਦ ਦੇ ਵਾਰਸਾਂ ਨੂੰ ਲੱਭਣਾ ਸ਼ੁਰੂ ਕੀਤਾ ਤਾਂ ਪਤਾ ਲੱਗਾ ਕਿ ਉਸ ਦੀ ਪਤਨੀ ਹਾਲੇ ਜੀਉਂਦੀ ਹੈ। ਉਸ ਨੇ ਖੇਮ ਚੰਦ ਦੀ ਉਮਰ ਦੇ ਕੁਝ ਬੰਦੇ ਨਾਲ ਲਏ ਜੋ ਉਸ ਦੀ ਪਤਨੀ ਨੂੰ ਪਹਿਚਾਣਦੇ ਸਨ ਤੇ ਉਸ ਨੂੰ ਲੱਭਣ ਤੁਰ ਪਏ। ਅਖੀਰ ਇਕ ਥਾਂ ਖੇਮ ਚੰਦ ਦੀ ਪਤਨੀ ਨੂੰ ਟੰਡਨ ਦੇ ਨਾਲ ਗਏ ਲੋਕਾਂ ਪਹਿਚਾਣ ਲਿਆ। ਟੰਡਨ ਦੱਸ ਰਿਹਾ ਸੀ ਕਿ ਜਦੋਂ ਉਹ ਲੱਭੀ ਤਾਂ ਉਸ ਵੇਲੇ ਉਹ ਬੰਬਈ ਦੇ ਮਾਟੂੰਗਾ ਰੇਲਵੇ ਸਟੇਸ਼ਨ 'ਤੇ ਭੀਖ ਮੰਗ ਰਹੀ ਸੀ। ਉਸ ਨੂੰ ਇਸ ਹਾਲਾਤ ਵਿਚ ਦੇਖ ਟੰਡਨ ਦੀ ਤ੍ਰਾਹ ਨਿਕਲ ਗਈ। ਉਹ ਇਹ ਰਕਮ ਖੇਮ ਚੰਦ ਦੀ ਪਤਨੀ ਨੂੰ ਦੇਣ ਤੋਂ ਹਾਰ ਗਿਆ। ਅਖੀਰ ਉਸ ਦੇ ਨਾਲ ਗਏ ਇਕ ਵਿਅਕਤੀ ਨੇ ਉਸ ਨੂੰ ਦੱਸਿਆ ਕਿ ਖੇਮ ਚੰਦ ਦੇ ਰਿਕਾਰਡ ਵਜਾਉਣ ਕਰਕੇ ਉਸ ਦੀ ਰਾਇਲਟੀ ਦਾ ਚੌਦਾਂ ਹਜ਼ਾਰ ਰੁਪੈ ਇਕੱਠਾ ਹੋਇਆ ਹੈ, ਜੋ ਅਸੀਂ ਤੈਨੂੰ ਦੇਣ ਆਏ ਹਾਂ। ਉਸ ਵਿਅਕਤੀ ਨੇ ਚੌਦਾਂ ਹਜ਼ਾਰ ਦਾ ਚੈੱਕ ਅੱਗੇ ਕੀਤਾ ਤਾਂ ਉਸ ਔਰਤ ਦੀਆਂ ਅੱਖਾਂ ਵਿਚ ਇਕ ਚਮਕ ਆਈ। ਉਹ ਕਹਿੰਦੀ ਮੈਂ ਤਾਂ ਸੋਚਿਆ ਸੀ ਮੇਰਾ ਖਾਵੰਦ ਮਰ ਗਿਆ, ਪਰ ਅੱਜ ਲੱਗਾ ਕਿ ਉਹ ਤਾਂ ਹਾਲੇ ਵੀ ਜੀਉਂਦਾ ਹੈ।

ਅਖੀਰ ਉਸ ਨੇ ਟੰਡਨ ਹੁਰਾਂ ਨੂੰ ਦੱਸਿਆਕਿ ਉਹਨੂੰ ਇਹ ਚੈਕ ਨਹੀਂ ਚਾਹੀਦਾ। ਖੇਮ ਮਰ ਗਿਆ, ਸਭ ਕੁਝ ਨਾਲ ਹੀ ਲੈ ਗਿਆ। ਹੁਣ ਮੇਰੇ ਕੋਲ ਘਰ ਨਹੀਂ। ਇਸ ਰੇਲਵੇ ਸਟੁਸ਼ਨ ਦੇ ਪਲੇਟਫਾਰਮ 'ਤੇ ਰਾਤ ਕੱਟਦੀ ਹਾਂ। ਗੁੰਡੇ ਇਥੇ ਵੀ ਚੈਨ ਨਹੀਂ ਲੈਣ ਦਿੰਦੇ। ਸਰੀਰੋਂ ਤੰਗ ਕਰਦੇ ਹਨ। ਤੁਸੀ ਮੈਨੂੰ ਇਨ੍ਹਾਂ ਪੈਸਿਆ ਨਾਲ ਕੋਈ ਸਿਰ ਲੁਕਾਉਣ ਲਈ ਇਕ ਛੱਤ ਲੈ ਦੇਵੋ।

ਟੰਡਨ ਨੇ ਦੱਸਿਆ ਕਿ ਉਨ੍ਹਾਂ ਉਸ ਪੈਸੇ 'ਚੋਂ ਉਸ ਔਰਤ ਨੂੰ ਦੱਸ ਹਜ਼ਾਰ ਰੁਪੈ ਦੀ ਇਕ ਝੁੱਗੀ ਲੈ ਦਿੱਤੀ ਸੀ ਤੇ ਬਾਕੀ ਚਾਰ ਹਜ਼ਾਰ ਨਾਲ ਰਸੋਈ ਦਾ ਸਾਮਾਨ ਤੇ ਆਟਾ ਚਾਵਲ ਵਗੈਰਾ। ਟੰਡਨ ਦੱਸ ਰਿਹਾ ਸੀ ਕਿ ਉਸ ਮਗਰੋਂ ਅਸੀਂ ਸਭ ਇਹੀ ਕੋਸ਼ਿਸ਼ ਕਰਦੇ ਹਾਂ ਕਿ ਖੇਮ ਚੰਦ ਦੇ ਗਾਣਿਆਂ ਦੇ ਇੰਨੇ ਕੁ ਰੀਕਾਰਡ ਵੱਜਣ ਕਿ ਉਸ ਦੀ ਪਤਨੀ ਦੇ ਚੁੱਲ੍ਹੇ ਦੀ ਅੱਗ ਬਲਦੀ ਰਹੇ।

ਐਸ ਬਲਵੰਤ ਭੁੱਬਾਂ ਮਾਰਦੇ ਹੋਏ ਹਾਲ 'ਚੋਂ ਬਾਹਰ ਤਾਂ ਆ ਗਏ। ਪਰ ਚੈਨ ਉਥੇ ਵੀ ਨਾ ਆਇਆ। ਪਰੇਸ਼ਾਨੀ 'ਚ ਸੋਚਣ ਲੱਗੇ ਕਿ "ਸਿਰਜਣਹਾਰਾ ਤਾਂ ਸੰਵੇਦਨਸ਼ੀਲ" ਹੁੰਦਾ ਹੀ ਹੈ, ਨਹੀਂ ਤਾਂ ਉਹ ਸਿਰਜਣ ਨਹੀਂ ਕਰ ਸਕਦਾ, ਪਰ ਉਸ ਦੀ ਸਹਿਨਸ਼ੀਲਤਾ ਦੀ ਸਜ਼ਾ ਉਸ ਦੇ ਪਰਿਵਾਰ ਨੂੰ ਕਿਉਂ ਮਿਲਦੀ ਹੈ ? ਐੱਸ ਬਲਵੰਤ ਦਾ ਇੰਝ ਭੱਬਾ ਮਾਰ ਕੇ ਰੋਣਾ ਅਤੇ ਕਈ ਸਾਰੇ ਅਜਿਹੇ ਸਿਰਜਣਹਾਰਿਆਂ ਦੇ ਪਰਿਵਾਰ ਦੇ ਦੁਖਾਂਤ ਬਾਰੇ ਸੋਚ ਕੇ ਗ਼ਮਗੀਨ ਹੋ ਜਾਣਾ, ਇਨ੍ਹਾਂ ਦੇ ਨਰਮ ਦਿਲ ਤੇ ਨਿਆਂ ਮੰਗਦੀ ਸੋਚ ਦਾ ਹੁੰਗਾਰਾ ਭਰਦਾ ਹੈ।

ਮੈਂ ਐਸ ਬਲਵੰਤ ਨੂੰ ਫੋਨ ਕੀਤਾ, ਭਾਵਨਾਵਾਂ ਵਿੱਚ ਭਿੱਜੀ ਹੋਈ ਆਵਾਜ ਨਾਲ ਤੇ ਦੱਸਿਆ ਕਿ ਅੱਜ 'ਖੇਮ ਰਜ' ਦੀ ਜ਼ਿੰਦਗੀ ਦੇ ਦੁਖਾਂਤ ਦੀ ਘਟਨਾ ਮੈਂ ਆਪਣੇ ਪਤੀ ਨਾਲ ਵੀ ਸ਼ੇਅਰ ਕੀਤੀ, ਆਪਣੇ ਬੱਚਿਆਂ ਨਾਲ ਵੀ। ਸਭ ਦੀਆਂ ਅੱਖਾਂ ਨਮ ਸਨ। ਇਹ ਸਭ ਕੁਝ ਪੜ੍ਹ

ਕੇ ਦਿਲ ਵਿੱਚ ਇਕ ਟੀਸ ਵੀ ਉਠੀ ਕਿ ਕਿਸ ਤਰਾਂ ਅਮਰ ਕਲਾਵਾਂ/ਕਥਾਵਾਂ/ਗੀਤਾਂ/ ਰਚਨਾਵਾਂ ਦੇ ਰਚਣਹਾਰ, ਸਿਰਜਨਹਾਰ ਕਦੀ ਕਦੀ ਜ਼ਿੰਦਗੀ ਦੀਆਂ ਬੇਰਹਿਮੀਆਂ ਦਾ ਸ਼ਿਕਾਰ ਹੁੰਦੇ ਹਨ। ਮੈਂ ਐਸ ਬਲਵੰਤ ਨੂੰ ਕਿਹਾ ਕਿ ਨਾਲ ਹੀ ਨਾਲ ਤੁਹਾਡਾ ਲੇਖ ਪੜ੍ਹ ਕੇ ਇਹ ਵੀ ਮਹਿਸੂਸ ਕੀਤਾ ਕਿ ਜਿਸ ਤਰ੍ਹਾਂ ਟੰਡਨ ਨੇ ਖੇਮ ਰਾਜ ਦੀ ਪਤਨੀ ਨੂੰ ਲੱਭਿਆ, ਉਸ ਬੇਘਰ, ਬੇਸਹਾਰਾ ਔਰਤ ਦੇ ਸਿਰ ਤੇ ਛੱਤ ਦਾ ਇੰਤਜ਼ਾਮ ਕੀਤਾ ਤੇ ਫੇਰ ਜ਼ਿੰਦਗੀ ਭਰ ਉਸ ਦਾ ਚੁਲ੍ਹਾ ਬਲਦਾ ਰਹੇ, ਇਸ ਕੋਸ਼ਿਸ਼ 'ਚ ਰਹੇ, ਰਾਇਲਟੀ ਦੇ ਪੈਸੇ ਉਸ ਤੱਕ ਪਹੁੰਚਾਉਣ ਕਰਕੇ, ਐਸ ਬਲਵੰਤ ਦਾ ਸ਼ੁਕਰੀਆਂ ਅਦਾ ਕੀਤਾ ਕਿ ਇਹ ਲੇਖ ਲਿਖਣ ਲਈ, ਪਬਲੀਕ ਪਲੈਟਫਾਰਮ ਤੇ ਇਸ ਨੂੰ ਸਾਂਝਾ ਕਰਨ ਲਈ, ਕਿਉਂਕਿ ਅਜਿਹੀਆਂ ਘਟਨਾਵਾਂ ਸਾਡੇ ਅੰਦਰ ਮਾਨਵਤਾ ਤੇ ਵਿਸ਼ਵਾਸ ਨੂੰ ਹੋਰ ਪੱਕਿਆ ਕਰਦੀਆਂ ਹਨ। ਬਤੌਰ ਇੱਕ ਸਾਬਕਾ ਟੀ ਵੀ ਅਨਉਰ ਤੇ ਹੁਣ ਇਕ ਅਧਿਆਪਕ ਤੇ ਨਿਮਾਣੀ ਜਿਹੀ ਲੇਖਕ ਹੋਣ ਦੇ ਨਾਤੇ, ਮੇਰੀ ਇਹ ਸੋਚ ਹੈ ਕਿ ਇੱਕ ਸਾਹਿਤਕਾਰ ਦਾ ਇਹ ਫਰਜ਼ ਬਣਦਾ ਹੈ ਕਿ ਜ਼ਿੰਦਗੀ ਦੀ ਚੰਗੀ ਤਸਵੀਰ ਵੀ ਸਮਾਜ ਨੂੰ ਦਿਖਾਈ ਜਾਵੇ ਤਾਂ ਕਿ ਜ਼ਿੰਦਗੀ ਜੀਊਣ ਦੀ ਉਮੀਦ ਬਣੀ ਰਹੇ। ਮੈਂ ਦਿਲੋ ਸਰਾਹਿਆ ਐਸ ਬਲਵੰਤ ਨੂੰ ਇਸ ਕੰਮ ਲਈ।

ਫੇਰ ਮੈਨੂੰ ਮਾਣ ਮਿਲਿਆ ਐਸ ਬਲਵੰਦ ਦੀ ਇਕ ਕਹਾਣੀ "ਪਹਿਲੀ ਇੱਟ" ਪੜ੍ਹਨ ਦਾ। ਇਸ ਕਹਾਣੀ ਵਿੱਚ ਐੱਸ ਬਲਵੰਤ "ਜ਼ਬੈਦਾ" ਦੇ ਰੂਪ ਵਿੱਚ ਧਰਮ, ਜ਼ਾਤ, ਮਜ਼ਹਬ, ਲਿੰਗ ਦੀਆਂ ਹੱਦਾਂ ਨੂੰ ਤੋੜ ਕੇ, ਇੱਕ ਅਜਿਹੀ ਕਿਰਦਾਰ ਨੂੰ ਉਕਾਰਦਾ ਹੈ, ਜੋ ਧਕਿਆਨੂਸੀ ਪਬੰਦੀਆਂ ਨੂੰ ਪਛਾੜ ਕੇ ਜ਼ਿੰਦਗੀ ਦਾ ਅਸਲ ਮਰਮ ਪਛਾਣ ਕੇ, ਹਿੰਮਤ ਕਰਦੀ ਹੈ। ਰੂੜੀਵਾਦੀ ਤੇ ਖੁਦ ਰੂੜੀਆਂ ਦੀਆਂ ਬੇੜੀਆਂ ਤੋੜ ਕੇ ਜੀਣ ਦਾ ਹੰਭਲਾ ਮਾਰਨ ਲਈ ਕਦਮ ਚੁਕ ਪਹਿਲੀ ਇੱਟ ਲਗਾਉਂਦੀ ਹੈ ਉਸ ਸਮਾਜ ਦੀ ਜਿਸ ਵਿਚ ਧਰਮ ਦਾ ਨਾਂਅ ਲੈਣ ਵਾਲੇ ਨੂੰ ਸਿੱਧੀ ਫਾਂਸੀ ਹੈ। ਹਰ ਵਾਸ਼ਿੰਦੇ ਦਾ ਨਾਂਅ ਧਰਮ ਜਾਂ ਜਾਤ ਆਧਾਰਰਿਤ ਨਹੀਂ ਸਗੋ ਹਿੰਦਸਿਆਂ ਵਿਚ ਰੱਖਿਆ ਜੰਦਾ ਹੈ। ਮਸਲਨ ਇਸ ਕੂਈਨ ਦਾ ਨਾਂਅ ਇਕ ਹੈ ਤੇ ਇਸ ਦੇ ਪਾਰਟਨਰ ਦਾ ਦੋ। ਇਸੇ ਤਰ੍ਹਾਂ ਸਾਰੀ ਖਲਕਤ ਦੇ ਨਾਂਅ ਹਨ ਇਸੇ ਆਧਾਰ 'ਤੇ। ਇਸ ਟਾਪੂ ਵਿਚ ਹਰ ਵਿਅਕਤੀ ਨੂੰ ਅੱਠ ਘੰਟੇ ਸਰਕਾਰ ਦੇ ਖਜ਼ਾਨੇ ਲਈ ਕੰਮ ਕਰਨਾ ਪੈਂਦਾ, ਅੱਠ ਘੰਟੇ ਉਸ ਨੂੰ ਮਨੋਰੰਜਨ ਲਈ ਅਤੇ ਅੱਠ ਘੰਟੇ ਸੌਣ ਜਾਂ ਆਰਾਮ ਕਰਨ ਲਈ। ਇਹ ਸਾਰੀਆਂ ਬੰਦਸ਼ਾਂ ਸੱਠ ਸਾਲ ਦੀ ਉਮਰ ਤੀਕ ਹੀ ਹਨ ਤੇ ਉਸ ਬਾਅਦ ਰੀਟਾਇਰਡ ਜ਼ਿੰਦਗੀ ਜਿਊਣ ਲਈ ਮਨੁੱਖ ਨੂੰ ਖੁਦ ਤੈਅ ਕਰਨਾ ਪੈਂਦਾ ਕਿ ਉਸ ਕੀ ਕਰਨਾ ਹੈ ਤੇ ਸਰਕਾਰ ਨੂੰ ਉਸ ਦੀ ਹਰ ਲੋੜ ਦਾ ਪ੍ਰਬੰਧ ਕਰਨਾ ਲਾਜ਼ਮੀ ਹੈ ਤਾਂ ਕਿ ਉਹ ਆਪਣੀ ਜਿੰਦਗੀ ਦੇ ਤਜੁਰਬਿਆਂ ਨੂੰ ਅਗਲੀ ਪੀਹੜੀ ਲਈ ਹੋਰ ਸਿੱਕ ਅੱਗੇ ਵਧਣ ਲਈ ਛੱਡ ਕੇ ਜਾਵੇ।

ਜ਼ਬੇਦਾ ਆਪਣੇ ਇਕ ਹਿੰਦੂ ਦੋਸਤ ਨੂੰ ਧੁਰ ਅੰਦਰੋਂ ਸਾਥ ਦੇਣ ਲਈ ਆਫਰ ਕਰਦੀ ਹੈ, ਕਿਉਂਕਿ ਉਹ ਉਸ ਨੂੰ ਦਿਲੋਂ ਚਾਹੁਣ ਲੱਗ ਪਈ ਹੈ, ਪਰ ਜਦੋਂ ਉਸ ਦਾ ਇਹ ਸਾਥੀ ਉਸ ਦੀ ਸੋਚ ਨੂੰ ਹੀ ਸਮਝਣ 'ਚ ਅਸਫਲ ਰਹਿੰਦਾ ਹੈ ਤਾਂ ਉਹ ਇੰਗਲੈਂਡ ਦੀ ਦੁਨੀਆਂ ਤੋਂ ਮਾਈਗਰੇਟ ਕਰ ਆਪਣਾ ਇਹ ਨਵਾਂ ਸੰਸਾਰ ਉਸਾਰਦੀ ਹੈ। ਜਿਥੇ ਇਨਸਾਨ ਨੂੰ ਸਿਰਫ ਇਨਸਾਨ ਦੇ ਰੂਪ ਵਿੱਚ ਜਾਣਿਆ ਤੇ ਪਹਿਚਾਨਿਆ ਜਾਵੇ।

ਇਸ ਕਹਾਣੀ ਵਿੱਚ ਐੱਸ ਬਲਵੰਤ ਦਾ ਅਕਸ ਇਕ ਅਜਿਹੀ ਪ੍ਰਗਤੀਸ਼ੀਲ ਸ਼ਖਸੀਅਤ ਦੇ ਰੂਪ ਵਿੱਚ ਉਭਰਦਾ ਹੈ ਜੋ ਨਕਾਰਦਾ ਹੈ ਸੜਾਂਦਾ ਮਾਰਦੇ ਸਮਾਜ ਦੇ ਉਸ ਢਾਂਚੇ ਨੂੰ ਜਿਸ ਵਿੱਚ ਜ਼ਿੰਦਗੀ ਦੀ ਅਸਲੀਅਤ ਦਾ ਤਾਂ ਦਮ ਘੁਟ ਚੁੱਕਾ ਹੈ, ਹਲੂਣਾ ਦੇ ਕੇ ਜਗਾਉਣ ਦੀ ਕੋਸ਼ਿਸ਼ ਕਰਦਾ ਹੈ ਉਹ ਹਰ ਉਸ 'ਸ਼ਾਮ' ਨੂੰ ਜੋ ਉਧੇੜ ਬੁਣ ਦੇ ਮਕੜ ਜਾਲ ਵਿੱਚ ਫਸਿਆ ਪਿਆ ਹੈ।

ਸਲਾਮ ਭੇਜਦੀ ਹਾਂ ਉਸ ਕਲਮਕਾਰ ਨੂੰ ਜਿਸ ਨੇ ਕਾਗ਼ਜ਼ ਤੇ ਇਸ ਇਕ ਅਗਾਂਹਵਧੂ ਸਮਾਜ ਦੀ ਸੋਚ ਦਾ ਖਾਕਾ ਉਕੇਰਿਆ।

ਫਿਰ ਐਸ ਬਲਵੰਤ ਦੀ ਇੱਕ ਹੋਰ ਕਹਾਣੀ ਪੜ੍ਹੀ "ਆਨੰਦਿਤ ਬ੍ਰਹਿਮੰਡ"। ਉੱਫ ! ਸ਼ਬਦ ਨਹੀਂ ਹਨ ਮੇਰੇ ਕੋਲ ਇਸ ਕਹਾਣੀ ਦੀ ਰੂਹ ਨੂੰ ਬਿਆਨ ਕਰਨ ਲਈ।

ਇਸ ਕਹਾਣੀ ਦੀ ਮੁੱਖ ਪਾਤਰ ਮਰੀਅਮ ਜਿਸਮਾਨੀ ਜ਼ਰੂਰਤਾ ਤੋਂ ਉਪਰ ਉੱਠ ਕੇ ਇੱਕ ਰੁਹਾਨੀ ਹਮਦਮ ਦੀ ਤਲਾਸ਼ 'ਚ ਫਿਰਦੀ ਤੇ ਰੰਗਾ ਦੇ ਸੰਸਾਰ 'ਚ ਆਪਣੇ ਖੁਆਬ ਉਕਾਰਦਾ ਪਾਰੁਲ, ਤਾਰਿਆਂ ਦੇ ਖੇਲ 'ਚ ਆਨੰਦਿਤ ਡਾਕਟਰ, ਚਾਹੇ ਕਲਪਨਾ 'ਚ ਉਸਰੇ ਪਾਤਰ ਨੇ, ਪਰ ਉਨ੍ਹਾਂ ਨਾਲ ਮੇਰੀ ਹੀ ਤਰ੍ਹਾਂ ਹਰ ਪਾਠਕ ਨੇ ਰੂਹਦਾਰਈ ਮਹਿਸੂਸ ਕੀਤੀ ਹੋਵੇਗੀ।

"ਸੁਪਨੇ ਅਤੇ ਸੌਦਾਗਰ" ਕਹਾਣੀ ਦੇ ਮੁਖ ਪਾਤਰ ਨਾਦੀਆ ਤੇ ਕਬੀਰ ਦੋ ਅੱਲਗ ਦੇਸ਼ਾ,ਧਰਮਾਂ ਦੇ ਬਸ਼ਿੰਦੇ ਹੋਣ ਦੇ ਬਾਵਜੂਦ, ਜ਼ਿੰਦਗੀ ਦੇ ਇਕ ਉਸ ਪੁਲ ਤੇ ਖੜ੍ਹੇ ਭਿੱਜ ਰਹੇ ਨੇ, ਜਿਹੜਾ ਉਨ੍ਹਾਂ ਕਦੇ ਤਸੱਵੁਰ ਵੀ ਨਹੀਂ ਸੀ ਕੀਤਾ। ਪਰ ਉਨ੍ਹਾਂ ਦੀ ਰੂਹ ਦੇ ਮੁਤਾਬਕ ਇਹੋ ਜਿਹੇ ਲੋਕਾਂ ਦੀਆਂ ਰੂਹਾਂ 'ਤੇ ਕਿਸੇ ਸਰਹੱਦ ਦੇ ਕਾਨੂੰਨ ਲਾਗੂ ਨਹੀਂ ਹੁੰਦੇ। ਆਪਸ ਵਿਚ ਗੜੂੰਦ। ਰੂਹਾਂ ਦਾ ਆਪਸ ਵਿਚ ਲੀਨ ਹੋ ਜਾਣਾ। ਉਸ ਵੇਲੇ ਉਨ੍ਹਾਂ ਦੀ ਦੁਨੀਆਂ ਵਿਚ ਪਦਾਰਥਕ ਦੁਨੀਆਂ ਦਾ ਕੋਈ ਅਹਿਮ ਨਹੀਂ।

ਐਸ ਬਲਵੰਤ ਦਾ ਪਟਿਆਲੇ ਦੀ ਸੁਲਤਾਨਾ ਬੇਗਮ ਬਾਰੇ ਲਿਖਿਆ ਇਕ ਸਕੈੱਚ ਪੜ੍ਹਿਆ। ਕਿੰਨੀ ਮਾਸੂਮੀਅਤ ਨੂੰ ਉਨ੍ਹਾ ਇਕ ਮਹਾਨ ਰਚਨਾ ਬਣਾ ਦਿੱਤਾ। ਇਕ ਮੁਸਲਮਾਨ ਕੁੜੀ ਜੋ 1947 ਦੀ ਵੰਡ ਦੇ ਦਿਨਾਂ ਵਿਚ ਆਪਣੀ ਮਾਂ ਦੇ ਪੇਟ ਵਿਚ ਆਈ ਤੇ ਪਾਕਿਸਤਾਨ ਤੋਂ ਟਰੈਵਲ ਕਰਦੀ ਮੁੜ ਪਟਿਆਲੇ ਪਹੁੰਚ ਗਈ। ਇਕ ਹਿੰਦੂ ਨੇ ਉਸ ਦੀ ਮਾਂ ਨੂੰ ਧੀਅ ਬਣਾ ਲਿਆ ਤੇ ਸੁਲਤਾਨਾ ਦੀ ਜ਼ਿੰਦਗੀ ਵਿਚ ਨਾਨੇ ਦਾ ਸੰਪੂਰਨ ਰੋਲ ਨਿਭਾਇਆ। ਇਕ ਸਿੱਖ ਨਾਲ ਵਿਆਹੀ ਗਈ। ਐੱਸ ਬਲਵੰਤ ਨੇ ਇਸ ਇਕ ਘਟਨਾ ਨੂੰ ਇਕ ਮਹਾਨ ਸ਼ਾਹਕਾਰ ਬਣਾ ਕੇ ਪੇਸ਼ ਕਰ ਦਿੱਤਾ।

ਸੁਲਤਾਨਾ ਨਾਲ ਗੱਲਾਂ ਕਰਦੇ ਉਹ ਲਿਖਦੇ ਹਨ ਕਿ ਜ਼ਿੰਦਗੀ ਇੱਕ ਬਹੁਤ ਵੱਡੀ ਬੁਝਾਰਤ ਹੈ। ਇਸ ਨੂੰ ਖੋਲੋ ਤਾਂ ਇਸ ਦੀ ਮਹਿਕ ਪੂਰੇ ਬ੍ਰਹਿਮੰਡ ਵਿਚ ਫੈਲਦੀ ਹੈ ਪਰ ਜੇ ਇਹਦੀ ਗੰਢ ਬੰਨ ਚੁੱਕੀ ਫਿਰੋ ਤਾਂ ਇਹ ਬੋਅ ਮਾਰਨ ਲਗਦੀ ਹੈ ,ਜਿਸ ਨਾਲ ਪੂਰਾ ਬ੍ਰਿਹਮੰਡ ਹੀ ਗੰਧਲਾ ਹੋ ਜਾਂਦੈ...!

ਤੇ ਫਿਰ ਉਹੀ ਘੁਟਣ ਪਾਪ ਬਣ ਕੱਲਯੁਗ ਦਾ ਆਰੰਭ ਕਰਦੀ ਹੈ।

ਸਿਰਜ਼ਣਹਾਰੀਆਂ ਰੂਹਾਂ ਤੇ ਕਲਮੀ ਦਸਤਖਤ ਸਿਰਲੇਖ ਹੇਠ ਐੱਸ ਬਲਵੰਤ ਨੇ

ਸੁਲਤਾਨਾ ਬੇਗਮ ਇਹ ਜੋ ਤਸਵੀਰ ਪੇਸ਼ ਕੀਤੀ ਹੈ ਉਹ ਇਕ ਨਵੇਕਲੀ ਮਿਸਾਲ ਹੈ। ਐਸ ਬਲਵੰਤ ਇਸੇ ਅਹਿਸਾਸ ਤੇ ਰਿਸ਼ਤੇ ਨੂੰ ਉਕੇਰਦਿਆਂ ਉਨ੍ਹਾਂ ਤੰਦਾਂ ਦੀ ਗਲ ਕਰਦੇ ਹਨ ਜੋ ਬੀਓਂਡ ਹੈ। ਮਨੁੱਖ ਦੀ ਪਹੁੰਚ ਤੋਂ ਕਿਤੇ ਦੂਰ। ਉਨ੍ਹਾਂ ਆਪਣੀਆਂ ਕਿਰਤਾਂ ਦੇ ਕਿਰਦਾਰਾਂ ਰਾਹੀਂ ਜ਼ਿੰਦਗੀ ਦੀ ਬੁਝਾਰਤ ਨੂੰ ਖੋਹਲਣ ਦੀ ਕੋਸ਼ਿਸ਼ ਵਿਚ ਜਿਹੜੀ ਮਹਿਕ ਸਾਹਿਤ ਦੇ ਖੇਤਰ ਵਿਚ ਤੇ ਅਪਣੀ ਹਕੀਕੀ ਜਿੰਦਗੀ ਵਿਚ ਬਿਖੇਰੀ ਹੈ ਉਹ ਬੇਮਿਸਾਲ ਹੈ।

ਕੁਝ ਰਿਸ਼ਤਿਆਂ ਦੀ ਪਾਕੀਜ਼ਗੀ ਇਹੀ ਹੁੰਦੀ ਹੈ ਕਿ ਉਹ ਕਿਸੇ ਨਾਮ ਦੇ ਮੁਹਥਾਜ ਨਹੀਂ ਹੁੰਦੇ-ਬੜਾ ਅਦਬ ਵਾਲਾ ਰਿਸ਼ਤਾ ਹੈ ਮੇਰਾ ਵੀ ਐਸ ਬਲਵੰਤ ਨਾਲ। ਮੈਨੂੰ ਮਾਣ ਹੈ ਸਰ ਨਾਲ ਇਸ ਰਿਸ਼ਤੇ 'ਤੇ, ਮੈਂ ਭਾਵੇਂ ਤੁਹਾਨੂੰ ਕਦੇ ਮਿਲੀ ਨਹੀਂ, ਪਰ ਫੇਰ ਵੀ ਮੇਰੀ ਨਿਮਾਣੀ ਜਿਹੀ ਹਸਤੀ ਨੂੰ ਇਕ ਭਰੋਸਾ ਹੈ, ਕਿ ਤੁਹਾਡਾ ਪਿਆਰ ਤੇ ਅਸੀਸ ਭਰਿਆ ਹੱਥ ਮੇਰੇ ਸਿਰ 'ਤੇ ਸਦਾ ਤੁਹਾਡੇ ਰੂਪ ਵਿਚ ਰਹੇਗਾ।

ਅੱਜ ਮੈਨੂੰ ਚੇਤੇ ਆ ਰਿਹਾ, ਕਿ ਉਦੋਂ ਮੈਂ ਬਹੁਤ ਛੋਟੀ ਸਾਂ। ਸ਼ਾਇਦ ਛੇਵੀਂ ਕਲਾਸ ਦੀ ਵਿਦਿਆਰਥਣ। ਸਕੂਲ ਵਿਚ ਕਵਿਤਾ ਦਾ ਮੁਕਾਬਲਾ ਹੋਣਾ ਸੀ। ਮੈਨੂੰ ਸੁੱਝ ਨਹੀਂ ਸੀ ਰਿਹਾ ਕਿ ਕੀ ਪੜ੍ਹਾਂ। ਮੇਰੇ ਪਿਤਾ ਨੇ ਮੇਰਾ ਸ਼ਸ਼ੋਪੰਜ ਦੇਖ ਇਸ ਮੁਕਾਬਲੇ ਲਈ ਮੈਨੂੰ ਪ੍ਰੋਫੈਸਰ ਮੋਹਨ ਸਿੰਘ ਦੀ ਇਕ ਕਵਿਤਾ ਦਿੱਤੀ ਸੀ, ਜੋ ਮੈ ਉਸ ਮੁਕਾਬਲੇ ਵਿਚ ਪੜ੍ਹ ਕੇ ਫਸਟ ਆਈ ਸਾਂ:

ਰੱਬ ਇਕ ਗੁੰਝਲਦਾਰ ਬੁਝਾਰਤ
ਰੱਬ ਇਕ ਗੋਰਖ-ਧੰਦਾ
ਖੋਹਲਣ ਲੱਗਿਆਂ ਪੇਚ ਏਸ ਦੇ
ਕਾਫਿਰ ਹੋ ਜਾਏ ਬੰਦਾ
ਕਾਫਿਰ ਹੋਵੇ ਡਰ ਕੇ ਜੀਵੇ
ਸੋ ਜ਼ੋ ਮੂਲ ਨਾ ਖੁੰਝੀ
ਲਾਈਲੱਗ ਮੋਮਨ ਦੇ ਨਾਲੋਂ
ਖੋਜੀ ਕਾਫਿਰ ਚੰਗਾ।

ਸ਼ਾਇਦ ਇਹ ਸੱਤਰਾਂ ਲਿਖਦੇ ਸਮੇਂ ਪ੍ਰੋਫੈਸਰ ਮੋਹਨ ਸਿੰਘ ਨੇ ਕਦੇ ਇਹ ਤਸੱਵੁਰ ਵੀ ਨਹੀਂ ਕੀਤਾ ਹੋਣਾ ਕਿ ਹਕੀਕਤ ਵਿਚ ਇਕ ਦਿਨ ਐੱਸ ਬਲਵੰਤ ਨਾਂਅ ਦਾ ਖੋਜੀ ਸਾਹਿਤ ਦੀ ਦੁਨੀਆਂ ਵਿਚ ਆਪਣੀ ਨਵੇਕਲੀ ਸੋਚ ਦੇ ਨਾਲ ਨਾਲ ਸਾਹਿਤ ਦੀ ਦੁਨੀਆਂ ਵਿਚ ਨਵੇਂ ਨਵੇਂ ਕਿਰਦਾਰ ਸਿਰਜਦਿਆਂ ਅਜਿਹੀਆਂ ਤੰਦਾ ਨੂੰ ਖੋਹਲ ਨਵੀਂ ਨੁਹਾਰ ਦੀਆਂ ਕਹਾਣੀਆਂ ਸਿਰਜਦਾ ਦਿਸੇਗਾ। ਜੇ ਕੁਦਰਤ ਕੁਝ ਦੁੱਖ ਸੁੱਖ ਵੀ ਦੇਵੇਗੀ ਤਾਂ ਘਬਰਾਏਗਾ ਨਹੀਂ, ਸਿਰ 'ਤੇ ਝੱਲਦਿਆ ਆਪਣੇ ਮੁਕਾਮ ਵੱਲ ਤੁਰਦਾ ਜਾਏਗਾ ਤੇ ਸਿਰਫ ਸਾਹਿਤ ਹੀ ਨਹੀਂ ਬਹੁਤ ਸਾਰੇ ਹੋਰ ਲੋਕਾਂ ਨੂੰ ਜਿੰਦਗੀ ਜੀਊਣ ਦਾ ਰਾਹ ਦਿਖਾਣ ਲਈ ਪੂਰਨੇ ਵੀ ਪਾਏਗਾ।

•••

# ਦਲਿਤ ਜੀਵਨ ਦਾ ਸੰਵਾਦੀ ਬਿਰਤਾਂਤ: ਮਿੱਟੀ ਬੋਲ ਪਈ

ਰਜਨੀਸ਼ ਬਹਾਦਰ ਸਿੰਘ

ਬਲਬੀਰ ਮਾਧੋਪੁਰੀ ਸਾਹਿਤ ਸਿਰਜਣਕਾਰੀ ਦੇ ਖੇਤਰ ਵਿਚ ਆਮ ਪਾਠਕ ਤੋਂ ਲੈ ਕੇ ਸਾਹਿਤ ਚਿੰਤਨ ਦੇ ਖੇਤਰ ਵਿਚ ਕੰਮ ਕਰਨ ਵਾਲੇ ਵਿਦਵਾਨਾਂ ਤਕ ਜਾਣਿਆ ਜਾਂਦਾ ਹੈ। ਉਹ ਮੁੱਢਲੇ ਰੂਪ ਵਿਚ ਕਵੀ ਹੈ। ਸਵੈ-ਜੀਵਨੀ ਨੇ ਉਸ ਦੀ ਪਛਾਣ ਦਾ ਘੇਰਾ ਮੋਕਲਾ ਕਰ ਦਿੱਤਾ। ਉਹ ਗੁਰਮੁਖੀ ਪੜ੍ਹਨ ਵਾਲਿਆਂ ਤੋਂ ਬਾਹਰ ਨਿਕਲ ਕੇ ਅੰਗਰੇਜ਼ੀ, ਰੂਸੀ, ਪੋਲਿਸ਼ ਅਤੇ ਸ਼ਾਹਮੁਖੀ ਪੜ੍ਹਨ ਵਾਲਿਆਂ ਤੱਕ ਰਸਾਈ ਰੱਖਣ ਲੱਗ ਪਿਆ। ਇਸ ਪਿੱਛੇ ਭਾਰਤੀ ਸਮਾਜਿਕ ਬਣਤਰ ਦੀਆਂ ਅਮਾਨਵੀ ਸਥਿਤੀਆਂ ਦਾ ਚਿਤਰਣ ਤਾਂ ਹੈ ਹੀ ਸੀ ਪਰੰਤੂ ਇਸ ਤੋਂ ਵੀ ਵੱਡਾ ਸੁਆਲ ਉਸ ਦੇ ਚਿੰਤਨ ਦੀ ਤਾਰਕਿਕਤਾ ਸੀ। ਉਸ ਦੀ ਵਾਰਤਕ ਵਿਚ ਗਲਪ ਵਰਗੀ ਰਵਾਨੀ ਹੈ। ਇਸ ਦੇ ਬਾਵਜੂਦ ਵਾਰਤਕ ਦੀ ਆਪਣੀ ਰਸਾਈ ਪਰੰਤੂ ਸੀਮਾ ਵੀ ਹੁੰਦੀ ਹੈ। ਗਲਪ ਵਿਚ ਪਰਿਕਲਪਨਾ ਦੀ ਸਪੇਸ ਹੁੰਦੀ ਹੈ। ਇਸ ਪਰਿਕਲਪਨਾ ਦਾ ਕੇਂਦਰ ਬਿਰਤਾਂਤ ਹੈ। ਬਿਰਤਾਂਤ ਸਿਰਜਣਕਾਰੀ ਦੀ ਚੂਲ ਹੀ ਨਹੀਂ ਹੁੰਦਾ ਸਗੋਂ ਸਾਂਸਕ੍ਰਿਤੀ, ਸਭਿਅਤਾ, ਸਭਿਆਚਾਰ ਅਤੇ ਚਿੰਤਨੀ ਸੰਵਾਦ ਦੇ ਛੋਟੇ ਤੋਂ ਛੋਟੇ ਵੇਰਵਿਆਂ ਤੋਂ ਲੈ ਕੇ ਬ੍ਰਹਿਮੰਡੀ ਸਰੋਕਾਰ ਨੂੰ ਪ੍ਰਗਟਾਉਣ ਦੀ ਸਮਰੱਥਾ ਰੱਖਦਾ ਹੈ। ਗਲਪ ਵਿਚੋਂ ਵੀ ਨਾਵਲ ਇਸ ਦੇ ਪ੍ਰਗਟਾਵੇ ਦੀ ਸਭ ਤੋਂ ਕਾਰਗਰ ਵਿਧਾ ਹੈ। ਮਾਧੋਪੁਰੀ ਦਾ ਚਿੰਤਨ ਅਤੇ ਸਮਰੱਥਾ ਜਿਉਂ ਜਿਉਂ ਫੈਲਦੇ ਹਨ, ਤਿਉਂ ਤਿਉਂ ਉਸ ਦੇ ਪ੍ਰਗਟਾਵੇ ਲਈ ਕਵਿਤਾ ਅਤੇ ਵਾਰਤਕ ਤੋਂ ਵੱਧ ਕੇ ਉਹ ਨਾਵਲ ਵਰਗੀ ਮੋਕਲੀ ਵਿਧਾ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਆਪਣੀ ਪਹਿਲੀ ਨਾਵਲੀ ਕਿਰਤ ਨੂੰ 'ਮਿੱਟੀ ਬੋਲ ਪਈ' ਸਿਰਲੇਖ ਦਿੰਦਾ ਹੈ। ਉਸ ਦਾ ਸਿਰਲੇਖ ਹੀ ਭਾਰਤੀ ਚਿੰਤਨ ਪਰੰਪਰਾ, ਵਿਸ਼ੇਸ਼ ਤੌਰ 'ਤੇ ਭਗਤੀ ਲਹਿਰ ਦੀਆਂ ਕਈ ਪਰਤਾਂ ਨੂੰ ਮੁਖ਼ਾਤਿਬ ਹੁੰਦਾ ਹੈ। ਇਸ ਨਾਵਲ ਬਾਰੇ ਪਿੱਠਅੰਕਣ ਉਤੇ ਲਿਖੀ ਇਬਾਰਤ ਵਿਚ ਸਵਰਾਜਬੀਰ ਲਿਖਦਾ ਹੈ, "ਬਲਬੀਰ ਮਾਧੋਪੁਰੀ ਨੇ ਨਾਵਲ ਲੇਖਣ ਦੇ ਖੇਤਰ ਵਿਚ ਪੈਰ ਧਰਦਿਆਂ ਆਦਿ-ਧਰਮ ਲਹਿਰ ਸਦਕਾ ਪੰਜਾਬੀ ਦਲਿਤ ਜੀਵਨ ਅਤੇ ਚੇਤਨਾ 'ਤੇ ਪਏ ਪ੍ਰਭਾਵ ਨੂੰ ਉਲੀਕਿਆ ਹੈ। ਇਸ ਲਹਿਰ ਨੇ ਨਾ ਸਿਰਫ਼ ਪੰਜਾਬ ਦੀ ਸਿਆਸਤ 'ਤੇ ਆਪਦੀ ਛਾਪ ਛੱਡੀ ਸਗੋਂ ਦਲਿਤਾਂ ਅੰਦਰ ਸਦੀਆਂ ਤੋਂ ਉਨ੍ਹਾਂ ਨਾਲ ਹੁੰਦੇ ਵਿਤਕਰੇ, ਲੁੱਟ-ਖਸੁੱਟ ਵਿਰੁੱਧ ਅਤੇ ਸਮਾਜਿਕ ਬਰਾਬਰੀ ਲਈ ਮਨੁੱਖੀ ਅਧਿਕਾਰਾਂ ਲਈ ਨਵੀਂ ਜਾਗ੍ਰਿਤੀ ਪੈਦਾ ਕੀਤੀ। ਨਾਵਲ ਵਿਚਲੇ ਪਾਤਰ ਸਮਾਜਿਕ ਕਰੂਰ ਯਥਾਰਥ ਨਾਲ ਖਹਿ ਕੇ ਤੁਰਦੇ ਹਨ ਤੇ ਵਰਣ-ਧਰਮ ਦੇ ਮਨੁੱਖ-ਮਾਰੂ ਰੀਤੀ-ਰਿਵਾਜਾਂ ਤੇ ਮਨੌਤਾਂ ਨੂੰ ਮੰਨਣ ਤੋਂ ਨਾਬਰੀ ਕਰਦੇ ਹਨ।"

ਇਹ ਨਾਬਰੀਪੁਣਾ ਲੇਖਕ ਦੀ ਦ੍ਰਿਸ਼ਟੀ ਹੈ, ਜਿਸ ਵਿਚੋਂ ਇਹ ਨਾਬਰੀਪੁਣਾ ਪੈਦਾ ਹੁੰਦਾ ਹੈ। ਉਹ ਇਸ ਟੈਕਸਟ ਦੀ ਵਸਤੂ ਅਤੇ ਸਮਾਜਿਕ ਵਰਤਾਰਾ ਹੈ ਜਿਸ ਉਤੇ ਨਾਵਲੀ ਬਿਰਤਾਂਤ ਦੀ ਉਸਾਰੀ ਕੀਤੀ ਹੈ। ਨਾਵਲ, ਗੋਰੇ ਪਾਤਰ ਦਾ ਸਵੈ-ਬਿਰਤਾਂਤ ਹੈ। ਇਸ ਬਿਰਤਾਂਤ ਦੇ ਕੇਂਦਰ ਵਿਚ ਦਲਿਤ ਖ਼ਾਸ ਕਰ ਰਵਿਦਾਸੀਆ ਸਮਾਜ ਹੈ ਜਿਹੜਾ ਚਮੜੇ ਦੀ ਵਸਤੂਆਂ ਦੀ ਦਸਤਕਾਰੀ ਨਾਲ ਜੁੜਿਆ ਹੋਇਆ ਹੈ। ਨਾਵਲਕਾਰ ਸਮਾਜ ਦੀ ਇਸ ਧਿਰ ਨੂੰ ਮਿੱਟੀ ਨਾਲ

ਚਿਹਨਤ ਕਰਦਾ ਹੈ। ਭਾਰਤੀ ਚਿੰਤਨ ਪਰੰਪਰਾ ਵਿਚ ਬ੍ਰਹਮਣਿਕ ਸਾਂਸਕ੍ਰਿਤੀ ਦੇ ਦਾਬਾ ਮੂਲਕ ਪ੍ਰਵਚਨ ਦੇ ਵਿਰੋਧ, ਇਹ ਸੰਸਾਰ ਦੀ ਗਤੀਸ਼ੀਲਤਾ ਦਾ ਅਧਾਰ ਚਲਾਏ ਮਾਨ ਦੇ ਸੰਕਲਪ ਵਿਚ ਰਾਜ, ਧਨ ਅਤੇ ਦੇਹ ਨੂੰ ਅਸਥਾਈ ਮੰਨਿਆ ਜਾਂਦਾ ਸੀ। ਇਸੇ ਅਨੁਸਾਰ ਦੇਹ ਮਿੱਟੀ ਦੀ ਢੇਰੀ ਨਾਲ ਚਿਹਨਤ ਕੀਤੀ ਜਾਂਦੀ ਸੀ। ਇਥੋਂ ਦਾ ਇਕ ਪ੍ਰਵਚਨ ਬਲਹੀਣ ਹੋਣ ਨਾਲ ਜੁੜਿਆ ਹੋਇਆ ਸੀ। ਬਲ ਨੂੰ ਨਸਲ ਨਾਲ ਜੋੜਿਆ ਜਾਂਦਾ ਸੀ। ਇਸੇ ਲਈ ਕੁਝ ਜਾਤੀਆਂ ਨੂੰ ਬਲਸ਼ੀਲ ਬਹਾਦਰ ਅਤੇ ਨਿਡਰ ਹੋਣ ਦਾ ਅਖੌਤੀ ਲਕਬ ਦਿੱਤਾ ਜਾਂਦਾ ਸੀ। ਆਰੀਅਨ ਸਾਂਸਕ੍ਰਿਤੀ ਨੇ ਇਸੇ ਵਿਚਾਰ ਦਾ ਪ੍ਰਚਾਰ ਅਤੇ ਪਾਸਾਰ ਕੀਤਾ। ਪਰੰਤੂ ਇਤਿਹਾਸ ਵਿਚ ਚੱਲੇ ਸੰਘਰਸ਼ਾਂ ਨੇ ਇਹਨਾਂ ਧਾਰਨਾਵਾਂ ਨੂੰ ਰੱਦ ਕਰ ਦਿੱਤਾ। ਭਾਰਤ ਵਿਚ ਚਾਰਵਾਕ ਤੋਂ ਲੈ ਕੇ ਬੁਧ-ਧਰਮ ਤੋਂ ਬਾਅਦ ਭਗਤੀ ਲਹਿਰ ਨੇ ਪਰੰਪਰਾ ਵਿਚ ਘੜੀਆਂ ਗਈਆਂ ਕਈ ਮਿੱਥਾਂ ਨੂੰ ਰੱਦ ਕਰ ਦਿੱਤਾ। ਅਸਲ ਵਿਚ ਕੌਮੀ ਮੁਕਤੀ ਦੀ ਲਹਿਰ ਸਮੇਂ ਨਾਬਰੀ ਦਾ ਵਿਸ਼ੇਸ਼ ਤੌਰ 'ਤੇ ਦਲਿਤ ਜੀਵਨ ਵਿਚ ਇਕ ਸੰਗਠਤ ਵਿਦਰੋਹ ਉਭਰਿਆ। ਜੋਤਿਬਾ ਫੂਲੇ, ਭੀਮ ਰਾਓ ਅੰਬੇਦਕਰ ਅਤੇ ਪੰਜਾਬ ਵਿਚ ਆਦਿ ਧਰਮ ਲਹਿਰ ਨੇ ਇਕ ਨਵਾਂ ਇਤਿਹਾਸ ਸਿਰਜਿਆ। ਇਸ ਲਹਿਰ ਨੇ ਸਮਾਜਕ ਤੌਰ ਉਤੇ ਹਾਸ਼ੀਏ ਉਤੇ ਧੱਕੇ ਬਲਹੀਣ ਲੋਕਾਂ ਨੂੰ ਨਵੀਂ ਜ਼ੁਬਾਨ ਦਿੱਤੀ। ਮਾਧੋਪੁਰੀ ਇਸੇ ਧਿਰ ਦੇ ਵਿਦਰੋਹ ਅਤੇ ਮੁਕਤੀ ਨੂੰ ਨਾਵਲ ਦੀ ਟੈਕਸਟ ਦੇ ਕੇਂਦਰ ਵਿਚ ਰੱਖਦਾ ਹੈ।

ਇਸ ਨਾਵਲ ਦੀ ਬਿਰਤਾਂਤਕ ਬਣਤਰ 'ਗੋਰੇ' ਪਾਤਰ ਦੇ ਸਵੈ-ਬਿਰਤਾਂਤ ਤੇ ਉਸਾਰੀ ਗਈ ਹੈ। ਇਸ ਸਵੈ-ਬਿਰਤਾਂਤ ਦਾ ਵਾਹਕ ਗੋਰਾ ਹੈ। ਉਹ ਰਵਿਦਾਸੀਏ ਪਰਿਵਾਰ ਨਾਲ ਸਬੰਧਿਤ ਹੈ। ਉਸ ਦਾ ਪਿਉ-ਦਾਦਾ ਜੁੱਤੀਆਂ ਬਣਾਉਣ ਦਾ ਕੰਮ ਕਰਦੇ ਹਨ। ਉਹਨਾਂ ਦਾ ਬਣਾਇਆ ਸਮਾਨ ਜੇਜੋਂ ਤੋਂ ਲੈ ਕੇ ਮੁਲਤਾਨ ਤੱਕ ਜਾਂਦਾ ਹੈ। ਉਸ ਦਾ ਪਿਉ ਮੁਲਤਾਨ ਗਿਆ ਇਕ ਦੁਰਘਟਨਾ ਦਾ ਸ਼ਿਕਾਰ ਹੋ ਕੇ ਦਿਮਾਗੀ ਤਵਾਜ਼ਨ ਗੁਆ ਬੈਠਦਾ ਹੈ ਅਤੇ ਮੁਲਤਾਨ ਵਿਚ ਗੁੰਮ ਹੋ ਜਾਂਦਾ ਹੈ। ਪਰਿਵਾਰ ਦੀ ਜ਼ਿੰਮੇਵਾਰੀ ਦਾਦੇ ਸੰਗਤੀਏ, ਦਾਦੀ ਬਚਨੀ ਅਤੇ ਚਾਚੇ ਜੀਤੂ ਸਿਰ ਆ ਜਾਂਦੀ ਹੈ। ਪਰਿਵਾਰ ਵਿਚ ਮੀਤੂ ਦੀ ਪਤਨੀ ਪਿਆਰੋ (ਗੋਰੇ ਦੀ ਮਾਂ) ਨੂੰ ਮੀਤੂ ਦੇ ਛੋਟੇ ਭਰਾ ਜੀਤੂ ਦੇ ਬਿਠਾਉਣ ਦੀ ਗੱਲ ਚੱਲਦੀ ਹੈ। ਗੋਰਾ ਆਪਣੇ ਦਾਦੇ ਅਤੇ ਦਾਦੀ ਦੀ ਛਤਰ ਛਾਇਆ ਹੇਠ ਪਲ਼ਦਾ ਹੈ। ਸੰਗਤੀਆ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੈ। ਉਹ ਉੱਤਮ ਕਾਮਾ, ਸਾਰੰਗੀ ਵਜਾਉਣ ਅਤੇ ਗਾਉਣ ਵਿਚ ਮਾਹਿਰ ਕੁਦਰਤ ਦਾ ਪ੍ਰੇਮੀ, ਰਿਸ਼ਤਿਆਂ ਪ੍ਰਤੀ ਸੁਹਿਰਦ, ਮਜ਼ਬੀ ਚੇਤਨਾ ਵਾਲਾ ਆਦਿ-ਧਰਮ ਲਹਿਰ ਦਾ ਕਾਰਕੁੰਨ ਹੈ। ਗੋਰੇ ਨੂੰ ਮੁਲਤਾਨ ਗਏ ਨੂੰ ਨੂਰਦੀਨ ਮੋਚੀ ਤੋਂ ਮੀਤੂ ਬਾਰੇ ਪਤਾ ਲੱਗਦਾ ਹੈ। ਉਸ ਦੀ ਸਹਾਇਤਾ ਨਾਲ ਮੀਤੂ ਪਰਿਵਾਰ ਵਿਚ ਵਾਪਸ ਆ ਜਾਂਦਾ ਹੈ। ਜੇਜੋਂ ਸੰਗਤੀਏ ਦੇ ਸੰਪਰਕ ਵਿਚ ਫ਼ਾਤਮਾ ਆਉਂਦੀ ਹੈ। ਉਹ ਗੋਰੇ ਦੇ ਪਿੰਡ ਆ ਜਾਂਦੀ ਹੈ। ਉਸ ਨਾਲ ਉਸ ਦੀ ਸਹੇਲੀ ਰੁਕੱਈਆ ਵੀ ਹੈ। ਉਹਨਾਂ ਦੋਹਾਂ ਦਾ ਵਿਆਹ ਜੀਤੇ ਅਤੇ ਗਲਾਬੂ ਨਾਲ ਸਿੱਖ ਮਰਿਆਦਾ ਅਨੁਸਾਰ ਹੁੰਦਾ ਹੈ। ਨਾਵਲਕਾਰ ਹਿੰਦੂ ਸਾਂਸਕ੍ਰਿਤੀ ਦੇ ਵਿਰੋਧ ਵਿਚ ਸਿੱਖ, ਮੁਸਲਮਾਨ ਅਤੇ ਦਲਿਤ ਏਕਤਾ ਨਾਲ ਨਾਵਲ ਨੂੰ ਸੁਖਾਂਤਭਾਵੀ ਬਣਾਉਂਦਾ ਹੈ। ਇਸ ਸਾਰੇ ਨਾਵਲੀ ਬਿਰਤਾਂਤ ਦੀ ਗਤੀ ਪਿੱਛੇ ਆਦਿ ਧਰਮ ਲਹਿਰ ਦੀ ਚੇਤਨਾ ਨਾਵਲਕਾਰ ਦਾ ਦ੍ਰਿਸ਼ਟੀਗਤ ਵਾਹਨ ਬਣ ਕੇ ਸਾਹਮਣੇ ਆਉਂਦੀ ਹੈ।

ਮਾਧੋਪੁਰੀ ਨਾਵਲ ਦੀ ਕਥਾ-ਵਸਤੂ ਦੇ ਪੜਾਅ ਨਿਸ਼ਚਤ ਕਰਦਾ ਹੈ। ਉਹ ਨਾਵਲ

ਦਾ ਮੁੱਢ ਇਕ ਸਮਾਜਿਕ ਸਮੱਸਿਆ ਚਾਦਰ ਪਾਉਣ ਤੋਂ ਸ਼ੁਰੂ ਕਰਦਾ ਹੈ। ਗੋਰੇ ਦੇ ਪਿਉ ਦੇ ਗੁੰਮ ਹੋ ਜਾਣ ਤੋਂ ਬਾਅਦ ਉਸ ਦੇ ਪਰਿਵਾਰ ਦੇ ਵੱਡੇ ਸੋਚਦੇ ਹਨ ਕਿ ਉਸ ਦੀ ਮਾਂ ਪਿਆਰੋ ਉਤੇ ਉਸ ਦਾ ਚਾਚਾ ਚਾਦਰ ਪਾ ਲਵੇ। ਇਸ ਸਮੱਸਿਆ ਨੂੰ ਨਾਵਲਕਾਰ ਦਲਿਤ ਚਿੰਤਨ ਦ੍ਰਿਸ਼ਟੀ ਤੋਂ ਉਠਾਉਂਦਾ ਹੋਇਆ ਸਵਰਨ ਜਾਤੀਆਂ ਦੇ ਜੀਵਨ ਵਿਹਾਰ ਦੇ ਚਿੰਤਨ ਨਾਲ ਜੋੜਦਾ ਹੈ। ਉਹ ਘਟਨਾ ਸਥਾਨ ਦਾ ਭੂਗੋਲਿਕ ਖਿੱਤਾ ਦੁਆਬੇ ਦੀ ਪਹਾੜੀ ਗੁੱਠ ਨੂੰ ਬਣਾਉਂਦਾ ਹੈ, ਇਸ ਲਈ ਦਲਿਤਾਂ ਦੇ ਸ਼ੋਸਕ ਰਾਜਪੂਤ ਚੌਧਰੀਆਂ ਨੂੰ ਬਣਾਉਂਦਾ ਹੈ। ਇਸ ਨਾਲ ਮਾਧੋਪੁਰੀ ਸਮੱਸਿਆ ਉੱਤਰੀ ਭਾਰਤ ਦੇ ਭੂਗੋਲਿਕ ਖਿੱਤੇ ਤੱਕ ਫੈਲਾਅ ਦਿੰਦਾ ਹੈ। ਭਾਰਤ ਵਿਚ ਬ੍ਰਾਹਮਣਵਾਦ ਨੂੰ ਸਮਾਜਿਕ ਵਿਵਸਥਾ ਉਤੇ ਲਾਗੂ ਕਰਨ ਵਿਚ ਰਾਜਪੂਤਾਂ ਦੀ ਭੂਮਿਕਾ ਹੈ। ਰਾਜਪੂਤ ਮਾਊਂਟ ਆਬੂ ਉਤੇ ਕੀਤੀ ਯੱਗ ਦੇ ਫਲਸਰੂਪ ਪ੍ਰਗਟ ਹੋਣ ਦੀ ਮਿੱਥ ਨੂੰ ਜੋੜ ਕੇ ਆਪਣੇ ਆਪ ਨੂੰ ਇੰਦਰ ਦੇ ਅਵਤਾਰ ਦੇ ਰੂਪ ਵਿਚ ਸਥਾਪਿਤ ਕਰਕੇ ਕਸ਼ੱਤਰੀ ਦਾ ਦਰਜਾ ਪ੍ਰਾਪਤ ਕਰਦੇ ਹਨ। ਕਸ਼ੱਤਰੀਆਂ ਅਤੇ ਬ੍ਰਾਹਮਣਾਂ ਦਾ ਮੇਲ ਅਤੇ ਵਿਰੋਧ ਭਾਰਤ ਦੇ ਮਿਥਿਹਾਸ ਤੋਂ ਲੈ ਕੇ ਇਤਿਹਾਸ ਤਕ ਫੈਲੇ ਹੋਏ ਹਨ। ਇਸ ਲਈ ਉਹ ਸਾਂਸਕ੍ਰਿਤੀ ਨੂੰ ਲੈ ਕੇ ਵਿਹਾਰ ਤਕ ਇਕ ਦੂਜੇ ਦੇ ਪੂਰਕ ਹਨ। ਇਸ ਤਰ੍ਹਾਂ ਮਾਧੋਪੁਰੀ ਜਿਹੜਾ ਸਾਂਸਕ੍ਰਿਤੀ ਵਿਰੋਧੀ ਜੁੱਟ ਬਣਾਉਂਦਾ ਹੈ, ਉਸ ਵਿਚ ਇਕ ਪਾਸੇ ਬ੍ਰਾਹਮਣਵਾਦ ਦੀਆਂ ਧਿਰਾਂ ਹਨ ਦੂਜੇ ਪਾਸੇ ਸੋਸ਼ਿਤ ਦਲਿਤ ਧਿਰਾਂ ਹਨ। ਉਹ ਇਹਨਾਂ ਦੇ ਸਮਾਜਿਕ ਵਿਰੋਧ ਦੀਆਂ ਜੜ੍ਹਾਂ ਨੂੰ ਹੱਥ ਪਾਉਂਦਾ ਹੈ। ਮੂਲ ਰੂਪ ਵਿਚ ਉਹ ਸਥਾਪਿਤ ਕਰਦਾ ਹੈ ਕਿ ਦਲਿਤ ਇਕ ਵੱਖਰੀ ਨਸਲ ਹੈ ਜਿਹੜੀ ਭਾਰਤ ਦੀ ਮੂਲ ਨਿਵਾਸੀ ਹੈ। ਇਥੋਂ ਦੀਆਂ ਅਖੌਤੀ ਉੱਚੀਆਂ ਜਾਤਾਂ ਬਾਹਰੋਂ ਆਈ ਨਸਲ ਹੈ ਜਿਹੜੀ ਮੂਲ ਰੂਪ 'ਚ ਆਦਿਵਾਸੀਆਂ ਤੋਂ ਵੱਖਰੀ ਹੈ। ਇਸ ਵੱਖਰਤਾ ਦੀ ਸਮਾਜਿਕ ਨਸਲੀ ਦ੍ਰਿਸ਼ਟੀ ਤੋਂ ਭਾਰਤ ਵਿਚ ਬਹੁਤ ਚਰਚਾ ਹੋਈ। ਸਮਾਜ ਦੇ ਕਈ ਹਿੱਸੇ ਆਪਣੀ ਵੱਖਰੀ ਹੋਂਦ ਸਥਾਪਿਤ ਕਰਨ ਵਲ ਅਗਰਸਰ ਹੋਏ ਹਨ। ਦਲਿਤ ਚਿੰਤਨ ਵੀ ਇਸ ਸੋਚ ਦਾ ਧਾਰਨੀ ਹੈ। ਇਸ ਨਾਵਲ ਦੀ ਪਾਤਰ ਗੋਰੇ ਦੀ ਦਾਦੀ ਆਪਣੀ ਨੂੰਹ ਪਿਆਰੋ ਨੂੰ ਕਹਿੰਦੀ ਹੈ, "ਤੂੰ ਬਹੁਤਾ ਦੁਚਿੱਤੀ 'ਚ ਨਾ ਪੈ, ਨਾਲੇ ਅਸੀਂ ਕਿਹੜਾ ਬ੍ਰਾਹਮਣ ਜਾਂ ਰਾਜਪੂਤ ਆਂ ਕਿ ਬੰਦਾ ਮਰ ਗਿਆ ਤਾਂ ਸਾਰੀ ਉਮਰ ਰੰਡੇਪਾ ਕੱਟਣਾ ਆ। ਜੇ ਉਨ੍ਹਾਂ ਦਾ ਮੰਗਣੀ ਮਗਰੋਂ ਹੋਣ ਵਾਲਾ ਖ਼ਸਮ ਮਰ ਜਾਵੇ ਤਾਂ ਸਾਰੀ ਉਮਰ ਘਰ ਬੈਠੀਆਂ ਰਹਿੰਦੀਆਂ।"

ਜ਼ਰਾ ਕੁ ਮਗਰੋਂ ਦਮ ਮਾਰ ਕੇ ਆਖਿਆ, "ਤੂੰ ਚੰਗੀ ਤਰ੍ਹਾਂ ਸਮਝ ਲਾ ਪਈ ਉਨ੍ਹਾਂ ਨਾਲ ਸਾਡਾ ਕੋਈ ਰੀਤੀ-ਰਿਵਾਜ ਨਈਂ ਮਿਲਦਾ। ਸਾਡੇ ਟੱਬਰਾਂ 'ਚੋਂ ਜੇ ਏਦਾਂ ਹਭੀ-ਨਭੀ ਹੋ ਜਾਵੇ ਤਾਂ ਦੇਰ-ਜੇਠ ਦੇ ਬਿਠਾ ਦਿੰਦੇ ਆਂ।"[1] ਇਹ ਪਹਿਲਾ ਬਿਰਤਾਂਤਕ ਟੁਕੜਾ ਹੈ, ਜਿਹੜਾ ਦਲਿਤ ਨੂੰ ਆਦਿ ਧਰਮੀ ਸਥਾਪਿਤ ਕਰਕੇ ਆਪਣੇ ਆਪ ਨੂੰ ਹਿੰਦੂ ਜੀਵਨ-ਜਾਚ ਤੋਂ ਵੱਖ ਕਰਦਾ ਹੈ। ਬ੍ਰਾਹਮਣ ਅਤੇ ਰਾਜਪੂਤ ਭਾਰਤ ਦੀਆਂ ਦੋ ਜਾਤੀਆਂ ਹਨ, ਜਿਹੜੀਆਂ ਇਥੋਂ ਦੇ ਜੀਵਨ ਜਾਚ ਨਾਲ ਜੁੜੀਆਂ ਸੰਸਥਾਵਾਂ ਨੂੰ ਨਿਯੰਤਰਣ ਕਰਦੀਆਂ ਹਨ। ਇਹਨਾਂ ਦੀਆਂ ਵਿਰੋਧੀ ਧਿਰਾਂ ਆਪਣੇ ਸ਼ੋਸਣ ਦੇ ਵਿਰੁੱਧ ਰਾਜਸੀ ਸਪੇਸ ਪੈਦਾ ਕਰਦੀਆਂ ਹਨ।

ਪੰਜਾਬ ਵਿਚ ਬ੍ਰਾਹਮਣਿਕ ਪ੍ਰਭੂਸਤਾ ਦੇ ਵਿਰੋਧ ਵਿਚ ਸਭ ਤੋਂ ਪਹਿਲਾਂ ਭਗਤੀ ਲਹਿਰ ਉਠਦੀ ਹੈ। ਇਸ ਲਹਿਰ ਦੇ ਇਤਿਹਾਸਕ ਪਰਿਪੇਖ ਵਿਚ ਚਾਰਵਾਕ ਅਤੇ ਬੁਧ-ਧਰਮ ਮੌਜੂਦ ਸੀ। ਪੰਜਾਬ ਵਿਚ ਪਹਿਲੀ ਵਾਰੀ ਬਾਰ੍ਹਵੀ ਸ਼ਤਾਬਦੀ ਵਿਚ ਇਕ ਵੱਖਰੀ ਸੁਰ ਵਾਲਾ ਚਿੰਤਨ

ਉਭਰਦਾ ਹੈ। ਇਹ ਲਹਿਰ ਕਬੀਰ ਅਤੇ ਰਵੀਦਾਸ ਦੇ ਰੂਪ ਵਿਚ ਇਕ ਨਵਾਂ ਮੁਹਾਵਰਾ ਲੈ ਕੇ ਆਉਂਦੀ ਹੈ। ਅਸਲ ਵਿਚ ਦਲਿਤ ਚੇਤਨਾ ਦਾ ਸੰਗਠਿਤ ਰੂਪ ਭਾਰਤ ਦੇ ਕੌਮੀ ਮੁਕਤੀ ਅੰਦੋਲਨ ਵਿਚੋਂ ਆਪਣਾ ਅਕਾਰ ਗ੍ਰਹਿਣ ਕਰਦਾ ਹੈ। ਗ਼ਦਰੀ ਲਹਿਰ ਵਿਚ ਮੰਗੂ ਰਾਮ ਮੁਗੋਵਾਲੀਆਂ ਪੰਜਾਬ ਵਿਚ ਆ ਕੇ ਆਦਿ-ਧਰਮ ਮੰਡਲ ਦੀ ਸਥਾਪਨਾ ਕਰਕੇ ਦਲਿਤਾਂ ਦੇ ਇਥੋਂ ਦੇ ਆਦਿਵਾਸੀ ਹੋਣ ਦੇ ਸਿਧਾਂਤ ਦਾ ਪ੍ਰਚਾਰ ਅਤੇ ਪਾਸਾਰ ਕਰਦਾ ਹੈ। ਇਸ ਲਹਿਰ ਦਾ ਕੇਂਦਰ ਪੰਜਾਬ ਦਾ ਦੁਆਬਾ ਖੇਤਰ ਬਣਦਾ ਹੈ। ਬਲਬੀਰ ਮਾਧੋਪੁਰੀ ਆਦਿ-ਧਰਮ ਲਹਿਰ ਨਾਲ ਜੁੜੀਆਂ ਘਟਨਾਵਾਂ ਅਤੇ ਲਹਿਰ ਨੂੰ ਵੀਹਵੀਂ ਸਦੀ ਦੇ ਚੌਥੇ ਪੰਜਵੇਂ ਦਹਾਕੇ ਉਤੇ ਫੈਲਾਉਂਦਾ ਹੈ। ਨਾਵਲ ਵਿਚ ਇਸ ਦਾ ਵਾਹਕ ਗੋਰੇ ਦਾ ਦਾਦਾ ਸੰਗਤੀਆ ਬਣਦਾ ਹੈ। ਸੰਗਤੀਆ ਚਮੜੇ ਦੇ ਕੰਮ ਦਾ ਕਾਰੀਗਰ, ਕੁਦਰਤ ਪ੍ਰੇਮੀ, ਸੰਗੀਤ ਅਤੇ ਗਾਇਕੀ ਦਾ ਮਾਹਿਰ, ਸੁਚੇਤ, ਰਾਜਸੀ ਆਗੂ ਅਤੇ ਜ਼ਿੰਮੇਵਾਰ ਗ੍ਰਹਿਸਤੀ ਹੈ। ਅਸਲ ਵਿਚ ਉਹ ਨਾਵਲ ਦਾ ਕੇਂਦਰੀ ਪਾਤਰ ਹੈ ਅਤੇ ਨਾਵਲ ਦਾ ਵਿਚਾਰਧਾਰਕ ਸੰਚਾਲਕ ਹੈ। ਨਾਵਲ ਵਿਚ ਉਹ ਆਦਰਸ਼ਕ ਪਾਤਰ ਬਣ ਕੇ ਉਭਰਦਾ ਹੈ। ਇਸ ਦੇ ਕਾਰਨ ਪੰਜਾਬ ਦੀ ਨਾਵਲੀ ਪਰੰਪਰਾ ਵਿਚ ਮੌਜੂਦ ਹਨ। ਪੰਜਾਬੀ ਬਿਰਤਾਂਤ ਦੇ ਸਾਹਮਣੇ ਕਿੱਸਾ ਅਤੇ ਬੀਰ-ਕਾਵਿ ਸੀ। ਸਾਰਾ ਬਿਰਤਾਂਤਕ ਢਾਂਚਾ ਨਾਇਕ ਦੇ ਦੁਆਲੇ ਹੀ ਉਸਰਦਾ ਹੈ। ਇਹ ਪੰਜਾਬੀ ਨਾਵਲ ਦੀ ਭਾਰੂ ਰੂੜੀ ਹੈ। ਮਾਧੋਪੁਰੀ ਇਸ ਰੂੜੀ ਦਾ ਇਕ ਤਰਕ ਸਿਰਜਦਾ ਹੈ। ਇਹ ਤਰਕ ਉਹਨਾਂ ਸਥਿਤੀਆਂ ਨਾਲ ਜੁੜਿਆ ਹੋਇਆ ਹੈ, ਜਿਸ ਵਿਚੋਂ ਬਾਬਾ ਸੰਗਤੀਆ ਦਾ ਪਾਤਰ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਉਹ ਦਲਿਤ ਸਮਾਜ ਵਿਚ ਜਨਮਦਾ ਤੇ ਪਲਦਾ ਹੈ। ਉਸ ਦੀ ਹੋਣੀ ਨੂੰ ਉਹ ਸਮਾਜ ਘੜਦਾ ਹੈ ਜਿਹੜਾ ਸੰਗਤੀਏ ਨੂੰ ਮਨੁੱਖ ਵੀ ਨਹੀਂ ਸਮਝਦਾ ਹੈ ਜਿਸ ਦਾ ਸਮਾਜਿਕ ਵਿਕਾਸ ਇਸ ਵਰਣ ਨੂੰ ਸਿਰਫ਼ ਸੇਵਾ ਕਰਨ ਦਾ ਅਧਿਕਾਰੀ ਸਮਝਦਾ ਹੈ। ਸੰਗਤੀਆ ਆਪਣੀ ਅਗਲੀ ਪੀੜ੍ਹੀ ਨੂੰ ਇਸ ਸਮਾਜਿਕ ਦਾਸਤਾਂ ਤੋਂ ਮੁਕਤ ਕਰਨਾ ਚਾਹੁੰਦਾ ਹੈ। ਇਸ ਦੀ ਚੇਤਨਾ ਉਸ ਅੰਦਰ ਮੰਗੂ ਰਾਮ ਦੀ ਸੰਗਤ ਵਿਚੋਂ ਆਉਂਦੀ ਹੈ। ਇਸ ਲਈ ਉਹ ਗਿਆਨ ਉਤੇ ਟੇਕ ਰੱਖਦਾ ਹੈ ਅਤੇ ਗਿਆਨ ਵਿਦਿਆ ਹਾਸਲ ਕਰ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਨਾਵਲਕਾਰ ਇਸ ਸਮੁੱਚੇ ਨਾਵਲੀ ਵਰਤਾਰੇ ਨੂੰ ਪੜਾਵਾਂ ਵਿਚੋਂ ਲੰਘਾਉਂਦਾ ਹੈ। ਪਹਿਲਾ ਪੜਾਅ ਉਹਨਾਂ ਸਥਿਤੀਆਂ ਦਾ ਹੈ, ਜਿਸ ਵਿਚ ਗੋਰਾ ਅਤੇ ਉਸ ਦਾ ਬਾਬਾ ਸੰਗਤੀਆ ਵਿਚਰਦੇ ਹਨ। ਦੂਜਾ ਪੜਾਅ ਰਾਜਸੀ ਚੇਤਨਾ ਅਤੇ ਉਸ ਦੇ ਵਰਤਾਰੇ ਨਾਲ ਸਬੰਧਿਤ ਹੈ। ਤੀਜਾ ਦਲਿਤ ਮੁਕਤੀ ਦਾ ਮਾਡਲ ਹੈ ਜਿਸ ਵਿਚ ਧਿਰਾਂ ਦੀ ਲੜਾਈ ਅਤੇ ਏਕਤਾ ਹੈ। ਇਹ ਨਾਵਲੀ ਵਸਤੂ-ਜਗਤ ਦਾ ਹਿੱਸਾ ਅਤੇ ਬਿਰਤਾਂਤ ਮਾਧੋਪੁਰੀ ਦੀ ਗਲਪੀ ਦ੍ਰਿਸ਼ਟੀ ਨਾਲ ਸਬੰਧਿਤ ਹੈ।

ਨਾਵਲ ਦੇ ਬਿਰਤਾਂਤਕ ਪੜਾਵਾਂ ਦਾ ਪਹਿਲਾ ਪੜਾਅ ਇਕ ਸਥਿਤੀ ਉਤੇ ਕੇਂਦਰਿਤ ਹੈ। ਇਹ ਸਥਿਤੀ ਬ੍ਰਾਹਮਣਿਕ ਸਾਂਸਕ੍ਰਿਤੀ ਵਲੋਂ ਠੋਸਿਆ ਅਮਾਨਵੀ ਵਰਤਾਰਾ ਹੈ। ਇਸ ਅਨੁਸਾਰ ਚੌਥਾ ਵਰਣ ਅਤੇ ਵਰਣ ਵਿਵਸਥਾ ਤੋਂ ਬਾਹਰਲੇ ਅਛੂਤ ਜਦੋਂ ਤੱਕ ਗਿਆਨ ਤੋਂ ਕੋਰੇ ਹੋਣਗੇ ਉਸ ਸਮੇਂ ਤੱਕ ਉਹ ਆਪਣੇ ਆਪ ਨੂੰ ਹੀਣੇ ਸਮਝਣਗੇ ਅਤੇ ਉਪਰਲੇ ਵਰਣਾ ਦੀ ਚਾਕਰੀ ਵਿਚ ਲੱਗੇ ਰਹਿਣਗੇ। ਇਸ ਲਈ ਸਵਰਨ ਜਾਤੀਆਂ ਯਥਾ-ਸਥਿਤੀ ਨੂੰ ਪੱਕਾ ਕਰਨ ਉਤੇ ਲੱਗੀ ਹੋਈਆਂ ਸਨ। ਜੇ ਦਲਿਤ ਸਮਾਜ ਇਸ ਸਥਿਤੀ 'ਚੋਂ ਬਾਹਰ ਆਉਣ ਲਈ ਪੜ੍ਹਾਈ ਦੇ ਮਹੱਤਵ ਨੂੰ ਸਮਝਣ ਲੱਗ ਪਿਆ ਸੀ ਤਾਂ ਉਹ ਇਸ ਗੱਲ ਉਤੇ ਚਿੰਤਾ ਜ਼ਾਹਿਰ

ਕਰਦੇ ਸਨ। ਇਹ ਸਥਿਤੀ ਨਾਵਲੀ ਬਿਰਤਾਂਤ ਵਿਚੋਂ ਵਾਰ ਵਾਰ ਉਭਰਦੀ ਹੈ। "ਜਿਥੋਂ ਤੱਕ ਮੈਨੂੰ ਯਾਦ ਹੈ, ਹੁਣ ਵਾਂਗ ਉਸ ਵਕਤ ਵਰਣ-ਧਰਮ ਤੋਂ ਬਾਹਰ ਦੇ ਲੋਕ ਪੜ੍ਹਾਈ ਦੀ ਵੁੱਕਤ ਸਮਝਣ ਲੱਗ ਪਏ ਸਨ। ਉਹ ਸਕੂਲਾਂ ਦੇ ਮਾਸਟਰਾਂ ਵਲੋਂ ਧਾਰਮਕ ਕੱਟੜਤਾ ਦੀ ਪਾਲਣਾ, ਜਾਤ ਪਾਤ, ਛੂਤਛਾਤ ਭਿੱਟ, ਤਾਅਨੇ-ਮਿਹਣੇ, ਟਿੱਚਰਾਂ-ਟਾਂਚਾ ਤੇ ਬੇਇੱਜ਼ਤੀ, ਬਰਦਾਸ਼ਤ ਕਰਦੇ ਹੋਏ ਹੀਲੇ-ਵਸੀਲੇ ਨਿਆਣਿਆ ਨੂੰ ਪੜ੍ਹਾਉਣਾ ਚਾਹੁੰਦੇ ਸਨ। ਬੁੱਢੇ-ਬਜ਼ੁਰਗ ਗੱਲਾਂ ਕਰਦੇ ਕਿ ਕੁਦਰਤ ਨੇ ਸਾਰਿਆਂ ਦੇ ਸਰੀਰਾਂ ਦੇ ਅੰਗ ਇਕੋ ਜਿੰਨੇ ਲਾਏ ਤੇ ਦਿਮਾਗ ਖੋਪਰੀ 'ਚੋਂ ਪਾਇਆ ਹੋਇਆ। ਇਹਦੇ ਨਾਲ ਹੀ ਮੇਰੇ ਬਾਬੇ ਦੀ ਸੋਚ ਦੇ ਵਿਰੁੱਧ ਰਾਜਪੂਤਾਂ ਸਣੇ ਬ੍ਰਾਹਮਣਾਂ ਦੇ ਦੋ ਘਰ ਉਹਨਾਂ ਨਾਲ ਬਦਖੋਹੀ ਕਰਦੇ ਕਿ ਅਛੂਤ ਸਾਡੀਆਂ ਰੀਸਾਂ ਕਰਨ ਲੱਗ ਪਏ ਹਨ। ਉਹ ਬਿਨਾਂ ਝਿਜਕ ਸ਼ਰੇਆਮ ਕਹਿੰਦੇ, "ਜੇ ਇਹ ਲਾਣਾ ਪੜ੍ਹ ਗਿਆ ਤਾਂ ਸਾਡਾ ਕੰਮ-ਧੰਦਾ ਤੇ ਖੇਤਾਂ 'ਚੋ ਕੰਮ ਕੌਣ ਕਰੂਗਾ ? ਅਸੀਂ ਚੰਦਰਵੰਸ਼ੀ ਰਾਜਪੂਤ ਰਾਜੇ ਹੁੰਦੇ ਆਂ।..."[2] ਇਹ ਜਾਤੀ ਹੰਕਾਰ ਭਾਰਤੀ ਸਾਂਸਕ੍ਰਿਤੀ ਦਾ ਮਹੱਤਵਪੂਰਨ ਹਿੱਸਾ ਹੈ। ਇਹ ਸਿਰਫ਼ ਸਵਰਨਾਂ ਤਕ ਹੀ ਸੀਮਤ ਨਹੀਂ, ਇਹ ਤਿੰਨੇ ਵਰਣਾਂ ਦੇ ਨਾਲ-ਨਾਲ ਦਲਿਤਾਂ ਦੀਆਂ ਸਫ਼ਾਂ ਵਿਚ ਵੀ ਮੌਜੂਦ ਹੈ। ਉਚ-ਨੀਚ ਇਸ ਸਾਂਸਕ੍ਰਿਤੀ ਦਾ ਹਿੱਸਾ ਹੈ। ਸਵਰਨ ਜਾਤੀਆਂ ਦੀ ਇਸ ਪ੍ਰਭੂਸੱਤਾ ਨੂੰ ਉੱਤਰੀ ਭਾਰਤ ਵਿਚ ਰਾਜਪੂਤਾਂ ਨੇ ਲਾਗੂ ਕੀਤਾ। ਉਹ ਜ਼ਮੀਨ ਉਤੇ ਕਾਬਜ਼ ਹੋਣ ਕਰਕੇ ਤਾਕਤ ਰਾਹੀਂ ਸੱਤਾ ਨੂੰ ਕੰਟਰੋਲ ਕਰਦੇ ਸਨ। ਇਸ ਤਰ੍ਹਾਂ ਉਹਨਾਂ ਨੇ ਆਪਣੇ ਅਤੇ ਨੀਵੀਂ ਜਾਤੀਆਂ ਲਈ ਸਮਾਜਿਕ ਨਿਯਮ ਸਥਾਪਿਤ ਕਰ ਲਏ। ਸਦੀਆਂ ਤੱਕ ਦਲਿਤ ਇਸ ਨੂੰ ਆਪਣੀ ਹੋਣੀ ਸਵੀਕਾਰ ਕਰਦੇ ਰਹੇ। ਮੱਧਕਾਲ ਵਿਚ ਸ਼ੁਰੂ ਹੋਇਆ ਵਿਰੋਧ ਆਧੁਨਿਕ ਯੁੱਗ ਵਿਚ ਪਹੁੰਚ ਕੇ ਜਨ-ਮਾਨਸ ਦੀ ਚੇਤਨਾ ਦਾ ਹਿੱਸਾ ਬਣ ਗਿਆ। ਇਸੇ ਲਈ ਇਸ ਨਾਵਲੀ ਬਿਰਤਾਂਤ ਵਿਚ ਦਾਦੀ ਇਸ ਸ਼ੋਸਣ ਦੀ ਕਥਾ ਨੂੰ ਪੀੜ੍ਹੀਆਂ ਤੱਕ ਪਹੁੰਚਾਉਂਦੀ ਹੈ। ਬਲਬੀਰ ਮਾਧੋਪੁਰੀ ਇਸ ਵਰਤਾਰੇ ਦੀਆਂ ਬਰੀਕ ਤੰਦਾਂ ਨੂੰ ਹੀ ਨਹੀਂ ਫੜ੍ਹਦਾ ਸਗੋਂ ਵਿਵਸਥਾ ਵਿਚ ਪਏ ਅਮਾਨਵੀ ਵਰਤਾਰਿਆਂ ਨੂੰ ਵੀ ਸਿਰਜਣਕਾਰੀ ਦਾ ਹਿੱਸਾ ਬਣਾਉਂਦਾ ਹੈ। ਇਹ ਉਹ ਸਥਿਤੀਆਂ ਹਨ ਜਿਨ੍ਹਾਂ ਵਿਚੋਂ ਵਿਦਰੋਹੀ ਚੇਤਨਾ ਆਪਣਾ ਸਰੂਪ ਗ੍ਰਹਿਣ ਕਰਦੀ ਹੈ। ਨਾਵਲਕਾਰ ਇਸ ਦ੍ਰਿਸ਼ਟੀ ਦੇ ਵਾਹਨ ਸੰਗਤੀਏ, ਬਚਨੀ ਜਾਂ ਮੰਗੂ ਰਾਮ ਦੇ ਭਾਸ਼ਣਾਂ ਨੂੰ ਬਣਾਉਂਦਾ ਹੈ। ਇਹ ਤਿੰਨੇ ਇਸ ਸਥਿਤੀ ਦੇ ਭੋਗੀ ਹਨ। ਚੇਤਨ ਅਤੇ ਸੰਵੇਦਨਸ਼ੀਲ ਹੋਣ ਕਰਕੇ ਉਹ ਸਾਰੇ ਵਰਤਾਰੇ ਨੂੰ ਸਮਝਦੇ ਅਤੇ ਅਮਾਨਵੀ ਵਰਤਾਰੇ ਨੂੰ ਸ਼ਿਦਤ ਨਾਲ ਮਹਿਸੂਸ ਕਰਦੇ ਹਨ। "ਦਾਦੀ ਦੀ ਅਕੱਥ-ਕਥਾ ਸ਼ਾਮ ਪੈ ਰਹੇ ਨ੍ਹੇਰੇ ਵਾਂਗ ਲਗਾਤਾਰ ਜਾਰੀ ਸੀ। ਸ਼ਾਇਦ ਉਹ ਮੇਰੀ ਮਾਂ ਨੂੰ ਦੱਸਣ-ਸੁਣਾਉਣ ਦੇ ਮਣਸ਼ੇ ਨਾਲ ਉਹਦੇ ਵੱਲ ਦੇਖਦੀ ਹੋਈ ਆਖਣ ਲੱਗੀ, "ਧੁਆਨੂੰ ਪਤਾ ਆ ਪਈ ਆਪਣੀ ਛੰਨ ਬੱਝਵੇਂ ਪਿੰਡ ਤੋਂ ਰਤਾ ਹਟਵੀਂ ਤੇ ਉੱਚੇ ਥਾਂ ਆ। ਕਿਤੇ ਥੋੜ੍ਹਾ ਬਖੇੜਾ ਕੀਤਾ ਸੀ ਇਨ੍ਹਾਂ ਬੇਰਹਿਮੀਆਂ ਨੇ.....ਅਖੇ ਤੁਸੀਂ ਉੱਚੇ ਤੇ ਚੜ੍ਹਦੇ ਵਲ ਦੇ ਪਾਸੇ ਛੰਨ ਕਿਉਂ ਪਾਈ ਆ।....ਤੇ ਸਾਡੇ ਵਿਹੜੇ ਦੇ ਘਰਾਂ ਵਿਚਲੇ ਵਿਹੜਿਆਂ 'ਚੋਂ ਪੁੱਤਾਂ ਵਾਂਗੂੰ ਪਾਲੇ ਰੁੱਖਾਂ ਨੂੰ ਮੱਲੋਜ਼ੋਰੀ ਵੱਢ ਕੇ ਲੈ ਜਾਂਦੇ ਆ, ਅਖੇ ਘਰ ਵਾਲੀ ਥਾਂ 'ਤੇ ਥੁਆਡਾ ਸਿਰਫ਼ ਕਬਜ਼ਾ, ਮਾਲਕੀ ਤਾਂ ਸਾਡੀ ਆ।"

ਸਵੇਰ ਦੇ ਰੁਕ-ਰੁਕ ਕੇ ਪਏ ਛਰਾਟਿਆਂ ਵਾਂਗ ਉਹ ਫਿਰ ਬੋਲੀ, "ਵਿਆਹਾਂ 'ਚੋਂ ਸਾਡੇ ਗਰੀਬ-ਗੁਰਬਿਆਂ ਨੂੰ ਪੱਕੀ ਰੋਟੀ ਪਾਉਣ ਤੋਂ ਮਨਾਹੀ ਆ, ਬਾਜਾ ਨਈਂ ਵਜਾਉਣ

ਦਿੰਦੇ ਤੇ ਆਪ ਸਾਡੇ ਕਿਸੇ ਬੰਦੇ ਦੀ ਪਿੱਠ ਤੇ ਢੋਲ-ਨਗਾਰਾ ਬੰਨ੍ਹ ਕੇ ਉਹਨੂੰ ਬਜਾਉਂਦੇ ਆ। ਆਪਣੀਆਂ ਧੀਆਂ ਨੂੰ ਡੋਲੀ 'ਚੋਂ ਬਿਠਾ-ਸਜਾ ਕੇ ਤੋਰਦੇ ਆ ਤੇ ਸਾਨੂੰ ਸਾਡੀ ਧੀ-ਧਿਆਣੀ ਨੂੰ ਪੀੜ੍ਹੀ 'ਤੇ ਬਠਾਲ ਕੇ ਵਿਦਾ ਕਰਨ ਨੂੰ ਮਜ਼ਬੂਰ ਕਰਦੇ ਆ।" ਪਲ ਕੁ ਮਗਰੋਂ ਭਰੇ ਮਨ ਨਾਲ ਆਖਣ ਲੱਗੀ, "ਓਦਾਂ ਇਨ੍ਹਾਂ ਨੂੰ ਸਾਡੀਆਂ ਧੀਆਂ ਭੈਣਾਂ ਤੋਂ ਭਿੱਟ ਨਈਂ ਚੜ੍ਹਦੀ....ਸ਼ਾਮਲਾਟ ਵਾਂਗ ਜਦੋਂ ਚਾਹੁਣ ਇਹਨਾਂ ਦਾ ਚੌਣਾ ਹਰਾ-ਲਵਾ ਘਾਹ ਚਰ ਜਾਏ, ਨਾ ਰਹਿਣਿਆਂ ਦਾ।"[3] ਇਸ ਸਥਿਤੀ ਨੂੰ ਪੀੜ੍ਹੀਆਂ ਭੋਗਦੀਆਂ ਹਨ। ਬਲਬੀਰ ਮਾਧੋਪੁਰੀ ਇਸ ਸਮਾਜਿਕ ਵਾਸਤਵਿਕਤਾ ਨੂੰ ਗਲਪੀ ਯਥਾਰਥ ਬਣਾ ਕੇ ਪੇਸ਼ ਕਰਦਾ ਹੈ। ਪੰਜਾਬ ਦੀ ਸਮੁੱਚੀ ਦਲਿਤ ਜੀਵਨ ਦੀ ਸਿਰਜਣਕਾਰੀ ਵਿਚ ਬਲਬੀਰ ਮਾਧੋਪੁਰੀ ਅਜਿਹਾ ਲੇਖਕ ਹੈ, ਜਿਹੜਾ ਸਮਾਜਿਕ ਯਥਾਰਥ ਦਾ ਚਿਤਰਣ ਕਰਦੇ ਹੋਏ ਸਵੈ ਦੀ ਪ੍ਰਸ਼ੰਸਾ ਤੋਂ ਮੁਕਤ ਰਹਿੰਦਾ ਹੈ। ਕਿਉਂਕਿ ਉਹ ਭਾਰਤੀ ਸਮਾਜਕ ਵਿਵਸਥਾ ਅਤੇ ਭਾਰਤੀ ਦਲਿਤ ਦੀ ਸਥਿਤੀ ਨੂੰ ਇਤਿਹਾਸਕ ਵੇਰਵਿਆਂ ਰਾਹੀਂ ਪਛਾਣਦਾ ਹੈ। ਇਹੀ ਮਾਧੋਪੁਰੀ ਨੂੰ ਪੰਜਾਬੀ ਦਲਿਤ ਲੇਖਕਾਂ ਤੋਂ ਵੱਖਰਾ ਕਰਨ ਵਾਲਾ ਤੱਥ ਹੈ। ਉਹ ਜੀਵਨ ਦੀ ਵਾਸਤਵਿਕਤਾ ਅਤੇ ਇਸ ਦੇ ਅਹਿਸਾਸ ਨੂੰ ਇਕ ਲੜੀ ਵਿਚ ਸਮਝਦਾ ਹੈ। ਨਾਵਲ ਦੇ ਪਾਤਰ ਗੋਰਾ ਅਤੇ ਗੱਜਣ ਇਸ ਸਥਿਤੀ ਨੂੰ ਉਮਰ ਦੇ ਇਕ ਪੜਾਅ ਉਤੇ ਜਾ ਕੇ ਸਮਝਣ ਲੱਗ ਜਾਂਦੇ ਹਨ। ਗੋਰਾ ਕਦਮ ਕਦਮ ਉਤੇ ਆਪਣੇ ਬਾਬੇ ਸੰਗਤੀਏ ਨਾਲ ਰਹਿੰਦਾ ਹੈ। ਉਹ ਇਕ ਪਾਸੇ ਅੱਖਰ ਗਿਆਨ ਨਾਲ ਜੁੜਿਆ ਹੋਇਆ ਹੈ ਦੂਜੇ ਪਾਸੇ ਆਪਣੇ ਬਾਬੇ ਸੰਗਤੀਏ ਦੇ ਸਾਥ ਵਿਚ ਰਹਿੰਦਾ ਹੈ। ਨਾਵਲਕਾਰ ਇਕ ਬੱਚੇ ਦੇ ਪ੍ਰੌੜ ਅਵਸਥਾ ਵਿਚ ਪਹੁੰਚਣ ਦੇ ਵਰਤਾਰੇ ਨੂੰ ਗਲਪੀ ਬਿਰਤਾਂਤ ਦਾ ਹਿੱਸਾ ਬਣਾਉਣਾ ਹੈ। ਨਾਵਲ ਦਾ ਸਮੁੱਚਾ ਬਿਰਤਾਂਤਕ ਢਾਂਚਾ ਗੋਰੇ ਪਾਤਰ ਦੇ ਅਨੁਭਵ ਦੁਆਲੇ ਸਿਰਜਿਆ ਹੈ। ਗੋਰਾ ਅਤੇ ਗੱਜਣ ਆਪਣੇ ਜੀਵਨ ਅਨੁਭਵ ਦੇ ਅਧਾਰ ਉਤੇ ਆਪਣੀ ਮੁਕਤੀ ਦਾ ਨਿਸ਼ਾਨਾ ਮਿੱਥਦੇ ਹਨ। "ਗੱਜਣ ਅਤੇ ਮੈਂ ਸਕੂਲਾਂ, ਮਾਸਟਰਾਂ, ਕਿਤਾਬਾਂ, ਵਰਦੀਆਂ ਤੇ ਨਾਲ ਪੜ੍ਹਦੇ ਜੱਟਾਂ, ਰਾਜਪੂਤਾਂ ਤੇ ਮੁਸਲਮਾਨ ਰਾਜਪੂਤਾਂ ਦੇ ਮੁੰਡਿਆਂ ਦੇ ਰਵੱਈਏ, ਜਾਤਾਂ, ਛੂਤ ਤੇ ਭਿੱਟ ਦੀ ਬਦਖੋਈ ਕਰਦੇ ਰਹੇ। ਮੈਨੂੰ ਮੰਗੂ ਰਾਮ ਅਤੇ ਆਪਣੇ ਬਾਬੇ ਦਾ ਆਖਿਆ ਮੁੜ-ਮੁੜ ਚੇਤੇ ਆਇਆ ਕਿ ਜ਼ਾਤ ਦਾ ਹੰਕਾਰ-ਮਨ ਦਾ ਰੋਗ ਸਾਰੇ ਹਿੰਦੁਸਤਾਨ ਵਿਚ ਫੈਲਿਆ ਹੋਇਆ ਹੈ। ਉਨ੍ਹਾਂ ਲਈ ਦਾਬਾ, ਧੌਂਸ ਤੇ ਖਹਿਬੜਬਾਜ਼ੀ ਜ਼ਿੰਦਗੀ 'ਚ ਸਾਹਾਂ ਵਾਂਗ ਅਹਿਮ ਬਣੀ ਹੋਈ ਹੈ। ਇਹ ਵੀ ਚੇਤੇ ਆਇਆ ਕਿ ਉਹ ਸਭ ਕੁਝ ਬਰਦਾਸ਼ਤ ਕਰਦੇ ਹੋਏ ਆਪਾਂ ਆਪਣੇ ਨਿਸ਼ਾਨੇ ਨੂੰ ਹਾਸਲ ਕਰਨਾ ਹੈ। ਜਿਵੇਂ ਬੰਗਲਾ ਧਿਆਨ ਅਤੇ ਧੀਰਜ ਨਾਲ ਆਪਣਾ ਸ਼ਿਕਾਰ ਕਰਦਾ ਹੈ। ਸਾਡਾ ਨਿਸ਼ਾਨਾ ਹੈ; ਪੜ੍ਹਨਾ-ਲਿਖਣਾ ਕਿ ਪੜ੍ਹਾਈ ਨਾਲ ਬੰਦੇ ਦੀ ਬਿਰਤੀ-ਪਰਵਿਰਤੀ ਬਦਲ ਜਾਂਦੀ ਹੈ, ਉਹ ਇਨਸਾਨੀਅਤ ਦਾ ਪਹਿਰੇਦਾਰ ਹੋ ਜਾਂਦਾ ਹੈ।"[4]

ਬਲਬੀਰ ਮਾਧੋਪੁਰੀ ਭਾਰਤੀ ਸਮਾਜ ਦੀ ਵਾਸਤਵਿਕ ਵਿਹਾਰਕ ਸਥਿਤੀ ਨੂੰ ਹੀ ਗਲਪੀ ਬਿਰਤਾਂਤ ਦਾ ਅਧਾਰ ਨਹੀਂ ਬਣਾਉਂਦਾ, ਉਹ ਭਾਰਤੀ ਸਾਂਸਕ੍ਰਿਤੀ ਨੂੰ ਨਿਆਸੰਗਤ ਠਹਿਰਾਉਣ ਵਾਲੇ ਦਸਤਾਵੇਜ਼ ਦੇ ਹਵਾਲੇ ਨਾਲ ਇਹ ਸਥਾਪਿਤ ਕਰਦਾ ਹੈ ਕਿ ਭਾਰਤੀ ਦਰਸ਼ਨ ਵਿਚ ਸਿਮਰਤੀਆਂ ਇਸ ਅਮਾਨਵੀ ਵਿਹਾਰ ਨਾਲ ਜੁੜੇ ਵਰਤਾਰੇ ਨੂੰ ਗ੍ਰੰਥਾਂ ਦਾ ਹਵਾਲਾ ਦੇ ਕੇ ਲੋਕਾਂ ਦੇ ਵਿਸ਼ਵਾਸ ਨਾਲ ਜੋੜਦੀਆਂ ਹਨ। ਅਸਲ ਵਿਚ ਇਹ ਧਾਰਮਿਕ ਮੁਹਾਵਰੇ ਵਾਲੇ ਦਸਤਾਵੇਜ਼ ਆਰੀਅਨ ਜਾਤੀ ਦੀ ਉੱਚਤਾ ਦੀ ਸਥਾਪਤੀ ਦਾ ਦਸਤਾਵੇਜ਼ ਹਨ। ਹੁਣ ਤੱਕ

ਆਰੀਅਨ ਦਸਤਾਵੇਜ਼ ਆਰੀਅਨ ਲੋਕਾਂ ਦੀ ਪ੍ਰਭੂਸੱਤਾ ਦੀ ਸਥਾਪਤੀ ਨੂੰ ਗ੍ਰੰਥਾਂ ਦਾ ਸਹਾਰਾ ਲੈ ਕੇ ਤਰਕਸੰਗਤ ਬਣਾਉਂਦੇ ਸਨ ਪਰੰਤੂ ਹੜੱਪੀ ਸਭਿਅਤਾ ਦੀ ਖੋਜ ਨੇ ਕਈ ਹੋਰ ਤੱਥਾਂ ਵਲ ਇਸ਼ਾਰਾ ਕੀਤਾ ਹੈ। ਭਾਵੇਂ ਇਸ ਸਭਿਅਤਾ ਦੇ ਜਿਊਣ ਢੰਗ ਦੇ ਸੰਦਾਂ ਦੇ ਹਵਾਲੇ ਤਾਂ ਮਿਲਦੇ ਹਨ ਪਰੰਤੂ ਕੋਈ ਲਿਖਤੀ ਦਸਤਾਵੇਜ਼ ਉਸ ਸਭਿਅਤਾ ਦਾ ਸਾਹਮਣੇ ਨਹੀਂ ਆਇਆ। ਕੁਝ ਸਮਾਜ ਵਿਗਿਆਨੀ ਹੜੱਪੀ ਸਭਿਅਤਾ ਦੀ ਪੂਜਾ ਪੱਧਤੀ, ਜੀਵਨ-ਜਾਂਚ ਅਤੇ ਰਹਿਣ ਸਹਿਣ ਦੇ ਵੱਖਰੇਪਣ ਵਲ ਇਸ਼ਾਰਾ ਕਰਦੇ ਹਨ। ਮਾਧੋਪੁਰੀ ਆਰੀਅਨ ਦਰਸ਼ਨ ਪਰੰਪਰਾ ਵਿਚ ਮਨੂੰ-ਸਿਮਰਤੀ ਵਰਗੇ ਉਸ ਦਸਤਾਵੇਜ਼ ਨੂੰ ਗਲਪੀ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ ਜਿਸ ਨੇ ਵਰਣ ਨੂੰ ਜਾਤੀ ਅਤੇ ਜਾਤੀ ਨੂੰ ਜਨਮ ਦੇ ਵਰਤਾਰੇ ਨਾਲ ਜੋੜਿਆ ਹੈ। "ਭੁੱਲਿਆ, ਸਮਾਜਕ ਕਾਨੂੰਨਾਂ ਆਲੀ ਪੋਥੀ ਮਨੂੰ ਸਿਮਰਤੀ ਮੁਤਾਬਕ ਚਾਰ ਵਰਣ ਆ, ਬ੍ਰਾਹਮਣ, ਖੱਤਰੀ, ਬੈਸ਼ ਤੇ ਸ਼ੂਦਰ। ਸ਼ੁਰੂ-ਸ਼ੁਰੂ ਵਿਚ ਇਹ ਵਰਣ ਧਰਮ ਜਿਹਨੂੰ ਵਰਣ-ਵਿਵਸਥਾ ਕਹਿੰਦੇ ਆ- ਇਹ ਕੰਮਕਾਜ ਦੀ ਬੁਨਿਆਦ 'ਤੇ ਚੱਲਦੇ ਰਹੇ। ਸ਼ੂਦਰ ਪਹਿਲੇ ਤਿੰਨ ਵਰਣਾਂ ਦੀ ਸੇਵਾ ਲਈ।....ਮਗਰੋਂ ਇਨ੍ਹਾਂ ਕੰਮਾਂ ਨੂੰ ਜਨਮ ਨਾਲ ਜੋੜ ਕੇ ਜਾਤਪਾਤ ਦਾ ਫੈਲਾਅ ਕਰ ਦਿੱਤਾ। ਇਹਦੇ ਨਾਲ ਲੋਕਾਂ ਅੰਦਰ ਦਰਜਾਬੰਦੀ ਜ਼ਰੀਏ ਇਕ-ਦੂਜੇ ਦੇ ਖਿਲਾਫ਼ ਨਫ਼ਰਤ ਭਰੀ ਗਈ। ਸਾਨੂੰ ਬੰਦਿਆ 'ਚ ਨਈ੍ਹ ਕੁਬੰਦਿਆਂ 'ਚ ਸ਼ੁਮਾਰ ਕੀਤਾ ਗਿਆ। ਜੇ ਸੱਚ ਪੁੱਛੋਂ ਤਾਂ ਜਾਤਪਾਤ ਕਰਕੇ ਹੁਣ ਅਸੀਂ ਇਨ੍ਹਾਂ ਚੌਹਾਂ ਵਰਣਾਂ ਤੋਂ ਬਾਹਰੇ ਆਂ। ਇਹ ਸਾਨੂੰ ਅਛੂਤ ਕਹਿੰਦੇ ਆ।"[5] ਇਹ ਉਹ ਅਮਾਨਵੀ ਸਥਿਤੀ ਹੈ ਜਿਸ ਵਿਚ ਦਲਿਤ ਸਮਾਜ ਜਿਉਂਦਾ ਹੈ। ਇਸ ਸਮਾਜ ਵਿਚ ਚੇਤਨਾ ਦਾ ਅਧਾਰ ਸਥਿਤੀ ਦਾ ਅਹਿਸਾਸ ਹੈ। ਇਸ ਪੀੜਾ ਦੇ ਅਹਿਸਾਸ ਦੀਆਂ ਜੜ੍ਹਾਂ ਮਹਾਂ-ਕਾਵਿਕ ਬਿਰਤਾਂਤ ਵਿਚੋਂ ਉਭਰਦੀਆਂ ਹਨ ਪਰੰਤੂ ਉਹ ਕਸ਼ੱਤਰੀਆਂ ਦੇ ਵਰਤਾਅ ਵਿਚੋਂ ਇਕ ਧਿਰ ਦੇ ਸਹਾਇਕ ਵਜੋਂ ਹੀ ਉਭਰਨ ਵਾਲੀ ਧਿਰ ਹੈ। ਮੱਧਕਾਲ ਵਿਚ ਬ੍ਰਾਹਮਣਵਾਦ ਦੀ ਕੇਂਦਰੀ ਸੱਤਾ ਦੇ ਵਿਰੋਧ ਵਿਚ ਜਦੋਂ ਉਪ-ਕੌਮੀਅਤਾਂ ਉਭਰਨ ਲਗਦੀਆਂ ਹਨ। ਪਹਿਲੀ ਵਾਰ ਵਿਅਕਤੀ ਅਤੇ ਰੱਬ ਦੇ ਵਿਚਕਾਰੋਂ ਵਿਚੋਲੀਏ ਬ੍ਰਾਹਮਣ ਦੀ ਭੂਮਿਕਾ ਉਤੇ ਸੁਆਲ ਉਠਾਇਆ ਹੈ। ਇਹ ਸਵਾਲ ਸਮਾਜਕ ਜੀਵਨ ਵਿਚ ਜਾਤਪਾਤੀ ਪ੍ਰਬੰਧ ਉਤੇ ਉਠਣ ਲੱਗਦੇ ਹਨ। ਇਹ ਸਵਾਲ ਇਕ ਛੋਟਾ ਜਿਹਾ ਹਿੱਸਾ ਉਠਾਉਂਦਾ ਹੈ। ਆਧੁਨਿਕ ਸਮੇਂ ਵਿਚ ਸਨਅਤੀਕਰਨ ਨਾਲ ਆਈ ਚੇਤਨਾ ਨੇ ਇਹਨਾਂ ਸਵਾਲਾਂ ਨੂੰ ਆਮ ਲੋਕਾਂ ਵਿਚ ਲਿਆ ਖੜ੍ਹਾ ਕੀਤਾ। ਦੁਨੀਆ ਦੇ ਪਛੜੇ ਹਿੱਸਿਆਂ ਵਿਚ ਜਗੀਰਦਾਰੀ ਵਿਵਸਥਾ ਦੀ ਪਿਛਾਖੜੀ ਸੋਚ ਉਤੇ ਸਵਾਲ ਬਸਤੀਵਾਦੀ ਵਰਤਾਰੇ ਸਮੇਂ ਉਭਰੇ। ਭਾਰਤ ਵਿਚ ਦਲਿਤ ਦਾ ਸਵਾਲ ਕੌਮੀ ਮੁਕਤੀ ਅੰਦੋਲਨ ਦੇ ਸਮੇਂ ਉਭਰਿਆ। ਇਸ ਦੇ ਕਾਰਨ ਸਿੱਖਿਆ ਦੇ ਸੰਸਥਾਈ ਰੂਪ ਵਿਚ ਮੌਜੂਦ ਸਨ। ਲੜਕੀਆਂ ਅਤੇ ਦਲਿਤਾਂ ਦੀ ਸਿੱਖਿਆ ਦਾ ਸਵਾਲ ਇਸ ਸਮੇਂ ਹੀ ਉਭਰ ਕੇ ਸਾਹਮਣੇ ਆਉਂਦਾ ਹੈ। ਜੋਤਿਬਾ ਫੂਲੇ ਅਤੇ ਸਵਿਤਰੀ ਫੂਲੇ ਨੇ ਔਰਤਾਂ ਵਿਚ ਸਿੱਖਿਆ ਨੂੰ ਲੈ ਕੇ ਜ਼ੋਰਦਾਰ ਕੰਮ ਕੀਤਾ। ਡਾ. ਭੀਮ ਰਾਓ ਅੰਬੇਦਕਰ ਨੇ ਦਲਿਤ ਮੁਕਤੀ ਲਈ ਲੰਮਾ ਸੰਘਰਸ਼ ਹੀ ਨਹੀਂ ਕੀਤਾ ਸਗੋਂ ਦਲਿਤ ਸਮੱਸਿਆ ਅਤੇ ਉਸਦੀ ਮੁਕਤੀ ਨੂੰ ਲੈ ਕੇ ਵੱਡੇ ਸਵਾਲ ਉਠਾਏ। ਮੰਗੂ ਰਾਮ ਗਦਰੀ ਲਹਿਰ ਦੇ ਰਾਹੀਂ ਰਾਜਨੀਤੀ ਵਿਚ ਪ੍ਰਵੇਸ਼ ਕਰਦਾ ਹੈ ਅਤੇ ਇਸ ਲਈ ਆਮ ਜਨਤਾ ਖ਼ਾਸ ਕਰ ਦਲਿਤਾਂ ਨੂੰ ਲਾਮਬੰਦ ਕਰਦਾ ਹੈ। ਉਹ ਇਸ ਸੰਘਰਸ਼ ਦਾ ਸਿਧਾਂਤਕ ਅਧਾਰ ਤਿਆਰ ਕਰਦਾ ਹੈ। ਇਸੇ ਸਿਧਾਂਤ ਦੇ ਸਿਰ ਉਤੇ ਦਲਿਤ ਰਾਜਸੀ ਚੇਤਨਾ

ਵਾਲੀ ਜਥੇਬੰਦੀ ਸਾਹਮਣੇ ਆਉਂਦੀ ਹੈ। ਇਸ ਦੇ ਪ੍ਰਚਾਰ ਲਈ 'ਆਦਿ ਡੰਕਾ' ਅਖ਼ਬਾਰ ਕੱਢਿਆ ਜਾਂਦਾ ਹੈ। ਇਸ ਨਾਲ ਆਦਿ ਧਰਮ ਮੰਡਲ ਜਥੇਬੰਦੀ ਦਾ ਗਠਨ ਹੁੰਦਾ ਹੈ। ਨਾਵਲ ਵਿਚ ਇਸ ਸਿਧਾਂਤ, ਜਥੇਬੰਦੀ ਅਤੇ ਦਲਿਤ ਚੇਤਨਾ ਦੇ ਫੈਲਾਅ ਵਿਚ ਗੋਰੇ ਦੇ ਬਾਬੇ ਸੰਗਤੀਏ ਦੀ ਮੁੱਖ ਭੂਮਿਕਾ ਹੈ। ਲੋਕਾਂ ਨੂੰ ਲਾਮਬੰਦ ਕਰਨ ਲਈ ਸਾਹਿਤ, ਸੰਗੀਤ ਅਤੇ ਗਾਇਕੀ ਦਾ ਸਹਾਰਾ ਲਿਆ ਜਾਂਦਾ ਹੈ। ਇਸ ਜਥੇਬੰਦੀ ਦੇ ਨਿਸ਼ਾਨੇ ਨੂੰ ਇਹਨਾਂ ਸਤਰਾਂ ਰਾਹੀਂ ਸਮਝਿਆ ਜਾ ਸਕਦਾ ਹੈ:-

ਆਦ ਧਰਮੀਓ ਸ਼ੇਰ ਜੁਆਨ ਵੀਰੋ, ਜਥੇਬੰਦੀਆਂ ਖੂਬ ਤਿਆਰ ਕਰ ਲਓ
ਜਿਥੇ ਸੁਣੋ ਤਕਲੀਫ਼ ਬਰਾਦਰੀ ਤੇ, ਉਥੇ ਮੋਰਚੇ ਲਾ ਕੇ ਸੁਧਾਰ ਕਰ ਲਓ

ਇਸੇ ਤਰ੍ਹਾਂ ਨਾਵਲਕਾਰ ਮੰਗੂ ਰਾਮ ਦੇ ਭਾਸ਼ਣਾਂ ਨੂੰ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ। ਇਸ ਬਿਰਤਾਂਤਕ ਹਿੱਸੇ ਰਾਹੀਂ ਉਹ ਦਲਿਤਾਂ ਦੀ ਸਥਿਤੀ ਅਤੇ ਉਹਨਾਂ ਦੀ ਮੁਕਤੀ ਵਲ ਇਸ਼ਾਰਾ ਕਰਦਾ ਹੈ। ਮਾਧੋਪੁਰੀ ਨਾਵਲ ਵਿਚ ਸੰਗਤੀਆ ਆਪਣੇ ਬਾਬੇ ਰਾਹੀਂ ਮੰਗੂ ਰਾਮ ਦੀ ਸੋਚ ਅਤੇ ਵਿਅਕਤਿਤਵ ਨੂੰ ਪੇਸ਼ ਕਰਦਾ ਹੈ। ਘਟਨਾਵਾਂ ਅਤੇ ਵਿਚਾਰ ਰਾਹੀਂ ਚਿੰਤਨ ਨੂੰ ਇਕ ਦੂਜੇ ਦੇ ਪੂਰਕ ਬਣਾ ਕੇ ਪੇਸ਼ ਕਰਦਾ ਹੈ। ਉਹ ਇਤਿਹਾਸ ਅਤੇ ਸਮਾਜਿਕ ਵਿਗਿਆਨ ਵਿਚੋਂ ਗਲਪੀ ਤਰਕ ਦੀ ਸਿਰਜਣਾ ਕਰਦਾ ਹੈ। ਉਹ ਤਕਰੀਰ ਨੂੰ ਵੀ ਭਾਸ਼ਣੀ ਪੜਾਵਾਂ ਵਿਚ ਵੰਡ ਕੇ ਪੇਸ਼ ਕਰਦਾ ਹੈ। ਇਸ ਵਿਚੋਂ ਵਕਤਾ ਦਾ ਇਕ ਬਿੰਬ ਵੀ ਸਥਾਪਿਤ ਹੁੰਦਾ ਅਤੇ ਬੋਲਣ ਵਾਲੇ ਦਾ ਸਰੋਤੇ ਨਾਲ ਰਾਬਤਾ ਬਣਦਾ ਹੈ। ਇਸ ਲਈ ਨਾਵਲਕਾਰ ਭਾਸ਼ਣ ਕਰਤਾ ਦੇ ਨਾਲ ਸਰੋਤਿਆਂ ਦੇ ਹਾਵ ਭਾਵ ਨੂੰ ਵੀ ਚਿਤਰਦਾ ਹੈ। ਇਸ ਤਰ੍ਹਾਂ ਉਹ ਇਕ ਚਿੱਤਰ ਪੇਸ਼ ਕਰਦਾ ਹੈ। "ਸਾਥੀਓ ਧੁਆਡੀ ਬਗਾਰ ਜੋ ਸੈਂਕੜੇ ਸਾਲ ਪਹਿਲਾਂ ਸ਼ੁਰੂ ਹੋਈ, ਉਸ ਤੋਂ ਅਸੀਂ ਨਜ਼ਾਤ ਪਾਉਣੀ ਆ। ਅਸੀਂ ਹਿੰਦੂਆਂ ਸਿੱਖਾਂ ਤੇ ਮੁਸਲਮਾਨਾਂ ਵਾਂਗ ਬਰਾਬਰ ਦੇ ਹਕੂਕ ਹਾਸਲ ਕਰਨੇ ਆਂ। ਹੁਣ ਅਸੀਂ ਆਪਣੀ ਕੌਮ ਨੂੰ ਇਨ੍ਹਾਂ ਦਾ ਖ਼ਾਜਾ (ਖੁਰਾਕ) ਨਹੀਂ ਬਣਨ ਦੇਣਾ। ਇੰਤਕਾਲੇ ਆਰਜ਼ੀ ਐਕਟ ਨੂੰ ਖ਼ਤਮ ਕਰਾਉਣਾ ਜਿਹਦੇ ਕਰਕੇ ਅਸੀਂ ਅੱਜ ਆਪਣੇ ਪੈਸਿਆਂ ਨਾਲ ਘਰ ਪਾਉਣ ਜੋਗੀ ਜ਼ਮੀਨ ਵੀ ਨਹੀਂ ਖ਼ਰੀਦ ਸਕਦੇ। ਅਸੀਂ ਇਸ ਮੁਲਕ ਦੇ ਅਸਲੀ ਬਸ਼ਿੰਦਿਆਂ ਦੀ ਔਲਾਦ ਹਾਂ। ਅਸੀਂ ਇਸ ਮੁਲਕ ਦੇ ਮਾਲਕ ਹਾਂ। ਪਰ ਆਰੀਆ ਲੋਕਾਂ ਨੇ ਆਪਣੀਆਂ ਸੁਆਰਥੀ ਕੁਚਾਲਾਂ ਨਾਲ ਸਾਨੂੰ ਜਾਤਪਾਤ ਤੇ ਛੂਤਛਾਤ ਦੇ ਕੋਹੜ ਜ਼ਰੀਏ ਪਸ਼ੂਆਂ ਤੋਂ ਬਦਤਰ ਬਣਾਇਆ। ਇਹ ਸਾਡੀ ਕੌਮ ਲਈ ਲਾਹਨਤ ਆ। ਸਾਰੇ ਸਮਾਜ 'ਤੇ ਕਲੰਕ ਆ। ਇਸ ਸਮਾਜ ਨੂੰ ਲੱਗਾ ਘੁਣ ਆ....ਸੱਚ ਕਹਾਂ ਤਾਂ ਅਸੀਂ ਤੇਹਰੀ ਗੁਲਾਮੀ ਢੋਅ ਰਹੇ ਹਾਂ, ਇਕ ਹਿੰਦੂ ਸਮਾਜ ਦੀ, ਦੂਜੀ ਹਿੰਦੂ ਰਾਜਿਆਂ ਦੀ ਤੇ ਤੀਜੀ ਅੰਗਰੇਜ਼ ਹਕੂਮਤ ਦੀ...ਜਾਗੋ ਮੇਰੇ ਵੀਰੋ, ਇਕੱਠੇ ਹੋਵੋ, ਆਪਣੀ ਵੱਡੀ ਤਾਦਾਦ ਸਦਕਾ ਆਪਣੀ ਤਾਕਤ ਨੂੰ ਸਮਝੋ।"[6] ਬਲਬੀਰ ਮਾਧੋਪੁਰੀ ਮੰਗੂ ਰਾਮ ਦੇ ਵਿਚਾਰ ਦੇ ਨਾਲ ਉਸ ਦੀ ਸ਼ਖ਼ਸੀਅਤ ਅਤੇ ਸੰਘਰਸ਼ ਦਾ ਚਿੱਤਰ ਵੀ ਉਲੀਕਦਾ ਹੈ ਕਿ ਉਹ ਕਿਵੇਂ ਗਦਰੀ ਲਹਿਰ ਵਿਚ ਕੰਮ ਕਰਦੇ ਹੋਏ ਉਸਦੇ ਚਿੰਤਨ ਦਾ ਘੇਰਾ ਵਿਸ਼ਾਲ ਹੋਇਆ। ਗ਼ਦਰੀ ਲਹਿਰ ਵਿਦੇਸ਼ਾਂ ਵਿਚ ਵਸਦੇ ਹੋਏ ਦੁਨੀਆ ਭਰ ਦੇ ਸੰਘਰਸ਼ਸ਼ੀਲ ਲੋਕਾਂ ਦੇ ਸੰਘਰਸ਼ ਤੋਂ ਜਾਣੂ ਸਨ। ਇਸੇ ਲਈ ਉਹ ਭਾਰਤ ਦੀ ਗੁਲਾਮੀ ਦੇ ਕੌਮਾਂਤਰੀ ਪਰਿਪੇਖ ਨੂੰ ਜਾਣਦੇ ਸਨ। ਮੰਗੂ ਰਾਮ ਦੀ ਚੇਤਨਾ ਦਾ ਵਿਕਾਸ ਉਸੇ ਪ੍ਰਬੰਧ ਵਿਚ ਹੁੰਦਾ ਹੈ। ਮੰਗੂ ਰਾਮ ਹੜੱਪੀ ਸਭਿਅਤਾ ਦੇ ਉਸ ਸਭਿਅਕ ਮਾਡਲ ਨੂੰ ਸਾਹਮਣੇ ਰੱਖਦਾ ਸੀ। ਜਿਹੜਾ

ਖੇਤੀ ਅਤੇ ਡੰਗਰ ਚਰਾਉਣ ਵਾਲੇ ਆਰੀਆ ਤੋਂ ਹੜੱਪੀ ਸਭਿਅਤਾ ਸ਼ਹਿਰੀ ਅਤੇ ਵੱਧ ਵਿਕਸਤ ਸੀ। ਉਹ ਉਸੇ ਵਿਕਸਤ ਸਭਿਅਤਾ ਦੇ ਮਾਲਕ ਸਨ। ਆਰੀਅਨਾਂ ਨੇ ਆਦਿ ਵਾਸੀਆਂ ਦੀ ਪੈੜ ਹੀ ਨਹੀਂ ਮਿਟਾ ਦਿੱਤੀ ਸਗੋਂ ਉਹਨਾਂ ਨੂੰ ਅਸੁਰ, ਰਾਖ਼ਸ਼ਸ ਕਹਿ ਕੇ ਉਹਨਾਂ ਦੇ ਸਭਿਅਚਾਰ ਨੂੰ ਅਮਾਨਵੀ ਬਣਾ ਕੇ ਪੇਸ਼ ਕੀਤਾ। ਨਵੀਆਂ ਖੋਜਾਂ ਅਤੇ ਸੰਘਰਸ਼ ਦੀ ਨਵੀਂ ਚੇਤਨਾ ਨੇ ਆਪਣੀ ਹੋਂਦ ਦੀ ਲੜਾਈ ਨਵੇਂ ਸਿਰੇ ਤੋਂ ਆਰੰਭੀ। ਮੰਗੂ ਰਾਮ ਗਦਰ ਪਾਰਟੀ ਨਾਲ ਜੁੜੇ ਹੋਣ ਕਰਕੇ ਉਹ ਅਫ਼ਰੀਕਨਾਂ ਦੀ ਸਥਿਤੀ ਅਤੇ ਸੰਘਰਸ਼ ਨੂੰ ਜਾਣਦਾ ਸੀ। ਉਸ ਕੋਲ ਕੌਮਾਂਤਰੀ ਸੰਘਰਸ਼ ਦੀ ਚੇਤਨਾ ਸੀ। "ਮੈਂ ਜਿੰਨਾ ਚਿਰ ਅਮਰੀਕਾ ਰਿਹਾ, ਦੇਖਿਆ ਕਿ ਅਫ਼ਰੀਕੀ ਦੇਸ਼ਾਂ ਦੇ ਉਥੇ ਵਸਦੇ ਕਾਲੇ ਲੋਕ ਜਿਨ੍ਹਾਂ ਨੂੰ ਮੰਡੀਆਂ ਵਿਚ ਪਸ਼ੂਆਂ ਵਾਂਗ ਵੇਚਿਆ ਜਾਂਦਾ ਸੀ, ਉਹ ਸੰਘਰਸ਼ ਦੇ ਰਾਹ ਪਏ ਹੋਏ ਆ। ਉਹ ਆਪਣੇ ਲੋਕਾਂ ਨੂੰ ਇਕਜੁਟ ਹੋਣ, ਪੜ੍ਹਨ ਤੇ ਸੰਘਰਸ਼ ਕਰਨ ਲਈ ਹੱਲਾਸ਼ੇਰੀ ਦਿੰਦੇ ਰਹਿੰਦੇ ਆ। ਉਹ ਉਥੇ ਦੀਆਂ ਅਦਾਲਤਾਂ 'ਚੋਂ ਮੁਕੱਦਮੇ ਲੜਦੇ ਤੇ ਜਿੱਤਦੇ ਆ। ਉਹ ਵੀ ਸਾਡੇ ਵਾਂਗ ਆਪੋ-ਆਪਣੇ ਮੁਲਕਾਂ ਵਿਚ ਉਥੋਂ ਦੇ ਮੂਲ ਬਾਸ਼ਿੰਦੇ ਆ। ਉਥੇ ਉਨ੍ਹਾਂ ਨੂੰ ਫਸਟ ਨੇਸ਼ਨ ਕਹਿੰਦੇ ਆ। ਏਥੇ ਵਾਂਗ ਆਰੀਆ ਨਸਲਾਂ ਯਾਨਿ ਗੋਰਿਆਂ ਨੇ ਕਾਲਿਆਂ ਤੇ ਅਲੱਗ-ਅਲੱਗ ਮੁਲਕਾਂ ਤੋਂ ਆਏ ਮਜ਼ਦੂਰਾਂ ਉਤੇ ਜ਼ੁਲਮ ਢਾਹਿਆ ਹੋਇਆ। ਜਿੱਦਾਂ ਸਾਨੂੰ ਏਥੇ ਗੰਦੇ-ਮੰਦੇ, ਬੇਸਮਝ, ਜਾਂਗਲੀ ਤੇ ਕੰਮੀ-ਕਮੀਣ ਕਹਿ ਕੇ ਦੁਰਕਾਰਿਆ ਜਾਂਦਾ, ਉਥੇ ਵੀ ਏਹੋ ਬੋਲ-ਕੁਬੋਲ ਸੁਣਨ ਨੂੰ ਮਿਲਦੇ ਆ। ਪਰ ਉਥੇ ਕਾਲਿਆਂ ਦਾ ਇਤਫਾਕ ਬਹੁਤ ਆ, ਉਹ ਵੱਡੀਆਂ ਮੱਲਾਂ ਮਾਰ ਰਹੇ ਆ। ਉਹ ਆਪਣੇ ਮੁਲਕਾਂ ਵਿਚ ਮੁੱਠੀ ਭਰ ਰਾਜ ਕਰਦੇ ਹਾਕਮਾਂ ਨੂੰ ਲਲਕਾਰ ਰਹੇ ਆ।"[7]

ਮੰਗੂ ਰਾਮ ਦੁਆਰਾ ਫੈਲਾਈ ਚੇਤਨਾ ਬਾਬੇ ਸੰਗਤੀਏ ਰਾਹੀਂ ਆਦਿ-ਧਰਮ ਵਾਸੀਆਂ ਵਿਚ ਫੈਲਦੀ ਹੈ। ਸੰਗਤੀਆ ਵੀ ਪੜਿਆ-ਲਿਖਿਆ ਹੋਣ ਕਰਕੇ ਆਦਿ-ਧਰਮ ਮੰਡਲ ਦਾ ਚੇਤੰਨ ਕਾਰਕੁੰਨ ਹੈ। ਨਾਵਲ ਦਾ ਘਟਨਾਵੀ ਖੇਤਰ ਅਤੇ ਚੇਤਨਾ ਦੂਜੀ ਸੰਸਾਰ ਜੰਗ ਤੱਕ ਫੈਲੀ ਹੋਈ ਹੈ। ਮਾਧੋਪੁਰੀ ਇਸ ਚੇਤਨਾ ਦੇ ਕਈ ਪਾਸਾਰਾਂ ਨੂੰ ਦਲਿਤ ਭਾਈਚਾਰੇ ਤੋਂ ਬਾਹਰ ਵੱਲ ਨੂੰ ਫੈਲਾਉਂਦਾ ਹੈ। ਪਹਿਲਾ ਬਿਰਤਾਂਤ ਵਿਚ ਭਗਤ ਸਿੰਘ ਦਾ ਹਵਾਲਾ ਨਾਵਲਕਾਰ ਦੀ ਤਰਕਸ਼ੀਲ ਚੇਤਨਾ ਦਾ ਪ੍ਰਮਾਣ ਹੈ। ਦੂਜਾ ਉਹ ਦੂਜੇ ਸੰਸਾਰ ਜੰਗ ਦੇ ਸਮੇਂ ਦੀ ਸਥਿਤੀ ਅਤੇ ਸੋਵੀਅਤ ਰੂਸ ਜੰਗ ਵਿਚਲੀ ਪੋਜੀਸ਼ਨ ਨੂੰ ਪੇਸ਼ ਕਰਦਾ ਹੈ। ਦੂਜੀ ਸਥਿਤੀ ਸੰਗਤੀਏ ਦੀ ਆਰਥਿਕਤਾ ਵਿਚੋਂ ਵਿਕਸਤ ਹੁੰਦੀ ਹੈ। ਇਸ ਵਿਚ ਇਕ ਪਾਸੇ ਜੰਗ ਦੀ ਭਿਆਨਕ ਸਥਿਤੀ ਹੈ, ਦੂਜੇ ਪਾਸੇ ਰੋਜ਼ਗਾਰ ਫੈਲਣ ਦੇ ਨਵੇਂ ਵਸੀਲੇ ਪੈਦਾ ਹੋ ਰਹੇ ਹਨ। ਇਹ ਗੱਲ ਸੰਗਤੀਏ ਪਾਤਰ ਨੂੰ ਆਦਰਸ਼ ਤੋਂ ਤੋੜ ਕੇ ਯਥਾਰਥ ਦੀ ਪੱਧਰ ਉਤੇ ਲਿਆ ਖੜ੍ਹਾ ਕਰਦੀ ਹੈ। ਹੋ ਸਕਦਾ ਇਹ ਗਲਪੀ ਵਰਤਾਰਾ ਨਾਵਲ ਦੀ ਸਿਰਜਣਕਾਰੀ ਵਿਚ ਅਸਹਿਜ ਹੋਵੇ ਪਰੰਤੂ ਗਲਪੀ ਤਰਕ ਵਿਚ ਫਿੱਟ ਬੈਠਦਾ ਹੈ, "ਬਚਨੀਏ ਇਹ ਲੜਾਈਆਂ, ਭੜਾਈਆਂ ਕਿਹੜੇ ਸਾਡੇ ਹੱਥ ਵੱਸ ਆ। ਧਰਮਾਂ, ਨਸਲਾਂ, ਜਾਤਾਂ ਦੇ ਨਾਂ ਤੇ ਹਕੂਮਤਾਂ ਏਹੋ ਜਿਹੀਆਂ ਛਿੱਦਰਾਂ ਛੇੜਦੀਆਂ ਰਹਿੰਦੀਆਂ ਤੇ ਮੈਂ ਦੱਸਣ ਲੱਗਾ ਸੀ ਪਈ ਲਲਵਾਣ 'ਚੋਂ ਆਪਣੇ ਏਨੇ ਆਲੇ ਕਾਰੀਗਰ ਫੌਜੀ ਬੂਟਾਂ, ਲੱਕ ਦੀਆਂ ਪੇਟੀਆਂ, ਫੌਜ ਦੇ ਘੋੜਿਆਂ, ਖੱਚਰਾਂ ਲਈ ਕਾਠੀਆਂ, ਕੰਨ-ਪੱਟੀਆਂ, ਲਗਾਮਾਂ, ਰਫਲਾਂ ਤੇ ਪਿਸਤੌਲਾਂ ਦੇ ਬੈਲਟ ਕਵਰ ਤੇ ਪਾਣੀ ਲਈ ਮਸ਼ਕਾਂ ਬਣਾਉਣ 'ਚ ਦਿਨ-ਰਾਤ ਕੰਮ ਕਰਦੇ ਆ। ਏਦਾਂ ਹੀ ਆਪਣੇ ਪਿੰਡ ਦੇ ਨਾਲ ਦੇ ਪਿੰਡਾਂ ਵਿਚਲੇ ਆਪਣੇ

ਬੰਦਿਆਂ ਨੂੰ ਕੱਚਾ ਮਾਲ ਪੁੱਜਦਾ ਕਰਨ ਲਈ ਇੰਤਜ਼ਾਮ ਕੀਤਾ ਹੋਇਆ। ਉਹ ਵੀ ਫੌਜ ਲਈ ਤੌਲੀਏ, ਹਸਪਤਾਲ ਲਈ ਖੱਦਰ ਦੀਆਂ ਚਾਦਰਾਂ ਤੇ ਅੰਗਰੇਜ਼ਾਂ ਦੇ ਮਤਲਬ ਦੇ ਸਿਲਕ ਤੇ ਮਲਮਲ ਦੇ ਥਾਨਾਂ ਦੇ ਥਾਨ ਲਾਹੀ ਜਾਂਦੇ ਆਂ। ਬਚਨੀਏ ਹਕੀਕਤ ਏਹੋ ਈ ਆ ਪਈ ਜੰਗ ਕਰਕੇ ਚਾਰ ਪੈਸੇ ਆਉਣ ਲੱਗੇ ਆ।"[8] ਇਹ ਮਨੁੱਖ ਦਾ ਵਿਅਕਤੀਗਤ ਵਿਹਾਰ ਹੈ ਜਿਹੜਾ ਆਰਥਿਕਤਾ ਨਾਲ ਜੁੜਿਆ ਹੋਇਆ ਹੈ। ਬਾਬਾ ਖੱਬੇ-ਪੱਖੀ ਤਾਂ ਨਹੀਂ ਪਰੰਤੂ ਸੰਸਾਰ ਦੀ ਰਾਜਨੀਤੀ ਵਿਚ ਖੱਬੇ ਪੱਖ ਦੀ ਭੂਮਿਕਾ ਨੂੰ ਸਮਝਦਾ ਹੈ। ਇਹ ਉਹ ਸਮਾਂ ਸੀ ਜਦੋਂ ਦੁਨੀਆ ਵਿਚ ਬਸਤੀਵਾਦ ਦੇ ਵਿਰੋਧ ਵਿਚ ਲੋਕ ਸੰਘਰਸ਼ ਚੱਲ ਰਹੇ ਸਨ। ਕਮਿਊਨਿਸਟ ਪਾਰਟੀ ਦੋ ਦਹਾਕੇ ਪਹਿਲਾਂ ਹੀ ਹੋਂਦ ਵਿਚ ਆਈ ਸੀ। ਭਾਰਤ ਵਿਚ ਕਿਸਾਨਾਂ ਅਤੇ ਸਨਅਤੀ ਮਜ਼ਦੂਰਾਂ ਵਿਚ ਇਸ ਦਾ ਅਧਾਰ ਬਣ ਰਿਹਾ ਸੀ। ਜਰਮਨ ਦੀ ਜੰਗ ਵਿਚ ਜਦੋਂ ਹਿਟਲਰ ਦੀਆਂ ਫੌਜਾਂ ਨੇ ਰੂਸ ਉਤੇ ਹਮਲਾ ਕੀਤਾ ਤਾਂ ਸਾਮਰਾਜੀ ਜੰਗ ਲੋਕ ਜੰਗ ਵਿਚ ਪਰਿਵਰਤਿਤ ਹੋ ਗਈ। ਨਾਵਲ ਇਸ ਸਥਿਤੀ ਨੂੰ ਸੰਗਤੀਏ ਪਾਤਰ ਦੀ ਕੌਮਾਂਤਰੀ ਰਾਜਸੀ ਚੇਤਨਾ ਨਾਲ ਜੋੜ ਕੇ ਪੇਸ਼ ਕਰਦਾ ਹੈ। ਇਹ ਚੇਤਨਾ ਦਲਿਤਾਂ ਦੇ ਪ੍ਰਸੰਗ ਵਿਚ ਦੋ ਪਾਸੇ ਨੂੰ ਫੈਲਦੀ ਹੈ। ਇਕ ਪਾਸੇ ਰੂਸ ਦੀ ਭੂਮਿਕਾ ਦੂਜੇ ਪਾਸੇ ਆਦਿ-ਧਰਮ ਲਹਿਰ ਵਲੋਂ ਫੌਜ ਵਿਚ ਭਰਤੀ ਲਈ ਮੁਹਿੰਮ ਚਲਾਉਣਾ ਅੰਗਰੇਜ਼ਾਂ ਵਲੋਂ ਦਲਿਤ ਰਜਮੈਂਟ ਬਣਾਈ ਜਾਂਦੀ ਹੈ। ਪਹਿਲੇ ਪਾਸਾਰ ਵਿਚ ਦਲਿਤ ਇਹਨਾਂ ਗੱਲਾਂ ਵਿਚ ਦਿਲਚਸਪੀ ਲੈ ਰਹੇ ਸਨ ਕਿ ਦੂਜੀ ਸੰਸਾਰ ਜੰਗ ਦੇ ਸਿੱਟੇ ਕੀ ਨਿਕਲਣੇ ਹਨ। ਸੰਗਤੀਆ ਰੁਲਦਾ ਰਾਮ ਨੂੰ ਅਖ਼ਬਾਰ ਪੜ੍ਹ ਕੇ ਸੁਣਾਉਂਦਾ ਹੈ, "ਮਾਸਕੋ: 1 ਮਈ: ਅੱਜ ਸਟਾਲਿਨ ਨੇ ਮਜ਼ਦੂਰਾਂ ਦੇ ਇਕ ਭਾਰੀ ਜਲਸੇ ਵਿਚ ਕਿਹਾ ਕਿ ਜਰਮਨ ਫੌਜਾਂ ਦੇ ਦੰਦ ਖੱਟੇ ਹੋ ਗਏ ਹਨ ਤੇ ਹੁਣ ਇਨ੍ਹਾਂ ਦੀ ਸਫ਼ਲਤਾ ਹੋਣੀ ਬਹੁਤ ਮੁਸ਼ਕਲ ਹੈ ਤੇ ਸੁਰਖ਼ ਫੌਜਾਂ ਨੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਪਿਛਾਂਹ ਹਟਾਇਆ ਹੈ। ਜਰਮਨ ਸ਼ਹਿਰੀ ਲੋਕਾਂ 'ਤੇ ਤਾਂ ਚੰਗੀ ਤਰ੍ਹਾਂ ਜ਼ੁਲਮ ਕਰ ਸਕਦੇ ਹਨ ਮਗਰ ਸੁਰਖ਼ ਫੌਜਾਂ ਦੇ ਮੁਕਾਬਲੇ ਦਿਲ ਛੱਡ ਦਿੰਦੇ ਹਨ ਤੇ ਨਾਜ਼ੀ ਬੱਕਰੀਆਂ ਵਾਂਗ ਅੱਗੇ ਲੱਗੇ ਤੁਰੇ ਹਨ। ਆਪ ਨੇ ਕਿਹਾ ਕਿ ਅਸੀਂ ਆਪਣੇ ਦੇਸ਼ ਵਾਸਤੇ ਲੜ ਰਹੇ ਹਾਂ ਤੇ ਅਜ਼ਾਦੀ ਦੀ ਹਿਫ਼ਾਜਤ ਕਰਾਂਗੇ। ਅਸੀਂ ਦੂਜਿਆਂ ਦੇ ਝੁੱਗੇ ਬਰਬਾਦ ਨਹੀਂ ਕਰਨੇ। ਸਾਡਾ ਮਕਸਦ ਆਪਣੇ ਦੇਸ਼ ਨੂੰ ਜਰਮਨਾਂ ਦੇ ਜ਼ੁਲਮ ਤੋਂ ਬਚੌਣਾ ਹੈ। ਜਦ ਤੱਕ ਜਰਮਨੀ ਫੌਜਾਂ ਨੇ ਹਥਿਆਰ ਨਾ ਸੁੱਟੇ ਅਸੀਂ ਇਨ੍ਹਾਂ ਦਾ ਇਕ-ਇਕ ਆਦਮੀ ਜਾਨ ਤੋਂ ਮਾਰ ਦਿਆਂਗੇ।"[9] ਦੂਜਾ ਪਾਸਾਰ ਮਹੱਤਵਪੂਰਨ ਹੈ, ਉਹ ਹੈ ਭਾਰਤ ਦੀ ਲੜਾਕਾ ਟੁਕੜੀਆਂ ਵਿਚ ਦਲਿਤਾਂ ਦੀ ਭਰਤੀ ਕਰਨਾ। ਅੰਗਰੇਜ਼ ਅਸਲ ਵਿਚ ਭਾਰਤੀ ਸਮਾਜ ਦੀ ਬਣਤਰ ਨੂੰ ਸਮਝਦਾ ਸੀ। ਇਸ ਲਈ ਭਾਰਤੀ ਪ੍ਰਬੰਧਕੀ ਵਿਵਸਥਾ ਵਿਚ ਜਿਹੜੀ ਸਪੇਸ ਭਾਰਤੀ ਹਾਕਮਾਂ ਨੇ ਨਹੀਂ ਦਿੱਤੀ, ਉਹ ਅੰਗਰੇਜ਼ਾਂ ਨੇ ਦੇ ਦਿੱਤੀ। ਇਸ ਤਰ੍ਹਾਂ ਦਲਿਤ ਵਿਦਰੋਹ ਭਾਰਤੀ ਦੇਸੀ ਹਾਕਮਾਂ ਵਲ ਸੇਧਤ ਹੋ ਗਿਆ। ਮੰਗੂ ਰਾਮ ਅੰਗਰੇਜ਼ਾਂ ਦੀ ਇਸ ਪਾਲਿਸੀ ਦਾ ਸਮਰੱਥਨ ਹੀ ਨਹੀਂ ਕਰਦਾ ਸਗੋਂ ਪ੍ਰਚਾਰ ਵੀ ਕਰਦਾ ਹੈ। ਇਸ ਤਰ੍ਹਾਂ ਦਲਿਤ ਚਿੰਤਨ ਇਕ ਨਵੇਂ ਪੜਾਅ ਵਿਚ ਦਾਖਲ ਹੋ ਰਿਹਾ ਸੀ। ਇਹ ਚਿੰਤਨ ਅਨੁਭਵ ਵਿਚੋਂ ਆਪਣੀ ਹੋਂਦ ਗ੍ਰਹਿਣ ਕਰ ਰਿਹਾ ਸੀ।

ਮਾਧੋਪੁਰੀ ਦੀ ਨਾਵਲਕਾਰੀ ਦੀ ਵਿਲੱਖਣਤਾ ਨਾਵਲ ਦੀ ਵਸਤ ਕਰਕੇ ਤਾਂ ਹੈ ਪਰੰਤੂ ਬਿਰਤਾਂਤ ਪੈਟਰਨ ਅਤੇ ਗਲਪੀ ਦ੍ਰਿਸ਼ਟੀ ਕਰਕੇ ਹੋਰ ਮਹੱਤਵਪੂਰਨ ਹੋ ਜਾਂਦੀ ਹੈ। ਪੰਜਾਬੀ ਨਾਵਲ ਵਿਚ ਦਲਿਤ ਦੀ ਪੇਸ਼ਕਾਰੀ ਤਾਂ ਹੋਈ ਹੈ ਪਰੰਤੂ ਉਹ ਕੇਂਦਰੀ ਸਮੱਸਿਆ ਦੀ ਥਾਂ

ਸਮਾਜਿਕ ਹਿੱਸੇਦਾਰੀ ਦੇ ਚਿਤਰਨ ਤੱਕ ਸੀਮਤ ਹੋ ਗਈ। ਪਹਿਲੀ ਵਾਰੀ ਗੁਰਚਰਨ ਸਿੰਘ ਰਾਓ 'ਮਸ਼ਾਲਚੀ', ਨਾਵਲ ਰਾਹੀਂ ਰਾਜਸੀ ਪਾਸਾਰਾਂ ਨੂੰ ਪੇਸ਼ ਕਰਦਾ ਹੈ। ਜਿਹੜੇ ਬਾਅਦ ਵਿਚ ਕੁਝ ਜਤਨ ਹੋਏ ਹਨ ਉਹ ਸਵੈ-ਪ੍ਰਸ਼ੰਸਾ ਅਤੇ ਸਵੈ-ਪ੍ਰਚਾਰ ਦੇ ਸ਼ਿਕਾਰ ਵੀ ਹੋਏ ਅਤੇ ਨਾਵਲੀ ਸੂਝ ਤੋਂ ਕੋਹਾਂ ਦੂਰ ਸਨ। ਬਲਬੀਰ ਮਾਧੋਪੁਰੀ ਦਲਿਤ ਜੀਵਨ ਨੂੰ ਇਕ ਸੁਸ਼ੱਕਤ ਗਲਪੀ ਬਿੰਬ ਵਿਚ ਬੰਨ੍ਹ ਕੇ ਪੇਸ਼ ਕਰਦਾ ਹੈ। ਉਹ ਸਾਰੇ ਬਿਰਤਾਂਤ ਨੂੰ ਅਨੁਭਵਮੁਖੀ ਬਣਾਉਣ ਲਈ ਸਵੈ-ਬਿਰਤਾਂਤ ਦੀ ਸ਼ੈਲੀ ਦੀ ਵਰਤੋਂ ਕਰਦਾ ਹੈ। ਗੋਰਾ ਪਾਤਰ ਇਸ ਨਾਵਲੀ ਟੈਕਸਟ ਦਾ ਬਿਰਤਾਂਤਕਾਰ ਹੈ। ਉਸ ਦੀ ਮਾਸੂਮ ਨਜ਼ਰ ਵਿਚੋਂ ਪਾਤਰ ਵਿਕਸਤ ਹੁੰਦੇ ਹਨ। ਉਹ ਪਾਤਰਾਂ ਦੀ ਇਕ ਗਲੈਕਸੀ ਬਣਾਉਂਦਾ ਹੈ। ਉਹ ਕਿਸੇ ਪਾਤਰ ਨੂੰ ਸਿਰਜ ਕੇ ਬਾਕੀਆਂ ਨੂੰ ਉਸ ਦੇ ਦੁਆਲੇ ਨਹੀਂ ਘੁੰਮਾਉਂਦਾ, ਸਗੋਂ ਹਰ ਪਾਤਰ ਨੂੰ ਬਰਾਬਰ ਸਪੇਸ ਦੇ ਕੇ ਪਾਤਰਾਂ ਦੀ ਖੁਦਮੁਖਤਿਆਰੀ ਕਾਇਮ ਰੱਖਦਾ ਹੈ। ਸਮੁੱਚੇ ਨਾਵਲ ਵਿਚ ਇਕ ਵੀ ਸਨਸਨੀਖੇਜ ਘਟਨਾ ਨਹੀਂ। ਘਟਨਾਵਾਂ ਅਤੇ ਪਾਤਰੀ ਵਿਕਾਸ ਦਾ ਸਬੰਧ ਇਕ ਦੂਜੇ ਦੇ ਪੂਰਕ ਹੋਣ ਵਾਲਾ ਹੈ। ਘਟਨਾਵਾਂ ਨਾਵਲ ਨੂੰ ਹੀ ਨਹੀਂ ਸਮਾਜ ਨੂੰ ਵੀ ਗਤੀਸ਼ੀਲ ਕਰਦੀਆਂ ਹਨ। ਦਲਿਤ ਜੀਵਨ ਦੀ ਇਤਿਹਾਸਕਾਰੀ ਦਲਿਤ ਬਿਰਤਾਂਤ ਦੇ ਨਾਲ-ਨਾਲ ਚੱਲਦੀ ਹੈ। ਉਹ ਆਪਣੀ ਕਲਪਨਾ ਨਾਲ ਜੇਜੋਂ ਦੇ ਬਾਜ਼ਾਰ, ਜੇਜੋਂ ਤੋਂ ਮੁਲਤਾਨ ਤੱਕ ਦੇ ਵਪਾਰੀ ਰੂਟ ਦੀ ਨਿਸ਼ਾਨਦੇਹੀ ਕਰਦਾ ਹੋਇਆ ਮੁਲਤਾਨ ਦਾ ਚਿਤਰਨ ਉਸ ਦੀ ਕਲਪਨਾ ਦੀ ਸਮਰੱਥਾ ਹੈ। ਉਸ ਦੇ ਪਾਤਰ ਆਦਰਸ਼ਵਾਦੀ ਹੋਣ ਦਾ ਭੁਲੇਖਾ ਪਾਉਂਦੇ ਹਨ ਕਿਉਂਕਿ ਉਹ ਵਾਸਤਵਿਕ ਅਧਾਰਾਂ ਵਾਲੇ ਕਲਪਿਤ ਪਾਤਰ ਹਨ। ਉਹ ਅਸਲੀ ਮਨੁੱਖ ਨਹੀਂ ਸਗੋਂ ਇਕ ਸੰਗਠਨ ਵਿਚ ਬੱਝੇ ਹੋਏ ਪਾਤਰ ਹਨ। ਨਾਵਲ ਦਾ ਦ੍ਰਿਸ਼ਟੀਗਤ ਗਲਪੀ ਪਾਸਾਰ ਸਮਾਜਿਕ ਏਕਤਾਵਾਂ ਦੇ ਪ੍ਰਸੰਗ ਵਿਚ ਕਿਰਿਆਸ਼ੀਲ ਹੁੰਦਾ ਹੈ। ਨਾਵਲੀ ਸੰਗਠਨ ਜਿਵੇਂ ਵਿਕਾਸ ਕਰਦਾ ਹੈ ਉਹ ਬਹੁਤ ਮਹੱਤਵਪੂਰਨ ਹੈ। ਉਹ ਇਸ ਸਥਿਤੀ ਲਈ ਅਲੋਚਨਾਤਮਕ ਵਿਧੀ ਅਪਣਾਉਂਦਾ ਹੈ। ਉਹ ਮੁਸਲਮਾਨਾਂ ਨੂੰ ਵੀ ਆਦਿ ਵਾਸੀਆਂ ਵਿਚ ਸ਼ਾਮਲ ਕਰਦਾ ਹੈ। ਉਹ ਭਾਰਤੀ ਮੁਸਲਮਾਨ ਨੂੰ ਪਰਵਰਤਿਤ ਸਮੁਦਾਇ ਮੰਨਦਾ, ਜਿਹਨਾਂ ਦਾ ਧਰਮ ਪਰਿਵਰਤਨ ਦਲਿਤਾਂ ਵਿਚੋਂ ਹੋਇਆ ਹੈ। ਇਥੇ ਉਹ ਟਪਲਾ ਖਾਂਦਾ ਹੈ। ਕਿਉਂਕਿ ਜੱਟਾਂ ਅਤੇ ਰਾਜਪੂਤਾਂ ਵਿਚੋਂ ਉੱਤਰੀ ਭਾਰਤ ਵਿਚ ਅਤੇ ਕਸ਼ਮੀਰ ਰਿਆਸਤ ਵਿਚੋਂ ਬ੍ਰਾਹਮਣਾਂ ਦਾ ਇਸਲਾਮ ਵਿਚ ਪਰਿਵਰਤਨ ਹੋਇਆ ਹੈ। ਜਾਤੀ ਵਰਤਾਰਾ ਭਾਰਤੀ ਮੁਸਲਮਾਨਾਂ ਵਿਚ ਵੀ ਦੇਖਣ ਨੂੰ ਮਿਲਦਾ ਹੈ। ਬੁਲ੍ਹੇ ਸ਼ਾਹ ਅਤੇ ਵਾਰਿਸ ਦੀ ਹੀਰ ਵਿਚੋਂ ਹਵਾਲੇ ਦੇਖੇ ਜਾ ਸਕਦੇ ਹਨ ਪਰੰਤੂ ਸਿਧਾਂਤਕ ਪੱਧਰ ਉਤੇ ਇਸਲਾਮ ਇਸ ਅਲਾਮਤ ਤੋਂ ਮੁਕਤ ਹੈ। ਮਾਧੋਪੁਰੀ ਇਸ ਵਰਤਾਰੇ ਦੀ ਚੋਣ ਬਹੁਤ ਸਮਝ ਨਾਲ ਕਰਦਾ ਹੈ। ਉਹ ਇਸ ਸਮਾਜ ਵਿਚੋਂ ਹੀ ਹਾਸ਼ੀਆਗਤ ਧਿਰਾਂ ਦੀ ਚੋਣ ਕਰਦਾ ਹੈ। ਇਸ ਵਿਚ ਇਕ ਪਾਸੇ ਫਾਤਿਮਾ ਹੈ ਅਤੇ ਦੂਜੇ ਮੁਲਤਾਨ ਦਾ ਨੂਰਦੀਨ ਮੋਚੀ। ਫਤਿਮਾ ਵੈਸ਼ਯਾ ਹੈ। ਉਹ ਇਸ ਧੰਦੇ ਨੂੰ ਨਰਕ ਸਮਝਦੀ ਹੈ। ਦੇਸ਼ ਵੰਡ ਦਾ ਵਰਤਾਰਾ ਸ਼ੁਰੂ ਹੋ ਚੁੱਕਾ ਹੈ। ਉਹ ਸੰਗਤੀਏ ਨਾਲ ਪਿਉ ਧੀ ਦੇ ਰਿਸ਼ਤੇ ਵਿਚ ਬੱਝ ਜਾਂਦੀ ਹੈ। ਗੋਰਾ ਮੁਲਤਾਨ ਆਪਣੇ ਜੁਤੀਆਂ ਦੇ ਵਪਾਰ ਦੇ ਸਬੰਧ ਵਿਚ ਜਾਂਦਾ ਹੈ। ਉਥੇ ਉਹ ਗੁਲਾਬੂ ਨਾਲ ਘੁੰਮਦੇ ਹੋਏ ਜੁੱਤੀ ਦਾ ਕਿੱਲ ਠੀਕ ਕਰਾਉਣ ਲਈ ਨੂਰਦੀਨ ਦੇ ਸੰਪਰਕ ਵਿਚ ਆਉਂਦਾ ਹੈ। ਗੋਰੇ ਤੋਂ ਉਸਨੂੰ ਉਸ ਵਿਅਕਤੀ ਨਾਲ ਸਾਂਝ ਦਾ ਸ਼ੱਕ ਪੈਂਦਾ ਹੈ, ਜਿਹੜਾ ਇਕ ਦੁਰਘਟਨਾ ਤੋਂ ਬਾਅਦ ਦਿਮਾਗੀ ਸਤੁੰਲਤ ਵਿਗੜਨ ਕਰਕੇ

ਘੁੰਮਦਾ ਰਹਿੰਦਾ ਹੈ। ਇਸ ਖ਼ਬਰ ਨਾਲ ਨਾਵਲੀ ਕਹਾਣੀ ਇਕ ਨਵਾਂ ਮੋੜ ਕੱਟਦੀ ਹੈ। ਇਸ ਸਕੂਨ ਦਾ ਬਾਇਸ ਨੂਰਦੀਨ ਬਣਦਾ ਹੈ। ਉਹ ਮੀਤੂ ਨੂੰ ਲੱਭ ਕੇ ਘਰ ਲੈ ਆਉਂਦਾ ਹੈ। ਇਸ ਨਾਲ ਇਕ ਪਰਿਵਾਰਕ ਸੰਕਟ ਉਤੇ ਵਿਰਾਮ ਲੱਗਦਾ ਹੈ ਕਿ ਪਿਆਰੋ ਨੂੰ ਜੀਤੂ ਦੇ ਬਿਠਾਉਣ ਦੀ ਗੱਲ ਘਰ ਵਿਚ ਤੁਰਦੀ ਰਹਿੰਦੀ ਸੀ। ਪਿਆਰੋ ਮਾਨਸਿਕ ਅਤੇ ਭਾਵੁਕ ਤੌਰ 'ਤੇ ਮੀਤੂ ਨਾਲ ਜੁੜੀ ਹੋਈ ਹੈ। ਉਸ ਨੂੰ ਇਸ ਗੱਲ ਦਾ ਯਕੀਨ ਨਹੀਂ ਹੁੰਦਾ ਕਿ ਮੀਤੂ ਵਾਪਸ ਨਹੀਂ ਆਏਗਾ। ਉਹ ਵਾਪਸ ਘਰ ਆ ਜਾਂਦਾ ਹੈ। ਉਧਰ ਫਾਤਿਮਾ ਆਪਣੀ ਸਹੇਲੀ ਰੁਕੱਈਆ ਨਾਲ ਬਾਬੇ ਦੇ ਪਿੰਡ ਪਹੁੰਚ ਜਾਂਦੀਆਂ ਹਨ। ਉਹਨਾਂ ਦੋਵਾਂ ਔਰਤਾਂ ਦਾ ਧਰਮ ਪਰਿਵਰਤਨ ਕਰਵਾ ਕੇ ਉਹਨਾਂ ਦਾ ਵਿਆਹ ਕਰ ਦਿੱਤਾ ਜਾਂਦਾ ਹੈ। ਇਹ ਨਾਵਲੀ ਬਿਰਤਾਂਤ ਵਿਚ ਸ਼ਾਮਲ ਹੈ। ਪਤਾ ਨਹੀਂ ਨਾਵਲਕਾਰ ਮੁਸਲਮਾਨਾਂ ਨਾਲ ਏਕਤਾ ਤਾਂ ਚਾਹੁੰਦਾ ਪਰੰਤੂ ਪਰਿਵਾਰ ਦਾ ਹਿੱਸਾ ਬਣਾਉਣ ਲਈ ਸਿੱਖ ਧਰਮ ਵਿਚ ਪ੍ਰਵੇਸ਼ ਜ਼ਰੂਰੀ ਹੈ। ਫਿਰ ਪਤਾ ਨਹੀਂ ਆਦਿ-ਧਰਮ ਦਾ ਕੀ ਬਣਦਾ ਹੈ ? ਉਹਨਾਂ ਨੂੰ ਮੁਸਲਮਾਨ ਰੂਪ ਵਿਚ ਹੀ ਸਵਿਕਾਰਨ ਦੀ ਝਿਜਕ ਕਿਉਂ ਹੈ ? ਇਹ ਸਮੱਸਿਆ ਦ੍ਰਿਸ਼ਟੀਗਤ ਪਾਸਾਰਾਂ ਦੀਆਂ ਤੈਹਾਂ ਵਿਚ ਨਜ਼ਰ ਆਉਂਦੀ ਹੈ। ਆਦਿ ਧਰਮ ਦਾ ਅਰਥ ਹੜੱਪੀ ਸਭਿਅਤਾ ਸਮੇਂ ਕੋਈ ਪੂਜਾ ਪੱਧਤੀ ਤਾਂ ਹੈ ਸੀ ਪਰੰਤੂ ਮੌਜੂਦਾ ਧਰਮਾਂ ਵਿਚੋਂ ਕੋਈ ਨਹੀਂ ਸੀ। ਜਦੋਂ ਅਸੀਂ ਧਾਰਮਿਕ ਏਕਤਾ ਦਾ ਕੋਈ ਸਿਧਾਂਤ ਘੜ੍ਹਦੇ ਹਾਂ ਤਾਂ ਅਚਨਚੇਤ ਹੀ ਧਰਮ ਅਧਾਰਿਤ ਰਾਜ ਦੀਆਂ ਬਣਤਰਾਂ ਦੀ ਹਮਾਇਤ ਕਰਨ ਲੱਗ ਜਾਂਦੇ ਹਾਂ। ਇਹ ਸੋਚੇ ਵਗੈਰ ਜਦੋਂ ਇਕ ਧਿਰ ਧਰਮ ਦੀ ਏਕਤਾ ਬਣਾਏਗੀ ਤਾਂ ਦੂਜੀ ਇਕੱਠਾ ਹੋਣ ਲਈ ਧਾਰਮਿਕ ਰਾਸ਼ਟਰਵਾਦ ਵਲ ਕਿਉਂ ਨਹੀਂ ਤੁਰੇਗੀ। ਇਸ ਦਾ ਬਦਲ ਜਮਾਤੀ ਲੜਾਈ ਹੈ। ਉਹ ਲੜਾਈ ਜਿਸ ਦੀ ਅਗਵਾਈ ਭਾਰਤ ਦੀ ਪੀੜਤ ਧਿਰ ਕਰੇਗੀ। ਨਾਵਲ ਦਾ ਅੰਤਿਮ ਬਿਰਤਾਂਤਕ ਪ੍ਰਸੰਗ ਇਸ ਸਾਰੀ ਸਥਿਤੀ ਨੂੰ ਸੰਵਾਦੀ ਬਣਾ ਦਿੰਦਾ ਹੈ। "ਨੂਰਦੀਨ ਬਾਬਾ ਸ਼ਾਇਦ ਅਜੇ ਹੋਰ ਬੋਲਦਾ ਰਹਿੰਦਾ, ਜੇ ਮੇਰਾ ਬਾਬਾ ਵਿਚਾਲੇ ਇਹ ਨਾ ਕਹਿੰਦਾ, 'ਨੂਰਦੀਨ ਆਪਾਂ ਹੁਣ ਨੀਲੀਆਂ ਅੱਖਾਂ ਵਾਲੇ ਸਮੁੰਦਰ 'ਚੋਂ ਜੇਜੋਂ ਦੀਆਂ ਪਹਾੜੀਆਂ ਨਾਲੋਂ ਵੀ ਉੱਚਾ ਪਹਾੜ ਬਣਾ ਕੇ ਖੜ੍ਹ ਗਏ ਆਂ।

ਇਹ ਲਫ਼ਜ਼ ਕਹਿਣ-ਸੁਣਨ ਦੀ ਦੇਰ ਸੀ ਕਿ ਮੇਰਾ ਬਾਬਾ ਸੰਗਤੀਆ, ਨੂਰਦੀਨ ਬਾਬਾ ਤੇ ਗੰ੍ਥੀ ਭਾਈ ਸੰਗਤ ਸਿੰਘ ਫੁਰਤੀ ਨਾਲ ਉਠੇ ਤੇ ਤਿੰਨਾਂ ਨੇ ਆਪਸ ਵਿਚ ਕਲਾਵਾ ਭਰ ਲਿਆ। ਇਹ ਦੇਖਦਿਆਂ ਮੇਰੀ ਦਾਦੀ, ਮੇਰੀ ਮਾਂ ਅਤੇ ਦੋਨੋ ਚਾਚੀਆਂ, ਰੁਲਦਾ ਰਾਮ ਤੇ ਮੇਰੇ ਮੂੰਹਾਂ ਉਤੇ ਖੁਸ਼ੀ ਦੀ ਲਹਿਰ ਦੌੜ ਗਈ। ਮੈਂ ਬਾਹਰ ਨੂੰ ਵੇਖਿਆ। ਹੁਣ ਅਸਮਾਨ 'ਚੋਂ ਬੱਦਲ ਹਟ ਗਏ ਤੇ ਸੂਰਜ ਦੀਆਂ ਕਿਰਨਾਂ ਲਿਸ਼ਕੋਰਾਂ ਮਾਰਨ ਲੱਗ ਪਈਆਂ ਹਨ।"[10] ਇਹ ਉਹ ਚਿੰਤਨੀ ਪਾਸਾਰ ਹੈ ਜਿਹੜਾ ਨਾਵਲਕਾਰ ਨੇ ਸੰਵਾਦ ਦੇ ਰੂਪ ਵਿਚ ਨਾਵਲੀ ਬਿਰਤਾਂਤ ਨੂੰ ਗੋਲਾਈ ਦਿੰਦੇ ਹੋਏ ਪੇਸ਼ ਕੀਤਾ ਹੈ। ਇਸ ਤਰ੍ਹਾਂ ਇਹ ਨਾਵਲ ਪੰਜਾਬੀ ਨਾਵਲ ਸਿਰਜਣਕਾਰੀ ਵਿਚ ਆਮ ਤੌਰ 'ਤੇ ਅਤੇ ਦਲਿਤ ਨਾਵਲਕਾਰੀ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਸਮੁੱਚਾ ਨਾਵਲੀ ਬਿਰਤਾਂਤ ਹਾਸ਼ਿਆਗਤ ਧਿਰਾਂ ਦੀ ਦਸ਼ਾ ਤੋਂ ਲੈ ਕੇ ਦਿਸ਼ਾ ਤੱਕ ਫੈਲਿਆ ਹੋਇਆ ਹੈ। ਇਹ ਨਾਵਲ ਧਰਮ, ਦਰਸ਼ਨ ਤੋਂ ਲੈ ਕੇ ਚਿੰਤਨ ਦੇ ਮਸਲਿਆਂ ਨੂੰ ਆਪਣੇ ਕਲਾਵੇ ਵਿਚ ਸਮੇਟਦਾ ਹੈ। ਪਹਿਲੀ ਵਾਰੀ ਹੜੱਪੀ ਸਭਿਅਤਾ ਤੋਂ ਲੈ ਕੇ ਆਰੀਅਨ ਜੀਵਨ ਜਾਚ ਦੇ ਮਸਲੇ, ਜਗੀਰਦਾਰੀ ਵਿਵਸਥਾ ਤੋਂ ਬਸਤੀਵਾਦ ਅਤੇ ਬਸਤੀਵਾਦ ਤੋਂ ਲੈ ਕੇ ਲੋਕਤੰਤਰੀ ਪ੍ਰਬੰਧ ਤੱਕ

ਹਾਸ਼ਿਆਗਤ ਧਿਰਾਂ ਨੂੰ ਸੰਵਾਦੀ ਰੂਪ ਵਿਚ ਪੇਸ਼ ਕੀਤਾ ਗਿਆ। ਬਲਬੀਰ ਮਾਧੋਪੁਰੀ ਅਜਿਹਾ ਕਰਦੇ ਹੋਏ ਗਲਪੀਕਰਨ ਦੀ ਪ੍ਰਕਿਰਿਆ ਨੂੰ ਵੀ ਅੱਖੋਂ-ਪਰੋਖੇ ਨਹੀਂ ਕਰਦਾ। ਉਹ ਪ੍ਰਕ੍ਰਿਤੀ ਤੋਂ ਲੈ ਕੇ ਕਲਾ ਤੱਕ ਦੇ ਵਰਤਾਰੇ ਨੂੰ ਸੰਬੋਧਿਤ ਹੁੰਦਾ ਹੈ। ਇਹੀ ਇਸ ਨਾਵਲ ਦੀ ਵਿਲੱਖਣਤਾ ਹੈ।

**ਹਵਾਲੇ**


1. ਬਲਬੀਰ ਮਾਧੋਪੁਰੀ, ਮਿੱਟੀ ਬੋਲ ਪਈ, ਪੰਨਾ 12
2. ਉਹੀ,, ਉਹੀ ,, ਪੰਨਾ 19
3. ਉਹੀ,, ਉਹੀ ,, ਪੰਨਾ 26
4. ਉਹੀ,, ਉਹੀ ,, ਪੰਨਾ 136
5. ਉਹੀ,, ਉਹੀ ,, ਪੰਨਾ 59
6. ਉਹੀ,, ਉਹੀ ,, ਪੰਨਾ 68-69
7. ਉਹੀ,, ਉਹੀ ,, ਪੰਨਾ 74
8. ਉਹੀ,, ਉਹੀ ,, ਪੰਨਾ 181
9. ਉਹੀ,, ਉਹੀ ,, ਪੰਨਾ 184
10. ਉਹੀ,, ਉਹੀ ,, ਪੰਨਾ 302



ਚਰਚਿਤ ਵਾਰਤਕਕਾਰ ਤੇ ਕਹਾਣੀਕਾਰ
ਸੁਕੀਰਤ ਦਾ ਸਫ਼ਰਨਾਮਾ

# ਕਿੰਨੇ ਪਰਬਤਾਂ ਤੋਂ ਪਾਰ

ਇਨ੍ਹਾਂ ਸੰਸਮਰਣਾਂ 'ਚ ਉਹ ਸਾਰੀਆਂ ਖ਼ੂਬੀਆਂ ਹਨ, ਜੋ ਹੋਣੀਆਂ ਚਾਹੀਦੀਆਂ ਹਨ। ਸਾਥੀਆਂ-ਦੋਸਤਾਂ ਦੇ ਸੁਭਾਅ, ਸਥਾਨਾਂ ਬਾਰੇ ਇਤਿਹਾਸਕ-ਮਿਥਿਹਾਸਕ ਅਤੇ ਭੂਗੋਲਕ ਵੇਰਵੇ, ਗਲੀਆਂ, ਬਜ਼ਾਰਾਂ, ਰੈਸਤੋਰਾਨਾਂ, ਪਾਣੀ ਜਾਂ ਹਵਾਈ ਜਹਾਜ਼ਾਂ, ਪਰਬਤਾਂ, ਪ੍ਰਕਿਰਤੀ ਦੇ ਵੇਰਵੇ ਬੜੀ ਸੂਝ ਨਾਲ ਦਿੱਤੇ ਗਏ ਹਨ। ਕਿਤੇ ਕੋਈ ਗੈਰ-ਜ਼ਰੂਰੀ ਖਲਾਰ ਨਹੀਂ ਅਤੇ ਜੋ ਜ਼ਰੂਰੀ ਹੈ, ਉਸ ਨੂੰ ਵੀ ਨਹੀਂ ਛੱਡਿਆ ਗਿਆ। ਕਿਤੇ-ਕਿਤੇ ਲੇਖਕ ਦੀਆਂ ਰਾਜਨੀਤਕ, ਦਾਰਸ਼ਨਿਕ ਟਿੱਪਣੀਆਂ ਇਨ੍ਹਾਂ ਸੰਸਮਰਣਾਂ 'ਚ ਰੂਹ ਪੈਦਾ ਕਰਦੀਆਂ ਹਨ। **-ਮਨਮੋਹਨ ਬਾਵਾ**

## ਅਜ਼ੀਮ ਸ਼ੇਖਰ ਦੀਆਂ ਪੰਜ ਗ਼ਜ਼ਲਾਂ

ਰਿਸ਼ਤਿਆਂ ਦੇ ਜ਼ਿਕਰ ਵਿੱਚੋਂ ਤਾਜ਼ਗੀ ਕਿੱਧਰ ਗਈ ।
ਜ਼ਿੰਦਗੀ 'ਚੋਂ ਪਿੰਡ ਵਰਗੀ ਸਾਦਗੀ ਕਿੱਧਰ ਗਈ ।

ਭੀੜ ਹੈ ਸੜਕਾਂ 'ਤੇ ਪਰ ਮਾਤਮ ਦਿਲਾਂ ਅੰਦਰ ਬੜਾ,
ਹਰ ਕੋਈ ਲੱਭਦਾ ਫਿਰੇ ਹੁਣ ਜ਼ਿੰਦਗੀ ਕਿੱਧਰ ਗਈ ।

ਸਾਰਿਆਂ ਜ਼ਖ਼ਮਾਂ ਦੇ ਉੱਪਰ ਠੋਕਰਾਂ ਦੇ ਸੀ ਪਤੇ,
ਪਰ ਪਤਾ ਕਿਧਰੋਂ ਨਾਂ ਮਿਲਿਆ ਕਿ ਖੁਸ਼ੀ ਕਿੱਧਰ ਗਈ ।

ਜ਼ਿੰਦਗੀ ਦਾ ਗੀਤ ਜਿਸ ਪਲ ਗਾਉਣ ਦੀ ਫ਼ੁਰਸਤ ਮਿਲੇ,
ਫੇਰ ਮੈਂ ਲੱਭਦਾ ਹਾਂ ਮੇਰੀ ਬਾਂਸੁਰੀ ਕਿੱਧਰ ਗਈ ।

ਪਾਣੀ 'ਤੇ ਹਾਲੇ ਬਣਾਉਣੇ ਸੀ ਹਵਾ ਨੇ ਹਾਸ਼ੀਏ,
ਹਾਏ ! ਪਰ ਉਹ ਨੇੜਿਉਂ ਵਗਦੀ ਨਦੀ ਕਿੱਧਰ ਗਈ ।

ਉਮਰ ਦੇ ਸਾਰੇ ਚੌਰਾਹੇ ਬਣ ਗਏ ਖੰਡਰ 'ਅਜ਼ੀਮ',
ਰਾਤ ਵੀ ਪੁੱਛਦੀ ਨਹੀਂ ਹੁਣ ਰੌਸ਼ਨੀ ਕਿੱਧਰ ਗਈ ।

***

ਸੁਰਾਂ ਜਿੰਨਾਂ ਦੀਆਂ ਕਰਕੇ ਸੀ ਵਸਣਾ ਸ਼ਹਿਰ ਖ਼ਾਬਾਂ ਦਾ ।
ਬੜਾ ਹੀ ਦਰਦ ਦਿੰਦਾ ਹੈ ਜ਼ਿਕਰ ਉਹਨਾਂ ਰਬਾਬਾਂ ਦਾ ।

ਦਫ਼ਨ ਇੱਕ ਵਿੱਚ ਹੈ ਮਿੱਟੀ ਤੇ ਇੱਕ ਵਿੱਚ ਖ਼ਾਬ ਮਿੱਟੀ ਦੇ ,
ਤਦੇ ਰੁਤਬਾ ਉਚੇਰਾ ਹੈ ਏਹ ਕਬਰਾਂ ਤੇ ਕਿਤਾਬਾਂ ਦਾ ।

ਜੁਦਾ ਹੋਵੇਂ ਤਾਂ ਇੰਜ ਤਰਸੀਂ ਕਿ ਸਭ ਕੁੱਝ ਯਾਦ ਰਹਿ ਜਾਵੇ,
ਤੇ ਰਿਸ਼ਤਾ ਵੀ ਰਹੇ ਬਣਿਆ ਹੈ ਜਿਉਂ ਦੋਹਾਂ ਪੰਜਾਬਾਂ ਦਾ ।

ਉਦੋਂ ਹੱਥੋਂ ਸ਼ਿਕਾਰੀ ਦੇ ਨੇ ਡਿੱਗਦੇ ਪਿੰਜਰੇ ਦਿਸਣੇ,
ਜਦੋਂ ਵੀ ਸਾਹਮਣਾ ਹੋਇਆ ਕਿਤੇ ਜ਼ਖ਼ਮੀਂ ਉਕਾਬਾਂ ਦਾ ।

ਨੇ ਜਿਸਦੇ ਕੱਪੜੇ ਮੈਲੇ ਤੇ ਜੰਮੀ ਧੂੜ ਵੀ ਉਸਦੇ ,
ਹੈ ਪੈਰੀਂ ਡਿੱਗਣਾ ਸ਼ਮਲਾ ਕਦੇ ਵੇਹਲੜ ਨਵਾਬਾਂ ਦਾ ।

ਮਿਟੇ ਨਾਂ ਪਿਆਸ ਵੀ ਇਸ ਤੋਂ ਨਾਂ ਲੋਕਾਂ ਦੀ ਨਾਂ ਖੇਤਾਂ ਦੀ,
ਰਿਹੈ ਬੱਸ ਖ਼ੂਨ ਹੀ ਧੋਂਦਾ ਏਹ ਪਾਣੀ ਪੰਜ-ਆਬਾਂ ਦਾ ।

***

ਕੋਈ ਮਨ ਦੇ ਬੰਦ ਬੂਹੇ ਖੋਲ੍ਹ ਕੇ ਆਉਂਦਾ ਹੈ ਰੋਜ਼ ।
ਚੁੱਪ ਦੀ ਕੋਰੀ ਕਬਰ ਨੂੰ ਆ ਕੇ ਰੁਸ਼ਨਾਉਂਦਾ ਹੈ ਰੋਜ਼ ।

ਵਾਅਦੇ ਕਰਕੇ ਪਰਤੀਆਂ ਨਾ ਸੀ ਹਵਾਵਾਂ ਇਸ ਲਈ
ਬਿਰਖ ਅਪਣੇ ਪੱਤਿਆਂ 'ਤੇ ਨਾਮ ਲਿਖਵਾਉਂਦਾ ਹੈ ਰੋਜ਼ ।

ਚੁੱਪ ਹਾਂ ਜਾਂ ਲਿਖ ਰਿਹਾਂ ਕੁੱਝ ਉਸਨੂੰ ਹੈ ਇਹ ਵੀ ਗਿਲਾ
ਕਿ ਕਿਉਂ ਕੋਈ ਯਾਦ ਕਰਕੇ ਉਸਨੂੰ ਤੜਪਾਉਂਦਾ ਹੈ ਰੋਜ਼ ।

ਪਾਰਦਰਸ਼ੀ ਹੋ ਗਈ ਹੈ ਜ਼ਿੰਦਗੀ ਦੀ ਹਰ ਦੀਵਾਰ ,
ਦਿਸੇ ਬੰਦਾ ਪਰ ਸੁਣੇ ਨਾ ਗੀਤ ਜੋ ਗਾਉਂਦਾ ਹੈ ਰੋਜ਼ ।

ਮੈਂ ਕਿਹਾ ਮੇਰੇ ਖ਼ੁਦਾ ਇੱਕ ਵਾਰ ਤਾਂ ਉਸਨੂੰ ਮਿਲਾ ,
ਕਹਿਣ ਲੱਗਾ ਕੌਣ ਪਾਗ਼ਲ ਏਦਾਂ ਮਿਲਵਾਉਂਦਾ ਹੈ ਰੋਜ਼ ।

ਹੁਣ ਪੁਲ਼ਾਂ ਬਿਨ ਮਾਣਦਾ ਲਹਿਰਾਂ ਕਿਨਾਰੇ 'ਤੇ 'ਅਜ਼ੀਮ',
ਗ਼ੈਰਹਾਜ਼ਿਰ ਬੇੜੀਆਂ ਦੀ ਹਾਜ਼ਰੀ ਲਾਉਂਦਾ ਹੈ ਰੋਜ਼ ।

***

ਹੋਇਆ ਆਖਿਰ ਓਹੀ ਜਿਸਨੂੰ ਮੈਂ ਮੁੱਦਤ ਤੋਂ ਟਾਲ਼ ਰਿਹਾ ਸਾਂ ।
ਪਰਤੇ ਅਪਣੇ ਦਸਤਕ ਦੇ ਕੇ ਜਦ ਮੈਂ ਖ਼ੁਦ ਨੂੰ ਭਾਲ਼ ਰਿਹਾ ਸਾਂ ।

ਤੁਰਨੋਂ ਪਹਿਲਾਂ ਹੀ ਸਭ ਰਸਤੇ ਸਾਗਰ ਵੱਲ ਨੂੰ ਦੌੜ ਗਏ ਸਨ
ਮਨ ਅੰਦਰ ਹੀ ਪੈਰਾਂ ਥੱਲੇ ਮੈਂ ਹਾਲੇ ਅੱਗ ਬਾਲ਼ ਰਿਹਾ ਸਾਂ ।

ਜੋ ਹੌਲ਼ਾ ਸੀ ਲਾਹ ਕੇ ਸੁੱਟਿਆ ਰੱਖ ਲਈ ਰੇਤ ਨਿਤਾਰਨ ਲਈ,
ਜ਼ਿੰਦਗੀ ਦੇ ਦਰਪਣ ਦਾ ਪਾਣੀ ਖਿਝ ਕੇ ਜਦੋਂ ਹੰਘਾਲ਼ ਰਿਹਾ ਸਾਂ।

ਬੀਤੇ ਪਲ ਦਾ ਹਰ ਹੌਂਕਾ ਹੀ ਅਣਸੁਣਿਆ ਕਰ ਬੈਠਾ ਮੈਂ ,
ਇੱਕ ਸਾਂਚੇ 'ਚੋਂ ਚੁੱਕ ਕੇ ਖ਼ੁਦ ਨੂੰ ਜਦ ਦੂਜੇ ਚ ਢਾਲ਼ ਰਿਹਾ ਸਾਂ ।

ਮੈਂ ਹਾਜ਼ਰ ਸਾਂ ਜ਼ਿੰਦਗੀ ਕੋਲ਼ੇ ਫਿਰ ਵੀ ਸਭ ਕੁੱਝ ਲੱਗਿਆ ਜਿਓਂ
ਸਫ਼ਰ ਤਸੱਵਰ ਕਰਕੇ ਹੀ ਮੈਂ ਅਪਣਾ ਆਪ ਉਧਾਲ਼ ਰਿਹਾ ਸਾਂ ।

***

ਤੂੰ ਕਰ ਤਕਸੀਮ ਦੇ ਜ਼ਰਬ੍ਹਾਂ ਤੇ ਲੈ ਭਾਵੇਂ ਘਟਾ ਮੈਨੂੰ ।
ਪਰ ਅਪਣੀ ਹੋਂਦ ਦਾ ਇੱਕ ਵਾਰ ਲੈ ਹਿੱਸਾ ਬਣਾ ਮੈਨੂੰ ।

ਪਿਆ ਹਾਂ ਬਿਰਖ ਦੀ ਜੂਨੀ ਤੇ ਖ਼ੁਦ ਨੂੰ ਛਾਂ ਨਹੀਂ ਕਰਦਾ,
ਕਰਾਵੇ ਯਾਦ ਇਹ ਛੋਹ ਕੇ ਕਿਉਂ ਤਪਦੀ ਹਵਾ ਮੈਨੂੰ ।

ਜਿਵੇਂ ਨਿੱਤ ਘੁੰਮਦੀ ਧਰਤੀ 'ਤੇ ਮੈਂ ਬੇ-ਫਿਕਰ ਹੋ ਤੁਰਦਾਂ,
ਜ਼ਰਾ ਹੁਣ ਜ਼ਿੰਦਗੀ ਅਹਿਸਾਸ ਵੀ ਏਦਾਂ ਕਰਾ ਮੈਨੂੰ ।

ਲਿਖੀ ਜਾਵੇ ਮੁਹੱਬਤ ਦੀ ਇਬਾਰਤ ਜੇ ਕਦੀ ਤੈਥੋਂ,
ਮਿਲਾ ਕੇ ਨਜ਼ਰ ਬਿਨ ਬੋਲੇ ਹੀ ਤੂੰ ਦੇਵੀਂ ਸੁਣਾ ਮੈਨੂੰ ।

ਤੇਰੀ ਜ਼ਿੱਦ ਦੀ ਜਦੋਂ ਵੀ ਬਰਫ਼ ਪਿਘਲੀ ਤਾਂ ਕਦੀ ਵੇਖੀਂ,
ਕਿ ਦੇਣੈ ਔੜ ਵਰਗੇ ਨੂੰ ਵੀ ਤੂੰ ਦਰਿਆ ਬਣਾ ਮੈਨੂੰ ।

ਕਿਵੇਂ ਹੈ ਭੀੜ ਵਿੱਚ ਰਹਿਕੇ ਵੀ ਜੀਣਾ ਹੈ ਜੁਦਾ ਇਸ ਤੋਂ ,
ਨਗਰ ਦੀ ਬੇ-ਰੁਖੀ ਅੰਦਾਜ਼ ਇਹ ਦੇਵੇ ਸਿਖਾ ਮੈਨੂੰ ।

***

## ਸੰਤੋਖ ਸਿੰਘ ਹੇਅਰ ਕਾਵੈਂਟਰੀ ਦੀਆਂ ਤਿੰਨ ਗ਼ਜ਼ਲਾਂ

ਆਹ ਕੀ ਖ਼ੇਲ ਰਚਾਇਆ ਰੱਬਾ।
ਜੱਗ ਨੂੰ ਪੜ੍ਹਨੇ ਪਾਇਆ ਰੱਬਾ।

ਇਹ ਤਾਂ ਖ਼ੁਦ ਸੀ ਰੱਬ ਬਣ ਬੈਠਾ,
ਬੰਦਾ ਮੁੜ ਬਣਾਇਆ ਰੱਬਾ।

ਵਿੱਚ ਅਕਾਸ਼ ਪਤਾਲੀਂ ਉੱਡਦਾ,
ਮੁੜ ਧਰਤੀ ਤੇ ਆਇਆ ਰੱਬਾ।

ਚਾਰੇ ਕੂਟੀਂ ਭੱਜਾ ਫਿਰਦਾ,
ਬੰਨ੍ਹ ਕੇ ਘਰ ਬਿਠਾਇਆ ਰੱਬਾ।

ਜੋ ਆਪਣੀ ਔਕਾਤ ਸੀ ਭੁੱਲਿਆ,
ਉਸਨੂੰ ਤੂੰ ਸਮਝਾਇਆ ਰੱਬਾ।

ਘੁੱਗੀਆਂ ਚਿੜੀਆਂ ਕੋਇਲਾਂ ਰਲਕੇ,
ਤੂੰ ਹੀ ਤੂੰ ਫਿਰ ਗਾਇਆ ਰੱਬਾ।

ਨਦੀਆਂ ਨਾਲ਼ੇ ਪਰਬਤ ਝੀਲ਼ਾਂ,
ਸਭ 'ਤੇ ਕਰਮ ਕਮਾਇਆ ਰੱਬਾ।

ਸਭ ਚਤੁਰਾਈਆਂ ਫੇਲ ਹੋ ਗਈਆਂ,
ਤੇਰਾ ਦਰ ਖੜਕਾਇਆ ਰੱਬਾ।

ਭੁੱਲਿਆ ਭਟਕਦਾ ਫਿਰਦਾ 'ਸੋਖਾ'
ਫਿਰ ਤੂੰ ਰਾਹੇ ਪਾਇਆ ਰੱਬਾ।

***

ਗੁਜ਼ਰਦਾ ਕਿਵੇਂ ਬੁਢੇਪਾ, ਕਿਸ ਤਰ੍ਹਾਂ ਗੁਜ਼ਰੀ ਜਵਾਨੀ, ਖ਼ਤ ਲਿਖੀਂ।
ਮੈਂ ਜਿਹੜੀ ਦਿੱਤੀ ਕਦੇ ਸੀ, ਉਹ ਅਜੇ ਸਾਂਭੀ ਨਿਸ਼ਾਨੀ, ਖ਼ਤ ਲਿਖੀਂ।

ਕੀ ਉਵੇਂ ਜੁੱਤੀ ਪੰਜਾਬੀ, ਕੀ ਉਵੇਂ ਤੂੰ ਸੂਟ ਪਹਿਨੇ, ਰੰਗਲੇ,
ਨਾਜ਼ ਨਖ਼ਰੇ ਤੇਰਿਆਂ ਵਿਚ, ਤੋਰ ਵਿਚ ਉਹਵੇਂ ਰਵਾਨੀ, ਖ਼ਤ ਲਿਖੀਂ।

ਬਚਪਣੇ ਵਿਚ ਖੇਡਦੇ ਸਾਂ, ਬਚਪਣੇ ਦੀ ਕੋਈ ਸ਼ਰਾਰਤ, ਯਾਦ ਹੈ,
ਹੈ ਅਜੇ ਵੀ ਕੋਲ਼ ਤੇਰੇ, ਬਚਪਣੇ ਵਰਗੀ ਸ਼ਤਾਨੀ, ਖ਼ਤ ਲਿਖੀਂ।

ਘਰ 'ਚ ਤੇਰੇ ਫੁੱਲ ਕਿੰਨੇ, ਟਹਿਕਦੇ ਦੱਸੀਂ ਜ਼ਰਾ ਦਿਲ, ਖੋਲ੍ਹ ਕੇ,
ਕਿਸ ਤਰ੍ਹਾਂ ਨਿਭਦੀ ਤੁਹਾਡੀ, ਨਾਲ਼ ਉਹਨਾਂ ਜ਼ਿੰਦਗਾਨੀ, ਖ਼ਤ ਲਿਖੀਂ।

ਜੋ ਤੇਰਾ ਬਣਕੇ ਦਿਵਾਨਾ, ਭਟਕਦਾ 'ਸੋਖਾ' ਮਿਲੇ, ਤੈਨੂੰ ਕਿਤੇ,
ਆਖ ਦੇਣਾ ਓਸ ਨੂੰ ਤੂੰ, ਦਿਲਬਰਾ ਨਾ ਕਰ ਵਿਰਾਨੀ, ਖ਼ਤ ਲਿਖੀਂ।

***

ਇੰਦਾਂ ਮਸਲਾ ਹੱਲ ਨਈਂ ਹੋਣਾ।
ਜੇ ਰੁਕ ਗਏ ਫਿਰ ਚੱਲ ਨਈਂ ਹੋਣਾ।

ਐਵੇਂ ਢੇਰੀ ਢਾਅ ਨਾ ਬੈਠੀਂ,
ਜੋ ਅੱਜ ਹੋਣਾ ਕੱਲ ਨਈਂ ਹੋਣਾ।

ਥਿੜਕ ਗਏ ਹੁਣ ਕਦਮ ਜੇ ਤੇਰੇ,
ਮੁੜਕੇ ਪਾ ਤਰਥੱਲ ਨਈਂ ਹੋਣਾ।

ਦੇਖੀਂ ਧੋਖਾ ਖਾ ਨਾ ਬੈਠੀਂ।
ਗੈਰਾਂ ਤੇਰੇ ਵੱਲ ਨਈਂ ਹੋਣਾ।

ਮੂਰਖ ਨਬਜ਼ ਪਛਾਣ ਸਮੇਂ ਦੀ,
ਟੁੱਟਿਆ ਬੰਨ੍ਹ ਇਹ ਠੱਲ ਨਈਂ ਹੋਣਾ।

ਲਗਦਾ ਤੂੰ ਇਤਿਹਾਸ ਨੀ ਪੜ੍ਹਿਆ,
ਫ਼ੈਸਲਾ ਤੇਰਾ ਅਟੱਲ ਨਈਂ ਹੋਣਾ।

ਜਿਸ ਨੂੰ ਥਾਪੜਾ ਗੁਰੂ ਗੋਬਿੰਦ ਦਾ,
ਉਸ ਨੂੰ ਕਹਿ 'ਪਰੇ ਚੱਲ' ਨਈਂ ਹੋਣਾ।

ਜਿੱਤ ਗਿਆ ਜੇ ਮੋਦੀ ਲਾਣਾ,
ਸੱਲ ਫਿਰ 'ਸੋਖੇ' ਝੱਲ ਨਈਂ ਹੋਣਾ।

***

## ਸੁਰਿੰਦਰ ਪਾਲ ਸਿੰਘ ਦੀਆਂ ਚਾਰ ਗ਼ਜ਼ਲਾਂ

ਹੋਸ਼ ਹਵਾਸ ਤੇ ਇਹਸਾਸ ਹੈ ਪੱਲੇ।
ਮੇਰੇ ਬੜਾ ਕੁਛ ਖਾਸ ਹੈ ਪੱਲੇ।

ਮਿੱਠੇ ਬੋਲ ਤੇ ਨਿੱਘੀਆਂ ਯਾਦਾਂ,
ਇਹ ਸਰਮਾਇਆ ਖਾਸ ਹੈ ਪੱਲੇ।

ਸੁਫਨੇ ਵਿੱਚ ਹੀ ਮਿਲ ਜਾਏ ਕਿਧਰੇ,
ਓਹਦੇ ਦੀਦ ਦੀ ਪਿਆਸ ਹੈ ਪੱਲੇ।

ਦੁੱਖ ਸੁੱਖ ਵੇਲੇ ਗਲੇ ਮਿਲਣ ਦੀ,
ਉਮਰਾਂ ਜੇਡੀ ਆਸ ਹੈ ਪੱਲੇ।

ਮੇਰੇ ਜਿਹਾ ਅਮੀਰ ਨਹੀਂ ਕੋਈ,
ਪੰਜ ਕਕਾਰਾਂ ਦਾ ਲਿਬਾਸ ਹੈ ਪੱਲੇ।

ਦਿਨੇ ਧੁਰ ਕੀ ਬਾਣੀ ਦਿਲ ਵਿੱਚ,
ਸ਼ਾਮ ਲਈ ਰਹਿਰਾਸ ਹੈ ਪੱਲੇ।

***

ਉਸਦੀ ਲੰਮੀ ਹੂਕ, ਦੱਸਦੀ ਹੈ, ਉਹ ਜ਼ਰੂਰ ਤੜਪਿਆ ਹੋਣੈ।
ਲੱਗਦੈ, ਹਿਰਦੇ 'ਚ, ਕਿਸੇ ਲਈ ਮੋਹ ਪਨਪਿਆ ਹੋਣੈ।

ਲਬ ਵੀ ਤਰ ਨੇ, ਸੁਰਤ ਵੀ ਸਮਤੋਲ ਹੈ, ਲੇਕਿਨ,
ਅੱਖ ਦੀ ਲਾਲੀ ਦੱਸਦੀ ਹੈ, ਜ਼ਰੂਰ ਕੁਛ ਰੜਕਿਆ ਹੋਣੈ।

ਤੁਸੀਂ ਨਿਰਾ, ਉਸ ਦੀ ਖਮੋਸ਼ੀ ਤੇ ਨਾ ਜਾਓ, ਸੱਜਣੋ,
ਬੇ-ਸ਼ੱਕ, ਟੁੱਟਣ ਲੱਗਿਆਂ ਖਡੌਣਾ, ਜ਼ਰੂਰ ਛਣਕਿਆ ਹੋਣੈ।

ਤੁਸੀਂ ਸਿਰਫ, ਉਸ ਦੇ, ਲਾਡ ਲਡਾਉਣ ਮਗਰ ਨਾ ਜਾਓ,
ਜਿਸ ਨੇ ਮਸੂਮ ਨੂੰ ਵੱਢਿਆ ਹੈ, ਉਹ ਕੁੱਤਾ ਹਲਕਿਆ ਹੋਣੈ।

ਭੱਠੀ ਵਾਲੀ ਦੱਸੇਗੀ, ਦਾਣਾ ਖਿੜ ਕੇ ਖਿੱਲ ਕਿਵੇਂ ਹੋਇਆ,
ਮੇਰੀ ਜਾਚੇ ਤਾਂ, ਸੀਨੇ ਸੇਕ ਲੱਗਣ ਤੇ, ਭੁੜਕਿਆ ਹੋਣੈ।

ਕੋਈ ਭਲਾ ਕੀ ਕਹੇ, ਓਹਦੇ ਹੋਛੇਪਣ ਦੀ, ਕੀ ਸਫਾਈ ਦੇਵੇ,
ਸਭ ਜਾਣਦੇ ਨੇ, ਭਾਂਡਾ ਊਣਾ ਸੀ, ਤਾਈਓਂ ਛੱਲਕਿਆ ਹੋਣੈ।

***

ਜਦ ਦਿਲ ਦੇ ਅਰਮਾਨ ਲਿਖਾਂਗਾ।
ਤੈਨੂੰ ਸਭ ਤੋਂ ਮਹਾਨ ਲਿਖਾਂਗਾ।

ਸੂਰਤ ਤੇ ਸੀਰਤ ਦਾ ਸੰਗਮ,
ਇਹ ਤੇਰੀ ਪਹਿਚਾਨ ਲਿਖਾਂਗਾ।

ਹਰ ਇਕ ਆਉਂਦੇ ਜਾਂਦੇ ਸਾਹ 'ਤੇ,
ਮੈਂ ਤੈਥੋਂ ਕੁਰਬਾਨ ਲਿਖਾਂਗਾ।

ਦਿਲ ਦੇ ਸੱਦਾ-ਪੱਤਰ ਉੱਤੇ,
ਤੈਨੂੰ ਮੁੱਖ ਮਹਿਮਾਨ ਲਿਖਾਂਗਾ।

ਤੇਰੇ ਬਿਨ ਸੁੰਨੀ ਹਰ ਮਹਿਫਲ,
ਸੁੰਨਾ ਕੁੱਲ ਜ਼ਹਾਨ ਲਿਖਾਂਗਾ।

ਤੇਰੀ ਰਹਿਮਤ ਪਾਉਣ ਲਈ ਮੈਂ,
ਹਰ ਮੁਸ਼ਕਿਲ ਆਸਾਨ ਲਿਖਾਂਗਾ।

✶✶✶

ਮੱਕਾਰਾਂ ਦੇ ਮਤੇ 'ਚ ਭਾਵੇਂ, ਕੋਈ ਤੱਥ ਨਹੀਂ ਹੁੰਦਾ।
ਸੋਚ ਸਮਝ ਕੇ ਕਿਹਾ ਵੀ, ਸਦਾ ਸੱਚ ਨਹੀਂ ਹੁੰਦਾ।

'ਨ੍ਹੇਰੇ ਘਰਾਂ 'ਚ ਦੀਵਿਆਂ, ਕੀ ਚਾਨਣ ਕਰਨਾ,
ਆਪਣਾ ਹੀ ਨ੍ਹੇਰਾ ਉਨ੍ਹਾਂ ਤੋਂ ਤਾਂ, ਮੱਸ ਨਹੀਂ ਹੁੰਦਾ।

ਮੰਜ਼ਲ ਨੂੰ ਪਾਉਣਾ ਫੇਰ ਤਾਂ, ਸੁਫਨਾ ਹੀ ਸਮਝੋ,
ਸੀਸ ਤਲੀ ਤੇ ਪਹਿਲਾਂ ਜੇਕਰ, ਅਤੇ ਹੱਠ ਨਹੀਂ ਹੁੰਦਾ।

ਜਿੱਤੀ ਬਾਜ਼ੀ ਹਾਰ ਵੀ, ਜਾਂਦੇ ਨੇ ਕਈ,
ਸੀਨੇ 'ਚ ਜਿਨ੍ਹਾਂ ਦੇ ਜਜ਼ਬਾ, ਅਤੇ ਹੱਠ ਨਹੀਂ ਹੁੰਦਾ।

ਸਮਝੋ ਨਾ ਮੇਰੀ ਇਸ ਨੂੰ, ਗੁਸਤਾਖੀ ਦੋਸਤੋ,
ਦੁੱਖ ਹੀ ਮੇਰਾ ਐਸਾ ਹੈ, ਜੋ ਦੱਸ ਨਹੀਂ ਹੁੰਦਾ।

ਪਤਾ ਨੀ ਕਿਵੇਂ ਹਰ ਗੱਲ ਤੇ, ਹੱਸ ਲੈਂਦੇ ਨੇ ਲੋਕ,
ਰੋਂਦੇ ਕਿਸੇ ਨੂੰ ਵੇਖ ਕੇ, ਮੈਥੋਂ ਹੱਸ ਨਹੀਂ ਹੁੰਦਾ।

ਭਾਵੇਂ ਮੇਰੀ ਕਵਚ ਵੀ, ਹੈ ਕਮਾਲ ਦੀ,
ਦੁਸ਼ਮਣ ਨੇ ਵੀ ਪਹਿਨਿਆਂ, ਸਦਾ ਕੱਚ ਨਹੀਂ ਹੁੰਦਾ।

✶✶✶

# ਸੁਰਿੰਦਰ ਸ਼ੀਹਰਾ ਦੀਆਂ ਪੰਜ ਗ਼ਜ਼ਲਾਂ

ਇਕ ਜਲਧਾਰਾ ਪਾ ਕੇ ਕੰਗਣ ਆਈ ਸੀ,
ਮੈਨੂੰ ਲੱਗਿਆ ਮੈਨੂੰ ਰੰਗਣ ਆਈ ਸੀ।
ਮੈਂ ਹੀ ਆਪਣੇ ਪੱਕੇ ਘਾਟ ਬਣਾ ਬੈਠਾ,
ਉਹ ਚਰਨਾਂ ਨੂੰ ਛੋਹ ਕੇ ਲੰਘਣ ਆਈ ਸੀ।

ਮੇਰੀਆਂ ਖੁਸ਼ੀਆਂ ਖ਼ੈਰਾਂ ਮੰਗਣ ਆਈ ਸੀ,
ਇਸ ਜੀਵਨ ਦੀਆਂ ਟੁੱਟੀਆਂ ਗੰਢਣ ਆਈ ਸੀ।
ਤੇਰਾਂ ਤੇਰਾਂ ਕਰਕੇ ਮੇਰੇ ਦੁੱਖਾਂ ਦਾ,
ਉਹ ਤਾਂ ਮੋਦੀਖ਼ਾਨਾ ਵੰਡਣ ਆਈ ਸੀ।

ਇਸ ਜਿਊਂਦੇ ਨੂੰ ਜਿਉਣੇ ਜੋਗਾ ਕਰਨ ਲਈ,
ਥੋੜਾ ਬਹੁਤਾ ਰੌਣਕ ਦੇ ਸੰਗ ਭਰਨ ਲਈ।
ਉਜੜੇ ਪੁੱਜੜੇ ਡੂੰਘੇ ਖਾਲੀ ਖੂਹ ਅੰਦਰ,
ਜਲ ਦੀਆਂ ਕੁਝ ਤਸਵੀਰਾਂ ਟੰਗਣ ਆਈ ਸੀ।

ਮੈਂ ਮਿੱਟੀ ਹਾਂ, ਅਗਨ ਪਵਨ ਜਲ ਨੂੰ ਪੁੱਛੋ,
ਕੌਣ ਹੈ ਉੱਚਾ ਨੀਵਾਂ ਕਿਸ ਵਿਚ ਹੈ ਖ਼ੁਸ਼ਬੋ।
ਮੈਂ ਤਾਂ ਖ਼ੂਨ ਖਰਾਬੇ ਬਦੀਆਂ ਝੱਲਦੀ ਹਾਂ,
ਮੈਂ ਕਦ ਚੰਗੇ ਮੰਦੇ ਜੰਮਣ ਆਈ ਸੀ।

ਏਥੇ ਢੋਲਕੀਆਂ ਤੇ ਛੈਣੇ ਵੱਜਦੇ ਜੋ,
ਇਸ ਦੀ ਉਸ ਦਰਵਾਜੇ ਨਾ ਪਹੁੰਚੇ ਕਨਸੋ।
ਰਾਤੀਂ ਮੇਰੇ ਲੀਕ ਘੁਮਾ ਕੇ ਚਹੁੰ ਪਾਸੀਂ,
ਸਿਵਿਆਂ ਵਾਂਗਰ ਬੰਨਣ ਆਈ ਸੀ।

ਮੈਂ ਦੁੱਖਾਂ ਨੂੰ ਦੁਰਗ ਬਣਾ ਕੇ ਜੀਅ ਲੈਣਾ,
ਅਗਲੇ ਜਨਮ ਮਿਲਾਂਗੇ ਕਹਿ ਕੇ ਕੀ ਲੈਣਾ।
ਹੁਣ ਪਛਤਾਉਨਾਂ ਉਸ ਨੂੰ ਏਦਾਂ ਨਾ ਕਹਿੰਦਾ,
ਉਹ ਜੋ ਵਿੱਤ ਮੁਤਾਬਕ ਥੰਮਣ ਆਈ ਸੀ।

ਆਪਣੇ ਆਲ੍ਹਣਿਆਂ ਅੰਦਰ ਵੀ ਠਰਦੀ ਸੀ,
ਅੰਦਰ ਸੱਧਰਾਂ ਲੈ ਕੇ ਉਡਣੋ ਡਰਦੀ ਸੀ।
ਸੀਹਰੇ ਉਸ ਨੂੰ ਨਜ਼ਮ ਬਣਾ ਕੇ ਥੰਮ ਲਿਆ,
ਉਹ ਜੋ ਉਸ ਦੇ ਅੰਦਰ ਕੰਬਣ ਆਈ ਸੀ।

***

ਚੁੱਪ ਚੁੱਪ ਰਹਿਣਾ ਕੁਝ ਨਾ ਕਹਿਣਾ ਹੈ ਐਸਾ ਹਥਿਆਰ।
ਜਿਸ ਤਨ ਲਗਦਾ ਉਸ ਤਨ ਅੰਦਰ ਮਚਦੀ ਹਾਹਾਕਾਰ।

ਸੁਪਨੇ ਅੰਦਰ ਆਪੇ ਆਪਣੇ ਗਲ੍ਹ ਵਿਚ ਪਾ ਕੇ ਹਾਰ,
ਲੋਥੜਿਆਂ ਸੰਗ ਖੇਡ ਰਹੀ ਸੀ ਇਕ ਰਤਵੰਨੀ ਨਾਰ।

ਨਾਮ ਤਾਂ ਕਹਿੰਦੀ ਮਾਪਿਆਂ ਨੇ ਸੀ ਰੱਖਿਆ ਰਾਮਕਲੀ,
ਪਰ ਕੰਡਿਆਂ ਸੰਗ ਭਰਿਆ ਰਹਿੰਦਾ ਹੈ ਮੇਰਾ ਸੰਸਾਰ।

ਤੇਰਾ ਚਿਹਰਾ, ਦੀਵੇ, ਤਾਰੇ ਤੇ ਪਿੰਡ ਦੀ ਰਹਿਰਾਸ,
ਜਦ ਵੀ ਯਾਦ ਕਰਾਂ ਸੀਨੇ ਵਿਚ ਫਿਰ ਜਾਂਦੀ ਹੈ ਤਾਰ।

ਹੁਣ ਕਿਹੜਾ ਮੈਂ ਕੱਫ਼ਣੀ ਪਾਉਂਨਾ, ਜਿਹੜੀ ਮੇਚ ਨਹੀਂ,
ਸਾਰੀ ਉਮਰ ਸੀ ਤੇਰਾ ਮੇਰਾ ਇਕ ਹੀ ਨਾਪ ਨੁਹਾਰ।

ਇਕ ਦਿਨ ਮੈਨੂੰ ਰੋ ਰੋ ਮੇਰੇ ਪੁਰਖੇ ਆਏ ਯਾਦ,
ਮੈਂ ਬੱਚਿਆਂ ਤੇ ਕਰ ਬੈਠਾ ਜਦ, ਇਕ ਮਰਦਾਨਾ ਵਾਰ।

ਬਹੁਤ ਦਿਨਾਂ ਤੋਂ ਮਿਲਿਆ ਨਹੀਂ ਤੂੰ, ਨਾ ਤੇਰੀ ਕਨਸੋਹ,
ਇਕ ਦਿਨ ਮੈਨੂੰ ਕਹਿੰਦਾ ਮੇਰੇ ਅੰਦਰਲਾ ਫ਼ਨਕਾਰ।

ਕਿੱਧਰ ਗਏ ਉਹ ਹਿੰਦੂ ਮੁਸਲਿਮ ਤੇ ਆਪਣੇ ਸਰਦਾਰ,
ਇੱਕ ਦੂਜੇ ਦੇ ਸਿਰ ਤੇ ਜਿਹੜੇ ਧਰਦੇ ਸੀ ਦਸਤਾਰ।

ਓਸ ਉਡਾਰੀ ਲਈ ਵੀ ਸਹਿਰੇ ਸਾਹ ਸਤ ਚਾਹੀਦਾ,
ਤਿੱਤਲੀ ਦੇ ਖੰਭਾਂ ਤੇ ਹੁੰਦਾ ਜਦ ਪਰਬਤ ਦਾ ਭਾਰ।

***

ਮੇਰੇ ਅੰਦਰ ਰੂਹਾਨੀ ਫਲਸਫ਼ੇ ਦੀ ਹੈ ਕਹਾਣੀ।
ਮਗਰ ਫਿਰਦੀ ਹੈ ਮੈਨੂੰ ਚੌਰ ਲੈ ਕੇ ਹੋਰ ਢਾਣੀ।

ਇਕੱਲੇ ਦੀ ਹੀ ਇਸ ਦਰਿਆ 'ਚ ਮੇਰੀ ਲਾਸ਼ ਜਾਣੀ।
ਨਹੀਂ ਇਹ ਦਾਰ* ਦੀ ਤੇ ਰਾਜ ਬੀਬੀ ਦੀ ਕਹਾਣੀ।

ਕਿਸੇ ਤਾਰੇ ਨੇ ਰਾਤੀਂ ਰੌਸ਼ਨੀ ਦੀ ਲੱਜ ਸੁੱਟੀ
ਨਿਖ਼ਸਮੇ ਨੇ ਜਵਾਨੀ ਫੂਕ ਦਿੱਤੀ, ਮੌਤ ਮਾਣੀ।

ਮੇਰੇ ਨੈਣਾਂ 'ਚੋਂ ਕੀ ਡਿੱਗੀਆਂ ਇਨ੍ਹਾਂ ਤੇ ਚਾਰ ਬੂੰਦਾਂ
ਕਿ ਤਪਦੇ ਕੋਲਿਆਂ ਨੇ ਛੇੜ ਲਈ ਆਪਣੀ ਕਹਾਣੀ।

ਜੇ ਤਨ ਤੇ ਰਾਖ਼ ਮਲ਼ਦਾ ਹਾਂ ਤਾਂ ਕਹਿੰਦਾ ਧਰਮਕਾਂਟਾ
ਕਿਸੇ ਦੀ ਖ਼ਾਕ ਨੇ ਤੇਰੀ ਨਹੀਂ ਹਉਮੈਂ ਜਲ਼ਾਣੀ।

ਸਰੀਰਾਂ ਦੇ ਬਿਨਾਂ ਇਕ ਦੂਸਰੇ ਦੇ ਨੇ ਇਹ ਦੁਸ਼ਮਣ
ਸਰੀਰਾਂ ਵਿਚ ਇਕੱਠੇ ਵਸ ਰਹੇ ਨੇ ਅਗਨ ਪਾਣੀ।

ਇਨ੍ਹਾਂ ਸੁਰਤੰਦੀਆਂ ਵਿਚ ਜੇ ਨਹੀਂ ਸੀਹਰੇ ਤਰੰਨਮ
ਤੇਰੇ ਅੰਦਾਜ਼ ਨੂੰ ਤਾਂ ਹੈ ਗ਼ਜ਼ਲ ਆਉਂਦੀ ਸੁਣਾਉਣੀ।

*** ਨਾਮਦਾਰ**

✶✶✶

ਔਖਾ ਕਬੂਲ ਕਰ ਜਾਂ ਸੌਖਾ ਕਬੂਲ ਕਰ।
ਜੋ ਆਤਮਾਂ ਨੇ ਪਾਇਆ ਚੋਲ਼ਾ ਕਬੂਲ ਕਰ।

ਮੇਰੀ ਸਦਾਅ ਕਬੂਲ ਕਰ ਹੋਕਾ ਕਬੂਲ ਕਰ।
ਜਿੰਨੇ ਕੁ ਮੇਰੇ ਰੋਮ ਨੇ ਓਨਾ ਕਬੂਲ ਕਰ।

ਕੰਗਣ ਨਹੀਂ ਮੈਂ ਤੇਰੇ ਬਣ ਕੇ ਕੜਾ ਸਜਾਂਗਾ,
ਸੋਨਾ ਨਹੀਂ, ਤੂੰ ਮੇਰਾ ਲੋਹਾ ਕਬੂਲ ਕਰ।

ਜੋ ਭਟਕਦਾ ਖਲ਼ਾਅ ਵਿਚ ਤੇਰਾ ਮੇਰਾ ਖਿਡੌਣਾ,
ਬੱਚਿਆ! ਲੈ ਹੰਝੂਆਂ ਦਾ ਤੋਹਫ਼ਾ ਕਬੂਲ ਕਰ।

ਉਹ ਮਹਿਕ ਬਣ ਕੇ ਮੇਰਾ ਅੰਦਰ ਹੀ ਭਰ ਗਿਆ ਸੀ,
ਰੋਜ਼ਾ ਨਿਭਾਅ ਨਾ ਹੋਇਆ ਤੌਬਾ ਕਬੂਲ ਕਰ।

ਤਰਦੀ ਤੁਲ਼ਾ ਦੇ ਅੰਦਰ ਦੀਵਾ ਜਗਾ ਤੇ ਮੈਨੂੰ,
ਅਗਲੇ ਜਹਾਨ ਤੋਰ ਕੇ ਸ਼ੋਭਾ ਕਬੂਲ ਕਰ।

ਹੁਣ ਤੱਕ ਗਲਤੀਆਂ ਨੇ ਰੱਖਿਆ ਲਕੋ ਕੇ ਸੀਹਰਾ,
ਫਿਰ ਵੀ ਇਹ ਮੇਰਾ ਸੱਚਾ ਸੌਦਾ ਕਬੂਲ ਕਰ।

***

ਆ ਲਾਹ ਦਵੋ ਗਲ਼ੇ 'ਚੋਂ ਕੋਈ ਲੈ ਲਵੋ ਸਪਾਰੀ।
ਮਾਲ਼ਾ ਪਰੋ ਕੇ ਬੈਠਾ ਮੈਂ ਹਾਂ ਕਪਾਲਧਾਰੀ।

ਨਾ ਮੰਤਰਾਂ ਬੁਝਾਈ ਨਾ ਤੰਤਰਾਂ ਹੀ ਠਾਰੀ,
ਇਹ ਭਸਮ ਦੋ ਦਿਲਾਂ ਦੀ ਜਾਵੇ ਵੀ ਨਾ ਖਿਲਾਰੀ।

ਸੁਪਨੇ 'ਚ ਰਿਸ਼ਤਿਆਂ ਦੇ ਦਿਸਦੇ ਨੇ ਕਰੰਗ ਮੈਨੂੰ
ਪਰ ਭੌਰ ਤਾਂ ਉਨ੍ਹਾਂ ਦੇ ਸਭ ਮਾਰ ਗਏ ਉਡਾਰੀ।

ਕਾਲ਼ਾ ਸੀ ਜਾਂ ਸੀ ਚਿੱਟਾ, ਜਾਦੂ ਸੀ ਖਬਰੇ ਕਿਹੜਾ
ਕੱਚੀ ਮਸਾਣ ਛੇੜੀ ਹੋਈ ਜੋ ਇਹ ਖੁਆਰੀ।

ਗਹਿਰਾ ਸੀ ਜ਼ਖਮ ਏਨਾ ਤੇ ਦਰਦ ਉਸ ਦਾ, ਤੌਬਾ!
ਉਸ ਦਾ ਹੀ ਹੋ ਗਿਆ ਮੈਂ ਜਿਸ ਨੇ ਵੀ ਹਾਕ ਮਾਰੀ।

ਆਪਣੇ ਕਿਨਾਰਿਆਂ ਤੋਂ ਸੀ ਕਿਸ ਤਰ੍ਹਾਂ ਦਾ ਸੰਗਣ
ਰੇਤੇ 'ਚ ਜਾ ਸਮਾਈ ਜਦ ਮੈਂ ਨਦੀ ਨਿਹਾਰੀ।

ਸਿਰ ਵਿਚਲੇ ਟੋਏ ਦੱਸਦੇ ਕੇਹੇ ਤੇਰੇ ਸਿਤਾਰੇ,
ਥੋੜੀ ਖੁਸ਼ੀ ਹੈ ਸੀਹਰੇ ਬਹੁਤੀ ਹੈ ਅਵਾਜ਼ਾਰੀ।

***

## ਜਸਵਿੰਦਰ ਮਾਨ ਦੀਆਂ ਪੰਜ ਗ਼ਜ਼ਲਾਂ

ਜੇ ਪਲਕਾਂ ਤੋਂ ਗਿਰਾਂ ਤਾਂ, ਨਦੀ ਵਿੱਚ ਤਾਰ ਦੇਣਾ,
ਮੈਂ ਬਿੰਦੂ ਹਾਂ ਸਫੇ ਤੇ, ਤੁਸੀਂ ਵਿਸਥਾਰ ਦੇਣਾ।

ਆਹ ਤੁਰਿਆ ਹੈ ਸਫਰ ਜੋ, ਕਿਤੇ ਨਾ ਠਹਿਰ ਜਾਵੇ,
ਮਿਲ਼ੇ ਰੁਕਿਆ ਜੇ ਪਾਣੀ, ਤਾਂ ਪੱਥਰ ਮਾਰ ਦੇਣਾ।

ਕਿਸੇ ਨੇ ਮੁੱਕਣਾ ਹੈ ਕਿਸੇ ਦੀ ਹੋਂਦ ਅੰਦਰ,
ਕਿਸੇ ਦੇ ਵਹਿਣ ਅੰਦਰ,ਕਿਨਾਰਾ ਖਾਰ ਦੇਣਾ।

ਕਹਾਣੀ ਲਿਖ ਰਿਹਾਂ ਜੋ,ਹੈ ਇਸਦੇ ਅੰਤ ਵੇਲੇ,
ਹੈ ਤਖਤਾਂ ਨੂੰ ਕਿਸੇ ਨੇ,ਕਿਸੇ ਤੋਂ ਵਾਰ ਦੇਣਾ।

ਨਦੀ ਸੁੱਕੀ ਪਈ ਹੈ,ਸਮੇਂ ਨੇ ਪਾਰ ਜਾਣਾ,
ਮੈਂ ਪਾਣੀ ਬਖਸ਼ ਦਿਨਾ,ਤੁਸੀਂ ਪਤਵਾਰ ਦੇਣਾ।

ਤੁਸਾਂ ਦਾ ਹੁਕਮ ਹੋਇਆ, ਕੇ ਚੁਲ੍ਹੇ ਕੋਲ਼ ਬਹਿ ਜਾ,
ਇਵੇਂ ਹੀ ਸੇਕ ਮੇਰਾ ਤੁਸਾਂ ਨੇ ਠਾਰ ਦੇਣਾ।

***

ਮੈ ਤਾਂ ਸੀਸ ਨਿਵਾ ਕੇ ਤੁਰਿਆ,
ਮਨ ਦੀ ਖਾਕ ਬਣਾ ਕੇ ਤੁਰਿਆ।

ਹਿੱਸਾ ਮੇਰੇ ਘਰ ਦਾ ਸੀ ਓਹ,
ਤੂੰ ਜੋ ਦੀਪ ਬੁਝਾ ਕੇ ਤੁਰਿਆ।

ਮੇਰੀ ਸਰਦਲ਼ ਤੇ ਰਹਿ ਚੱਲਾ,
ਦਰ ਮੇਰੇ ਤੋਂ ਆ ਕੇ ਤੁਰਿਆ।

ਲਾਹ ਕੇ ਹੱਥਾਂ ਦੀਆਂ ਲਕੀਰਾਂ,
ਮੇਰੇ ਪੈਰੀਂ ,ਵਾਹ ਕੇ ਤੁਰਿਆ।

ਛੋਹ ਕੇ ਲੰਘਿਆ ਪਾਣੀ ਮੇਰਾ,
ਮੇਰਾ ਅਕਸ,ਹਿਲਾ ਕੇ ਤੁਰਿਆ।

ਮਿੱਟੀ ਦੇ ਪੈਰੀਂ ਆ ਬੈਠਾ,
ਸਿਰ ਨੂੰ ਫੇਰ ਕਟਾ ਕੇ ਤੁਰਿਆ।

ਉਮਰਾਂ ਦੀ ਇਸ ਰੱਸੀ ਉਤੇ,
ਕਿਦਾਂ ਪੈਰ ਟਿਕਾਅ ਕੇ ਤੁਰਿਆ।

***

ਅੱਖੀਆਂ ਮੁੰਦ ਕੇ ਬੈਠ ਗਿਆ ਸਾਂ, ਨੇਹਰਾ ਹੋਣ ਤੋਂ ਪਹਿਲਾਂ ਮੈਂ,
ਫੇਰ ਬੁਝਾ ਬੈਠਾ ਸਭ ਦੀਵੇ, ਸੂਰਜ ਸੌਣ ਤੋਂ ਪਹਿਲਾਂ ਮੈਂ।

ਬਸ ਉਡੀਕਾਂ ਵਿੱਚ ਲੰਘੀ ਹੈ,ਤਪਦਾ ਖਪਦਾ ਬੀਤ ਗਿਆਂ,
ਆਪਣਾ ਆਪਾ ਬੰਦ ਕਰ ਲਿਆ,ਬੂਹੇ ਢੋਣ ਤੋਂ ਪਹਿਲਾਂ ਮੈਂ।

ਸ਼ਾਇਦ ਮੇਰੇ ਵਰਗਾ ਹੋਵੇ,ਆਖਿਰ ਮੇਰਾ ਸ਼ੀਸ਼ਾ ਹੈ,
ਆਪਣਾ ਆਪਾ ਛੋਹ ਕੇ ਵੇਖਾਂ, ਇਸ ਨੂੰ ਛੋਹਣ ਤੋਂ ਪਹਿਲਾਂ ਮੈਂ।

ਖੁੱਲ ਜਾਵਣਗੇ ਬੰਦ ਦਰਵਾਜ਼ੇ,ਸ਼ਾਇਦ ਇਕ ਦਿਨ ਆਪੇ ਹੀ,
ਹੋ ਸਕਦਾ ਆਪੇ ਮੁੜ ਆਵਾਂ,ਆਪਣੇ ਆਣ ਤੋਂ ਪਹਿਲਾਂ ਮੈਂ।

ਤਿੜਕੀ ਨੀਂਦਰ ਦੇ ਵਿੱਚ ਆਪੇ,ਪੱਥਰ ਬੀਜ ਦਵਾਂ ਕੋਈ,
ਆਪਣੇ ਮੱਥੇ ਦੇ ਵਿੱਚ ਕੋਈ,ਸੂਲ਼ ਪਰੋਣ ਤੋਂ ਪਹਿਲਾਂ ਮੈਂ।

ਬਾਪ ਦੇ ਮੱਥੇ ਦੇ ਵਿੱਚ ਧਰਦਾਂ,ਮਾਂ ਦੇ ਟੁੱਟੇ ਸੁਪਨੇ ਨੂੰ,
ਨਾ ਹੋਵਣ ਦੀ ਲਿਖਾਂ ਕਹਾਣੀ,ਮੁੜ ਮੁੜ ਹੋਣ ਤੋਂ ਪਹਿਲਾਂ ਮੈਂ।

ਇੱਕ ਸਿਲਵਟ ਨੂੰ ਰੱਖ ਆਇਆ ਹਾਂ,ਘਰ ਦੀ ਸਰਦਲ਼ ਤੋਂ ਬਾਹਰ,
ਸ਼ੀਸ਼ੇ ਅੱਗੇ ਧਰਿਆ ਚੇਹਰਾ,ਨਕਸ਼ ਲਕੋਣ ਤੋਂ ਪਹਿਲਾਂ ਮੈਂ।

***

ਧਰਤੀ ਤੇ ਆਪਣੇ ਬੱਦਲਾਂ ਨੂੰ,ਤੁਸੀਂ ਵਰਦੇ ਵਰਦੇ ਰੋਕ ਲਿਆ,
ਇਸ ਰਸਤੇ ਤੁਰ ਹੀ ਜਾਣਾ ਸੀ,ਮੈਨੂੰ ਤੁਰਦੇ ਤੁਰਦੇ ਰੋਕ ਲਿਆ।

ਮੈਂ ਫੇਰ ਨਦੀ ਦੇ ਪਾਣੀ ਨੂੰ, ਅੱਜ ਉਣਾ ਕਰ ਕਰ ਤੋਰ ਲਿਆ,
ਮੈਂ ਫੇਰ ਨਦੀ ਦੇ ਕੰਢੇ ਨੂੰ,ਅੱਜ ਖੁਰਦੇ ਖੁਰਦੇ ਰੋਕ ਲਿਆ।

ਮੈਂ ਫੇਰ ਪਿਆਲੇ ਧਰ ਦਿੱਤੀ ਸੀ ਪਿਆਸ ਸਮੇਂ ਦੇ ਪਾਣੀ ਦੀ,
ਇੰਝ ਫੇਰ ਮੈਂ ਆਪਣੇ ਯਾਰਾਂ ਨੂੰ,ਕੱਲ ਮੁੜਦੇ ਮੁੜਦੇ ਰੋਕ ਲਿਆ।

ਕਿਤੇ ਰਾਹਾਂ ਦੇ ਵਿੱਚ ਰੱਖ ਆਇਆਂ,ਮੈਂ ਫੇਰ ਉਮਰ ਦੀਆਂ ਟਿੰਡਾਂ ਨੂੰ,
ਮੈਂ ਫੇਰ ਸਮੇਂ ਦਾ ਹਲ਼ਟ ਜਿਹਾ,ਅੱਜ ਗਿੜਦੇ ਗਿੜਦੇ ਰੋਕ ਲਿਆ।

ਨੈਣਾ ਚੋਂ ਗਿਰਦੀ ਪਾ ਦਿੱਤੀ,ਇੱਕ ਬੂੰਦ ਨਦੀ ਦੇ ਪਿੰਡੇ 'ਤੇ,
ਸਾਗਰ ਵਿੱਚ ਡਿੱਗਦੇ ਪਾਣੀ ਨੂੰ,ਮੈਂ ਖੁੜਦੇ ਖੁੜਦੇ ਰੋਕ ਲਿਆ।

ਮੈਂ ਫਿਰ ਆਪਾ ਸੰਭਾਲ਼ ਲਿਆ, ਮੈਂ ਫਿਰ ਇੱਕ ਮੁੱਠੀ ਮੀਚ ਲਈ,
ਹੱਥਾਂ ਚੋਂ ਕਿਰਦੀਆਂ ਲੀਕਾਂ ਨੂੰ, ਮੈਂ ਗਿਰਦੇ ਗਿਰਦੇ ਰੋਕ ਲਿਆ।

✶✶✶

## ਰਾਜਿੰਦਰਜੀਤ ਦੀਆਂ ਗ਼ਜ਼ਲਾਂ

ਸਫ਼ਰ ਨੂੰ ਲਿਖਦਿਆਂ ਅੱਜ ਫੇਰ ਮਨ ਵਿਚ,
ਉਹੀ ਅੱਖਰ ਭੁਲਾਵੇਂ ਆ ਰਹੇ ਨੇ।
ਜਿਨ੍ਹਾਂ ਰਾਹਾਂ ਨੂੰ ਗਾਹ ਚੁੱਕੇ ਸੀ ਪਹਿਲਾਂ,
ਉਹੀ ਮੁੜ ਮੁੜ ਕੇ ਸਾਹਵੇਂ ਆ ਰਹੇ ਨੇ।

ਜਿਨ੍ਹਾਂ ਬੰਜਰ ਜ਼ਮੀਰਾਂ ਕੀਤੀਆਂ ਸਨ,
ਉਹ ਸਾਰੇ ਮੁੜ ਰਹੇ ਹਰਿਆਵਲਾਂ ਨੂੰ।
ਜੋ ਬਾਰੂਦਾਂ 'ਚ ਖ਼ੁਦ ਨੂੰ ਸਾੜ ਬੈਠੇ,
ਉਹ ਹੁਣ ਅੱਖਰਾਂ ਦੀ ਛਾਂਵੇਂ ਆ ਰਹੇ ਨੇ।

ਤੁਸਾਂ ਜੋ ਨ੍ਹੇਰ ਵਿਚ ਦੀਵੇ ਜਗਾਏ,
ਉਨ੍ਹਾਂ ਇਸ 'ਤੇ ਵੀ ਸੌ ਇਤਰਾਜ਼ ਲਾਏ।
ਸਿਰਾਂ ਨੂੰ ਸਾਂਭ ਕੇ ਰਖਿਓ, ਅਦੀਬੋ.
ਕਿਤੋਂ ਪੱਥਰ ਚਲਾਵੇਂ ਆ ਰਹੇ ਨੇ।

ਬੜਾ ਨਿੱਖਰ ਗਿਆ ਅਸਮਾਨ ਸਾਰਾ,
ਰਵਾਇਤੀ ਹੈ ਸਫ਼ਰ ਦਾ ਇਹ ਨਜ਼ਾਰਾ।
ਕਤਾਰਾਂ ਬੰਨ੍ਹ, ਰੁੱਖ ਧੁੱਪੇ ਖੜ੍ਹੇ ਨੇ,
ਮੁਸਾਫ਼ਰ ਛਾਂਵੇਂ-ਛਾਵੇਂ ਆ ਰਹੇ ਨੇ।

ਮੇਰਾ ਇਹ ਕਾਸ਼, ਸੁਪਨਾ ਸੱਚ ਹੋਵੇ,
ਕਿ ਬੁਝ ਚੁੱਕੇ ਨੇ ਸਰਹੱਦਾਂ ਦੇ ਲਾਂਬੂ।
ਮਨਾਂ ਵਿੱਚ ਆਸ ਦੀ ਕਾਤਰ ਜਗੀ ਹੈ,
ਸੁਨੇਹੇ ਵੀ ਸੁਖਾਵੇਂ ਆ ਰਹੇ ਨੇ।

ਤਿਹਾਏ ਅਹੁਲਦੇ ਜਿਉਂ ਪਾਣੀਆਂ ਨੂੰ,
ਸਹਾਰਾ ਭਾਲਦੇ ਫਿਰਦੇ ਅਨਾਥੇ।
ਐ ਕਵਿਤਾ! ਖੋਲ੍ਹ ਦੇ ਦਰ ਆਪਣਾ ਤੂੰ,
ਤੁਰੇ ਸ਼ਾਇਰ ਨਿਥਾਂਵੇਂ ਆ ਰਹੇ ਨੇ।

ਮੈਂ ਅਭਿਲਾਸ਼ੀ ਸਾਂ ਵਗਦੇ ਪਾਣੀਆਂ ਦਾ,
ਇਨ੍ਹਾਂ 'ਤੇ ਮਾਣ ਕਰਨਾ ਲਾਜ਼ਮੀ ਸੀ।
ਤੇਰੇ ਸਭ ਫੁੱਲ ਜੇਕਰ ਡੁੱਬ ਰਹੇ ਸਨ,
ਮੇਰੇ ਪੱਥਰ ਦਾ ਤਰਨਾ ਲਾਜ਼ਮੀ ਸੀ।

ਜੋ ਸਾਨੂੰ ਦਰਦ ਸੀ ਵਿਰਸੇ 'ਚ ਮਿਲਿਆ,
ਉਹਨੂੰ ਮੱਥੇ ਸਜਾਉਣਾ ਸੀ ਜ਼ਰੂਰੀ।
ਜੋ ਵਾਹੀਆਂ ਵਕਤ ਨੇ ਹਿੱਕ 'ਤੇ ਲਕੀਰਾਂ,
ਉਨ੍ਹਾਂ ਵਿੱਚ ਰੰਗ ਭਰਨਾ ਲਾਜ਼ਮੀ ਸੀ।

ਘਟਾਵਾਂ ਬੋਚ ਲੈਂਦਾ ਤਾਂ ਕੀ ਕਰਦਾ,
ਜੇ ਪਾਣੀ ਸਾਂਭ ਰੱਖਦਾ ਤਾਂ ਕੀ ਕਰਦਾ।
ਉਦੋਂ ਬਲਦਾ ਪਿਆ ਸੀ ਸ਼ਹਿਰ ਸਾਰਾ,
ਤੇ ਮੇਰਾ ਸ਼ਾਂਤ ਵਰਨਾ ਲਾਜ਼ਮੀ ਸੀ।

ਮੇਰੀ ਮਿੱਟੀ ਨੇ ਮੇਰੀ ਨੀਂਹ ਨੂੰ ਹਾਲੇ,
ਸੀ ਬੁੱਕਲ਼ ਆਪਣੀ ਵਿਚ ਸਾਂਭ ਰੱਖਿਆ।
ਤੇ ਆਪਣੀ ਨਾ ਸਹੀ, ਇਸਦੀ ਹੀ ਖ਼ਾਤਰ,
ਮੇਰਾ ਢਹਿ ਕੇ ਉਸਰਨਾ ਲਾਜ਼ਮੀ ਸੀ।

ਦਿਲੋਂ ਏਨਾ ਕੁ ਮੇਰਾ ਮੋਹ ਜਤਾ ਕੇ,
ਮੇਰੇ ਰਾਹਾਂ ਤੋਂ ਸੁੱਕੇ ਫੁੱਲ ਹਟਾ ਕੇ।
ਤੁਸਾਂ ਜੋ ਤਾਜ਼ੀਆਂ ਸੂਲ਼ਾਂ ਵਿਛਾਈਆਂ,
ਉਨ੍ਹਾਂ 'ਤੇ ਪੈਰ ਧਰਨਾ ਲਾਜ਼ਮੀ ਸੀ!

***

ਜਦੋਂ ਚਾਨਣ ਦੀ ਖਾਹਿਸ਼ ਮਨ ਦੀ ਇਸ ਮਮਟੀ 'ਤੇ ਆ ਬੈਠੇ,
ਤਾਂ ਮੁਮਕਿਨ ਹੈ ਕਿ ਸੂਰਜ ਹੀ ਮੇਰੀ ਖਿੜਕੀ 'ਤੇ ਆ ਬੈਠੇ।

ਹਵਾ ਨੂੰ ਹੀ ਨਹੀਂ, ਇਹ ਤਾਂ ਸ੍ਰਿਸ਼ਟੀ ਨੂੰ ਵੀ ਮਿਹਣਾ ਹੈ,
ਪਰਿੰਦਾ ਉਡਣਾ ਛੱਡ ਕੇ ਜਦੋਂ ਧਰਤੀ 'ਤੇ ਆ ਬੈਠੇ।

ਉਦੋਂ ਸਮਝੀਂ ਮੈਂ ਚੇਤੇ ਕਰ ਰਿਹਾਂ ਤੈਨੂੰ, ਜਦੋਂ ਕਿਧਰੇ,
ਕਿਸੇ ਬੱਦਲੀ ਦਾ ਪਰਛਾਵਾਂ ਤੇਰੀ ਚੁੰਨੀ 'ਤੇ ਆ ਬੈਠੇ।

ਉਮਰ ਭਰ ਤੁਰਦਿਆਂ ਹੋਇਆਂ ਕਦੇ ਐਸਾ ਵੀ ਹੋ ਸਕਦੈ,
ਕਿ ਮੰਜ਼ਿਲ ਖ਼ੁਦ ਤੁਹਾਥੋਂ ਸਾਹ ਕੁ ਦੀ ਦੂਰੀ 'ਤੇ ਆ ਬੈਠੇ।

ਖਿਲਾਰਾਂ ਚੋਗ ਮੈਂ ਹੱਥੀਂ ਜਦੋਂ ਸੁੱਚੀ ਮੁਹੱਬਤ ਦੀ,
ਮੇਰੇ ਵਿਹੰਦੇ ਸਗਲ ਅੰਬਰ ਮੇਰੀ ਛਤਰੀ 'ਤੇ ਆ ਬੈਠੇ।

ਉਦੋਂ ਆਸ਼ਿਕ. ਦਾ ਮਰਨਾ ਹੋਰ ਵੀ ਤਕਲੀਫ਼-ਦੇਹ ਹੁੰਦੈ,
ਜਦੋਂ ਉਡਦੀ ਹੋਈ ਤਿਤਲੀ ਉਹਦੀ ਸੂਲ਼ੀ 'ਤੇ ਆ ਬੈਠੇ।

***

ਬੰਦ ਕਮਰੇ ਵਿੱਚ ਖ਼ੁਦ ਹੀ ਸਜ-ਸੰਵਰ ਕੇ ਅੱਖ ਭਰਨਾ,
ਦੀਵਿਆਂ ਵੇਲ਼ੇ ਕਿਸੇ ਦਾ ਧਿਆਨ ਧਰ ਕੇ ਅੱਖ ਭਰਨਾ।

ਸਾਂਵੀਆਂ ਨਦੀਆਂ ਦੇ ਅੰਦਰ ਹੜ੍ਹ ਲਿਆ ਦਿੱਤੇ ਨੇ ਆਪਾਂ,
ਸਾਨੂੰ ਇਹ ਤਾਕੀਦ ਸੀ- ਬਿਲਕੁਲ ਨ ਮਰ ਕੇ ਅੱਖ ਭਰਨਾ।

ਸ਼ਾਦ ਹੋਕੇ ਲੰਘ ਜਾਣਾ ਔਖੀਆਂ ਸਭ ਘਾਟੀਆਂ ਨੂੰ,
ਹੈ ਅਦਾ ਸਾਡੀ ਕਿ ਸਭ ਕੁਝ ਕਰ-ਗੁਜ਼ਰ ਕੇ ਅੱਖ ਭਰਨਾ।

ਤੁਰਦਿਆਂ ਨੂੰ ਤੋਰਿਆ ਨਾ ਸੀ ਕਿਸੇ ਨੇ ਨੈਣ ਭਰਕੇ,

ਉਸ ਬਿਗਾਨੀ ਜੂਹ 'ਚ ਫਿਰ ਕਿਉਂ ਪੈਰ ਧਰਕੇ ਅੱਖ ਭਰਨਾ ?
ਬਰਸੀਆਂ ਕਣੀਆਂ ਬਿਨਾ ਜਾਣੇ ਤੋਂ ਹੀ ਮੇਰੀ ਔਕਾਤ,
ਪੀਣ ਵੇਲੇ ਮੈਂ ਵੀ ਤਾਂ ਪੁੱਛਦਾ ਨਹੀਂ ਪਾਣੀ ਦੀ ਜ਼ਾਤ।

ਬੇਲਿਆਂ ਨੂੰ ਯਾਦ ਹਨ ਇੱਕ ਆਸ ਦੇ ਬਾਰਾਂ ਵਰ੍ਹੇ,
ਇੱਕ ਨਾ ਇੱਕ ਦਿਨ ਏਧਰੋਂ ਲੰਘੇਗੀ ਰਾਂਝੇ ਦੀ ਬਰਾਤ।

ਭਰ ਰਿਹੈ ਹੁਣ ਵੀ ਹੁੰਗਾਰੇ ਜਾਗਦਾ ਸਾਰਾ ਨਗਰ,
ਦੇਰ ਹੋਈ ਸੌਂ ਗਿਆ ਸੀ ਉਹ ਮੁਕੰਮਲ ਕਰਕੇ ਬਾਤ।

ਮੋੜ, ਰਸਤੇ, ਰੁੱਖ- ਸਭ ਕੁਝ ਵਟ ਗਿਆ ਤਸਵੀਰ ਵਿੱਚ,
ਇੱਕ ਅਰਸੇ ਤੋਂ ਇਨ੍ਹਾਂ 'ਤੇ ਤੂੰ ਕਦੇ ਪਾਈ ਨਾ ਝਾਤ।

ਕੋਈ ਵੀ ਦਾਅਵਾ ਨਹੀਂ ਇਸ ਵਕ਼ਤ ਦੀ ਸ਼ਤਰੰਜ 'ਤੇ,
ਤੂੰ ਬਣਾਏ ਸਨ ਜੋ ਮੋਹਰੇ, ਦੇ ਗਏ ਤੈਨੂੰ ਹੀ ਮਾਤ।

***

5ਆਬ ਇਕ ਪ੍ਰਕਾਸ਼ਨ ਹੀ ਨਹੀਂ ਸਗੋਂ ਸਾਹਿਤ, ਚਿੰਤਨ ਅਤੇ ਸਭਿਆਚਾਰ ਦੇ ਖੇਤਰ ਵਿਚ ਇਕ ਲਹਿਰ ਹੈ। ਹੁਣ ਤਕ ਅਸੀਂ ਲਗਭਗ ਚਾਰ ਸੌ ਦੇ ਕਰੀਬ ਟਾਈਟਲ ਛਾਪ ਚੁੱਕੇ ਹਾਂ। ਇਨ੍ਹਾਂ ਵਿਚ ਸਾਹਿਤ ਚਿੰਤਨ ਅਤੇ ਰਾਜਨੀਤੀ ਨਾਲ ਸੰਬੰਧਤ ਪੁਸਤਕਾਂ ਵੀ ਸ਼ਾਮਲ ਹਨ। ਅਸੀਂ ਇਹ ਸੋਚਦੇ ਹਾਂ ਕਿ ਪ੍ਰਕਾਸ਼ਨ ਸਿਰਫ਼ ਇਕ ਕਿੱਤਾ ਨਹੀਂ ਸਗੋਂ ਲੋਕਾਂ ਨੂੰ ਉੱਤਮ ਸਾਹਿਤ ਅਤੇ ਅਗਾਂਹਵਧੂ ਰਾਜਨੀਤੀ ਅਤੇ ਚਿੰਤਨ ਦੇ ਫੈਲਾਅ ਦਾ ਮਾਧਿਅਮ ਵੀ ਹੈ। ਅਸੀਂ ਇਸ ਵਿਚਾਰ ਨੂੰ ਧਿਆਨ ਵਿਚ ਰੱਖ ਕੇ ਪ੍ਰਕਾਸ਼ਨ ਦੇ ਕੰਮ ਵਿਚ ਉੱਤਰੇ ਹਾਂ। ਹੁਣ ਤਕ ਅਗਾਂਹਵਧੂ ਲੇਖਕਾਂ ਅਤੇ ਸੁਹਿਰਦ ਸਿਰਜਣਕਾਰਾਂ ਵੱਲੋਂ ਭਾਰੂ ਹੁੰਗਾਰਾ ਮਿਲਿਆ ਹੈ। ਇਸੇ ਹੁੰਗਾਰੇ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਪ੍ਰਕਾਸ਼ਨ ਨਾਲ ਸੰਬੰਧਿਤ ਕੁਝ ਪ੍ਰਤਿਮਾਨ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਮੀਦ ਹੈ ਸੁਹਿਰਦ ਲੇਖਕ ਤੇ ਪਾਠਕ ਇਸ ਨੂੰ ਭਰਪੂਰ ਹੁੰਗਾਰਾ ਦੇਣਗੇ।

**ਕੇਸਰ ਸਿੰਘ**
**ਸੰਚਾਲਕ 5ਆਬ ਪ੍ਰਕਾਸ਼ਨ**
**1,2 ਦੇਸ਼ ਭਗਤ ਯਾਦਗਾਰ ਬਿਲਡਿੰਗ, ਜੀ.ਟੀ. ਰੋਡ ਜਲੰਧਰ,**
**ਮੋਬਾਇਲ:** 98140-87063, 86999-87063

## ਪੁਸਤਕ ਪੜਚੋਲ

**ਮੁੱਕਦੀ ਗੱਲ ਲੇਖਕ: ਦਰਸ਼ਨ ਜੋਗਾ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ, 2021**
**ਪੰਨੇ 110, ਕੀਮਤ 200 ਰੁਪਏ**

ਦਰਸ਼ਨ ਜੋਗਾ ਪੰਜਾਬੀ ਕਹਾਣੀ ਵਿਚ ਨਵਾਂ ਨਾਂ ਹੈ ਜਿਸ ਨੇ ਤਕਰੀਬਨ ਇਕ ਦਹਾਕਾ ਪਹਿਲਾਂ ਹੀ ਪੰਜਾਬੀ ਕਹਾਣੀ ਵਿਚ 'ਨਮਸਕਾਰ' (2011) ਸੰਗ੍ਰਹਿ ਨਾਲ ਆਪਣੀ ਹਾਜ਼ਰੀ ਲਵਾਈ ਸੀ। ਉਸ ਤੋਂ ਇਕ ਦਹਾਕੇ ਬਾਅਦ ਇਹ ਉਸਦਾ ਸੱਤ ਕਹਾਣੀਆਂ ਵਾਲਾ ਨਵਾਂ ਕਹਾਣੀ-ਸੰਗ੍ਰਹਿ ਹੈ। ਇਸ ਨੇ ਆਪਣੀਆਂ ਕਹਾਣੀਆਂ ਦੇ ਵਿਸ਼ੇ ਆਲੇ-ਦੁਆਲੇ ਦੇ ਜੀਵਨ ਵਿਚੋਂ ਲਏ ਹਨ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਕੈਰਮ ਬੋਰਡ' ਇਕ ਅਣਗੌਲੇ ਬੱਚੇ ਦੀ ਮਾਨਸਿਕਤਾ ਬਾਰੇ ਹੈ। ਬਾਲ ਮਨੋਵਿਗਿਆਨ ਬਾਰੇ ਪੰਜਾਬੀ ਵਿਚ ਬਹੁਤ ਹੀ ਘੱਟ ਸਾਹਿਤ ਮਿਲਦਾ ਹੈ। ਕਹਾਣੀ ਦਾ ਕੇਂਦਰੀ ਪਾਤਰ, ਜੋ ਇਕ ਬੱਚੇ ਦਾ ਬਾਪ ਹੈ, ਪਤਨੀ ਦੀ ਮੌਤ ਤੋਂ ਬਾਅਦ ਦੂਸਰਾ ਵਿਆਹ ਕਰਵਾ ਲੈਂਦਾ ਹੈ ਤੇ ਗਭਰੇਟ ਉਮਰ ਦਾ ਬੱਚਾ ਅਣਗੌਲੇ ਰਹਿ ਜਾਣ ਕਰਕੇ ਕਈ ਕਿਸਮ ਦੀਆਂ ਮਾਨਸਿਕ ਗੁੰਝਲਾਂ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੇ ਰਾਹ ਪੈ ਜਾਂਦਾ ਹੈ। ਮਤਰੇਈ ਮਾਂ ਦਾ ਚਿਹਨ ਪੰਜਾਬੀ ਸਾਹਿਤ ਵਿਚ ਮੱਧਕਾਲ ਤੋਂ ਲੈ ਕੇ ਹੁਣ ਤੱਕ ਬਾਰ-ਬਾਰ ਦੁਹਰਾਇਆ ਗਿਆ ਹੈ। ਬੱਚਾ ਸਿਰਫ਼ ਮਤਰੇਈ ਮਾਂ ਦਾ ਹੀ ਨਹੀਂ ਬਾਪ ਦੇ ਵਤੀਰੇ ਦਾ ਵੀ ਸ਼ਿਕਾਰ ਹੁੰਦਾ ਹੈ। 'ਉਤਲਾ ਪੱਟ' ਕਹਾਣੀ ਉਪਰਲੀ ਧਿਰ ਦੁਆਰਾ ਹੇਠਲੇ ਵਰਗਾਂ ਦੇ ਸੋਸ਼ਣ ਨੂੰ ਉਭਾਰਦੀ ਹੈ। 'ਮੁੱਕਦੀ ਗੱਲ' ਪਿੰਡਾਂ ਵਿਚਲੀ ਸ਼ਰੀਕੇਬਾਜ਼ੀ ਵਾਲੀ ਰਾਜਨੀਤੀ ਦੀ ਕਹਾਣੀ ਹੈ। ਜੋ ਲੋਕ ਰੁਜ਼ਗਾਰ ਦੇ ਸਿਲਸਿਲੇ ਵਿਚ ਪਿੰਡ ਛੱਡ ਕੇ ਸ਼ਹਿਰ ਦੇ ਬਾਸ਼ਿੰਦੇ ਬਣ ਜਾਂਦੇ ਹਨ, ਉਨ੍ਹਾਂ ਨੂੰ ਕਿਸ ਤਰ੍ਹਾਂ ਪਿੰਡਾਂ ਵਾਲੇ ਆਪਣੀਆਂ ਨਿੱਜੀ ਰਾਜਿਸ਼ਾਂ ਤੇ ਕਿੜਾਂ ਕੱਢਣ ਲਈ ਵਰਤਣ ਵਾਸਤੇ ਹਰ ਹਰਬਾ ਵਰਤਦੇ ਸਨ। ਪਰ ਦਿਲਦਾਰ ਅਜੇਹੀ ਰਾਜਨੀਤੀ ਦਾ ਹਿੱਸਾ ਨਾ ਬਣਕੇ ਪਿੰਡ ਦੇ ਸਾਂਝੇ ਵਿਅਕਤੀ ਹੋਣ ਵਾਲਾ ਰਾਹ ਅਪਣਾਉਂਦਾ ਹੈ।

'ਤਪੀ ਮਿੱਟੀ' ਤੇ 'ਸ਼ੁਕਰ ਐ' ਕਹਾਣੀਆਂ ਔਰਤਾਂ ਦੀਆਂ ਦੋ ਪੀੜ੍ਹੀਆਂ ਦੀਆਂ ਕਹਾਣੀਆਂ ਹਨ। ਪਹਿਲੀ ਪੀੜ੍ਹੀ ਦੀਆਂ ਔਰਤਾਂ ਨੂੰ ਮਰਦ ਪ੍ਰਧਾਨ ਸਮਾਜ ਦੀਆਂ ਰਵਾਇਤਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਪਰ ਦੂਸਰਾ ਪੀੜ੍ਹੀ ਦੀਆਂ ਔਰਤਾਂ ਵਧੇਰੇ ਵਿਸ਼ਵਾਸ ਨਾਲ ਭਰੀਆਂ ਹੋਈਆਂ ਤੇ ਪਿਤਰਕੀ ਸੱਤਾ ਵਿਰੁੱਧ ਸੁਚੇਤ ਰੂਪ ਵਿਚ ਲੜਨ ਲਈ ਤਿਆਰ ਹਨ। ਨਵੇਂ ਆਰਥਿਕ-ਸਮਾਜਕ ਪ੍ਰਬੰਧ ਨੇ ਔਰਤਾਂ ਵਿਚ ਫ਼ੈਸਲਾਕੁੰਨ ਤਬਦੀਲੀ ਲਿਆਂਦੀ ਹੈ, ਪਰ ਮਰਦ ਅਜੇ ਵੀ ਉਨ੍ਹਾਂ ਹੀ ਕੀਮਤਾਂ ਨੂੰ ਔਰਤਾਂ 'ਤੇ ਲਾਗੂ ਕਰੀ ਰੱਖਣ ਲਈ ਯਤਨਸ਼ੀਲ ਹੈ। 'ਤਪੀ ਮਿੱਟੀ' ਦਾ ਚਿਹਨ ਔਰਤ ਦੀ ਸਥਿਤੀ ਦਾ ਚਿਹਨ ਅੱਜ ਵੀ ਬਣਿਆ ਹੈ। ਪਰ ਨਵੇਂ ਦੌਰ ਦੀ ਔਰਤ ਸਮਾਜਕ ਮਰਯਾਦਾ ਦੇ ਭੁਲਾਵੇ ਹੇਠ ਆਉਣ ਤੋਂ ਇਨਕਾਰੀ ਹੈ।

'ਚਰਪਰੀ' ਤੇ 'ਕੀ ਅੰਤ ਹੈ' ਇਸ ਸੰਗ੍ਰਹਿ ਦੀਆਂ ਮੁਕਾਬਲਤਨ ਕਮ ਜ਼ੋਰ ਕਹਾਣੀਆਂ ਹਨ, ਪਰ ਸਮੁੱਚੇ ਰੂਪ ਦਰਸ਼ਨ ਜੋਗਾ ਦੀਆਂ ਕਹਾਣੀਆਂ ਆਪਣੀ ਪੜ੍ਹਨ-ਯੋਗਤਾ ਤੇ ਸਮਾਜਕ ਤੇ ਮਾਨਵੀ ਸਰੋਕਾਰਾਂ ਦੀਆਂ ਕਹਾਣੀਆਂ ਹਨ।

***

**ਉਰਫ਼ ਰੋਸ਼ੀ ਜੱਲਾਦ  ਲੇਖਕ: ਜਸਬੀਰ ਸਿੰਘ ਰਾਣਾ**

**ਆਕਮਨ ਆਰਟ, ਪਟਿਆਲਾ, 2020    ਪੰਨੇ 95, ਕੀਮਤ 195 ਰੁਪਏ**

ਜਸਬੀਰ ਸਿੰਘ ਰਾਣਾ ਚੌਥੀ ਪੀੜ੍ਹੀ ਦਾ ਸਮਰੱਥ ਕਥਾਕਾਰ ਹੈ। ਉਸ ਬਾਰੇ ਪੰਜਾਬੀ ਕਹਾਣੀ ਦੇ ਵਿਦਵਾਨਾਂ ਦਾ ਮੱਤ ਹੈ ਕਿ ਉਹ ਪਾਤਰਾਂ ਦੇ ਆਰਥਕ-ਸਮਾਜਕ ਹਾਲਾਤ 'ਤੇ ਕੇਂਦ੍ਰਿਤ ਕਰਨ ਦੀ ਥਾਂ ਉਨ੍ਹਾਂ ਦੇ ਮਨਾਂ ਵਿਚਲੇ ਦਵੰਦ ਤੇ ਵਧੇਰੇ ਫੋਕਸ ਕਰਦਾ ਹੈ। ਇਸੇ ਕਰਕੇ ਉਸਦੀਆਂ ਕਹਾਣੀਆਂ ਰਵਾਇਤੀ ਕਹਾਣੀ ਨਾਲੋਂ ਵੱਖਰੇ ਅੰਦਾਜ਼ ਵਾਲੀਆਂ ਹੁੰਦੀਆਂ ਹਨ। ਉਸ ਦੇ ਪਾਤਰ ਵੀ ਸਮਾਜ ਨਾਲੋਂ ਟੁੱਟੇ ਹੋਏ, ਤ੍ਰਿਸਕਾਰੇ ਤੇ ਹਾਸ਼ੀਏ 'ਤੇ ਧੱਕੇ ਹੋਏ ਹੁੰਦੇ ਹਨ। ਇਸ ਵਿਤਕਰੇ ਦਾ ਆਧਾਰ ਉਨ੍ਹਾਂ ਦੀ ਜਾਤ-ਬਿਰਾਦਰੀ ਨਹੀਂ ਸਗੋਂ ਉਨ੍ਹਾਂ ਦੀ ਜੀਵਨ-ਸ਼ੈਲੀ ਬਣਦੀ ਹੈ। ਸੰਗ੍ਰਹਿ ਦੀ ਪਹਿਲੀ ਕਹਾਣੀ 'ਉਰਫ਼ ਰੋਸ਼ੀ ਜੱਲਾਦ' ਕਹਾਣੀ ਦੇ ਕੇਂਦਰੀ ਪਾਤਰ ਰੌਸ਼ਨਦੀਪ ਦੀ ਤ੍ਰਾਸਦਿਕ ਹੋਣੀ ਨੂੰ ਬਿਆਨ ਕਰਦੀ ਹੈ ਜੋ ਗ਼ਰੀਬ ਤੇ ਕਰਜ਼ੇ ਮਾਰੀ ਕਿਸਾਨੀ ਦਾ ਪ੍ਰਤਿਨਿੱਧ ਹੈ, ਜਿਸ ਨੇ ਪੀੜ੍ਹੀ-ਦਰ-ਪੀੜ੍ਹੀ ਖੁਦਕੁਸ਼ੀਆਂ ਦੀ ਫ਼ਸਲ ਹੀ ਪੱਕਦੀ ਤੇ ਜਵਾਨ ਹੁੰਦੀ ਵੇਖੀ ਹੈ। ਕਹਾਣੀ ਆਰਥਿਕ ਸੰਕਟ, ਵਿਦੇਸ਼ ਜਾਣ ਦੀ ਦੌੜ ਤੇ ਕਰਜ਼ਿਆਂ ਵਿਚ ਫਸ ਕੇ ਕੰਗਾਲ ਹੋ ਜਾਣ ਤੇ ਫਿਰ ਧਨੀ ਕਿਸਾਨੀ ਹੱਥੋਂ ਜ਼ਲੀਲ ਹੋ ਕੇ ਤਿਲ਼-ਤਿਲ਼ ਹੋ ਕੇ ਮਰਨ ਦੀ ਕਹਾਣੀ ਹੈ। ਰੋਸ਼ੀ ਪਰਿਵਾਰ ਦੀ ਇਸ ਬਰਬਾਦੀ ਲਈ ਜ਼ਿੰਮੇਵਾਰ ਨਿਸ਼ਾਨ ਨੂੰ ਕਤਲ ਕਰਕੇ ਬਦਲਾ ਲੈਂਦਾ ਹੈ ਤੇ ਸਜ਼ਾ ਦੌਰਾਨ ਜੇਲ੍ਹ ਵਿਚੋਂ ਜੱਲਾਦ ਬਣਕੇ ਬਾਹਰ ਆਉਂਦਾ ਹੈ। ਲੇਖਕ ਨੇ ਆਪਣੇ ਸੰਗ੍ਰਹਿ ਦਾ ਨਾਂ ਇਸ ਕਹਾਣੀ ਦੇ ਨਾਂ ਤੇ ਰੱਖਿਆ ਹੈ। ਜਿਸਦਾ ਭਾਵ ਹੈ ਕਿ ਇਹ ਕਹਾਣੀ ਇਸ ਸੰਗ੍ਰਹਿ ਦੀ ਸਭ ਤੋਂ ਉੱਤਮ 'ਤੇ ਲੇਖਕ ਦੀ ਰਚਨਾਤਮਕਾ ਦੀ ਪ੍ਰਤਿਨਿੱਧ ਕਹਾਣੀ ਹੈ। ਪਰ ਕਹਾਣੀ ਦੀ ਪੜ੍ਹਤ ਤੋਂ ਬਾਅਦ ਕਹਾਣੀ ਵਿਚਲੇ ਵਾਧੂ ਵੇਰਵੇ ਕਹਾਣੀ ਦੀ ਇਕਾਗਰਤਾ ਨੂੰ ਭੰਗ ਕਰਦੇ ਹਨ।

'ਕੁਝ ਸ਼ੀਸ਼ੇ ਝੂਠ ਬੋਲਦੇ ਹਨ' ਕਿੰਨਰਾਂ ਬਾਰੇ ਹੈ। ਲੇਖਕ ਨੇ ਇਸਕਹਾਣੀ ਵਿਚ ਇਨ੍ਹਾਂ ਅੱਧੀ-ਅਧੂਰੀ ਸਰੀਰਕ ਹੋਂਦ ਵਾਲਿਆਂ ਦੇ ਦਰਦ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਮਾਜਕ ਤਬਦੀਲੀਆਂ ਸਦਕਾ ਇਨ੍ਹਾਂ ਲਈ ਰੋਜ਼ੀ-ਰੋਟੀ ਕਮਾਉਣੀ ਮੁਸ਼ਕਿਲ ਹੁੰਦੀ ਜਾ ਰਹੀ ਹੈ। ਪਰ ਸਥਿਤੀ ਦਾ ਵਿਅੰਗ ਇਹ ਹੈ ਕਿ ਰੁਜ਼ਗਾਰ ਦੀ ਭਾਲ ਵਿਚ ਕੁਝ ਚੰਗੇ ਭਲੇ ਲੋਕ ਆਪਣੇ ਅੰਗ ਕਟਵਾ ਕੇ ਕਿੰਨਰ ਬਣ ਰਹੇ ਸਨ। ਇਹ ਕਹਾਣੀ ਇਸ ਵਰਗ ਦੀ ਤ੍ਰਾਸਦਿਕ ਤੇ ਅਮਾਨਵੀ ਸਥਿਤੀ ਨੂੰ ਬਿਆਨ ਕਰਦੀ ਹੈ ਤੇ ਉਨ੍ਹਾਂ ਵਿਚਲੇ ਇਨਸਾਨੀ ਜਜ਼ਬਿਆਂ ਨੂੰ ਪੇਸ਼ ਕਰਦੀ ਹੈ।

'ਖ਼ੌਫ਼ 84' ਦਿੱਲੀ ਦੰਗਿਆਂ ਬਾਰੇ ਕਹਾਣੀ ਹੈ, ਜੋ ਦੋ ਭਾਗਾਂ 'ਚ ਹੈ। ਇਕ ਭਾਗ ਘਰ ਦੇ ਅੰਦਰ ਵਾਪਰਦਾ ਹੈ ਤੇ ਦੂਸਰਾ ਬਾਹਰ। ਘਰ ਨੂੰ ਵਿਅਕਤੀ ਦੀ ਸੁਰੱਖਿਆ ਨਾਲ ਜੋੜਿਆ ਜਾਂਦਾ ਹੈ। ਪਰ 84 ਦੀਆਂ ਘਟਨਾਵਾਂ ਨੇ ਘਰ ਦੇ ਅਰਥ ਹੀ ਉਲਟਾ ਦਿੱਤੇ ਹਨ। ਤਕਰੀਬਨ ਚਾਰ ਦਹਾਕਿਆਂ ਬਾਅਦ ਵੀ ਕਹਾਣੀ ਵਿਚਲੇ ਪਾਤਰਾਂ ਦਾ ਮਾਨਸਿਕ ਸੰਤਾਪ ਕਾਇਮ ਹੈ। ਦੰਗਿਆਂ ਕਾਰਣ ਮਾਨਸਿਕ ਤਵਾਜ਼ਨ ਗਵਾ ਚੁੱਕੇ ਪਾਤਰ ਅਜੇ ਵੀ ਮਾਨਸਿਕ ਤੌਰ 'ਤੇ ਉਸੇ ਹੀ ਯਾਤਨਾ ਭਰੇ ਦੌਰ ਵਿਚ ਰਹਿ ਰਹੇ ਸਨ। ਕਹਾਣੀ ਦਾ ਇਕ ਵਿਸਥਾਰ ਘੱਟ ਗਿਣਤੀਆਂ ਦੀਆਂ ਸੁਰੱਖਿਆ ਨੂੰ ਵੀ ਉਭਾਰਦਾ ਹੈ।

'ਤਾਂ ਫਿਰ ਮੈਂ ਕਿੱਥੇ ਹਾਂ' ਦੇਵ ਦੀ ਮਾਨਸਿਕ ਭਟਕਣਾ ਦੀ ਕਹਾਣੀ ਹੈ। 'ਇਕ ਛੋਟੀ

ਜਿਹੀ ਬੇ-ਵਫ਼ਾਈ' ਔਰਤ ਦੀ ਮਾਨਸਿਕਤਾ ਨਾਲ ਸੰਬੰਧਿਤ ਇਕ ਖ਼ੂਬਸੂਰਤ ਕਹਾਣੀ ਹੈ। ਕਹਾਣੀ ਦੇ ਕੇਂਦਰੀ ਪਾਤਰ ਦੀ ਭੈਣ ਉਪਰ ਉਸਦਾ ਪ੍ਰੇਮੀ ਹੀ ਤੇਜ਼ਾਬ ਸੁੱਟ ਕੇ ਉਸ ਦੀ ਸ਼ਕਲ ਵਿਗਾੜ ਦੇਂਦਾ ਹੈ ਜਿਸ ਕਰਕੇ ਉਸ ਦੇ ਵਿਆਹ ਦਾ ਮਸਲਾ ਸੰਕਟ ਦਾ ਕਾਰਣ ਬਣ ਜਾਂਦਾ ਹੈ। ਪੜ੍ਹੀ-ਲਿਖੀ ਹੋਣ ਕਰਕੇ ਉਹ ਸਮਝੌਤੇ ਵਾਲੀ ਵਿਆਹ ਕਰਨ ਨੂੰ ਤਿਆਰ ਨਹੀਂ ਪਰ ਕੇਂਦਰੀ ਪਾਤਰ ਦੀ ਪਤਨੀ ਆਪਣੇ ਪਤੀ ਨੂੰ ਆਪਣੀ ਮਰਜ਼ੀ ਨਾਲ ਉਸ ਦਾ ਵਰ ਲੱਭਣ ਲਈ ਪ੍ਰੇਰਦੀ ਹੈ। ਕਿਉਂਕਿ ਔਰਤ ਨੇ ਹਾਲਾਤ ਮੁਤਾਬਿਕ ਸਮਝੌਤਾ ਕਰ ਹੀ ਲੈਣਾ ਹੁੰਦਾ ਹੈ ਤੇ ਮੈਂ ਵੀ ਇਹ ਕੀਤਾ ਸੀ। ਪਤਨੀ ਦੇ ਇਹ ਸ਼ਬਦ ਕਹਾਣੀ ਦੇ ਅਰਥਾਂ ਨੂੰ ਏਨੇ ਸਹਿਜ ਨਾਲ ਵਿਸਤਾਰ ਵੀ ਦੇਂਦੇ ਹਨ ਤੇ ਔਰਤ ਦੀ ਮਾਨਸਿਕਤਾ ਨੂੰ ਇਸ ਢੰਗ ਨਾਲ ਪੇਸ਼ ਕਰਦੇ ਹਨ ਕਿ ਇਹ ਕਹਾਣੀ ਇਸ ਸੰਗ੍ਰਹਿ ਦੀ ਸਭ ਤੋਂ ਸਹਿਜ ਤੇ ਕਲਾਤਮਿਕ ਕਹਾਣੀ ਹੋ ਨਿਬੜਦੀ ਹੈ।

**ਬੰਦਾ ਸਮੁੰਦਰ ਨਹੀਂ ਹੁੰਦਾ ਲੇਖਕ: ਜੋਗੇ ਭੰਗਲ**

**ਅਜ਼ੀਜ਼ ਬੁੱਕ ਹਾਊਸ ਰਾਮ ਨਗਰ, 2021 ਪੰਨੇ 128, ਕੀਮਤ 175 ਰੁਪਏ**

ਜੋਗੇ ਭੰਗਲ ਕੇ ਆਪਣਾ ਸਾਹਿਤਕ ਸਫ਼ਰ ਕਵਿਤਾ ਤੋਂ ਸ਼ੁਰੂ ਕੀਤਾ, ਕੁਝ ਕਾਵਿ-ਨਾਟਕ ਤੇ ਇਕਾਂਗੀ ਵੀ ਲਿਖੇ ਤੇ ਹੁਣ ਉਸ ਨੇ ਕਹਾਣੀ ਦੀ ਵਿਧਾ ਨੂੰ ਅਪਣਾਇਆ ਹੋਇਆ ਹੈ। ਪਹਿਲਾ ਕਹਾਣੀ ਸੰਗ੍ਰਹਿ 2005 'ਚ ਛਪਿਆ ਸੀ। ਇਹ ਉਸਦਾ ਦੂਸਰਾ ਕਹਾਣੀ-ਸੰਗ੍ਰਹਿ ਹੈ। ਉਹ ਕਹਾਣੀਆਂ ਦੇ ਵਿਸ਼ੇ ਆਪਣੇ ਆਲੇ-ਦੁਆਲੇ ਦੇ ਜੀਵਨ ਵਿਚੋਂ ਲੈਂਦਾ ਹੈ, ਪਰ ਉਸਦਾ ਨਜ਼ਰੀਆ ਆਦਰਸ਼ਵਾਦੀ ਹੈ। ਸੰਗ੍ਰਹਿ ਦੀ ਪਹਿਲੀ ਕਹਾਣੀ 'ਰੇਲ' ਅਜੋਕੇ ਸਮੇਂ ਵਿਚ ਔਰਤ ਦੀ ਸਥਿਤੀ 'ਤੇ ਕੇਂਦ੍ਰਿਤ ਕਰਦੀ ਹੈ। ਆਰਥਿਰ ਤੌਰ 'ਤੇ ਪੈਰਾਂ ਤੇ ਖੜੀ ਹੋ ਕੇ ਵੀ ਉਸ ਨੂੰ ਕਿਸੇ ਨਾ ਕਿਸੇ ਰੂਪ ਵਿਚ ਮਰਦ ਦੀ ਅਧੀਨਗੀ ਸਵੀਕਾਰ ਕਰਦੀ ਹੀ ਪੈਂਦੀ ਹੈ, ਕਿਉਂਕਿ ਮਰਦ ਤੋਂ ਬਿਨਾਂ ਉਸ ਨੂੰ ਸੁੱਰਖਿਅਤ ਹੀ ਨਹੀਂ ਸਮਝਿਆ ਜਾਂਦਾ, ਪਰ ਵਿਅੰਗ ਇਸ ਗੱਲ ਵਿਚ ਹੈ ਕਿ ਉਸ ਦੀ ਅ-ਸੁਰੱਖਿਆ ਦਾ ਕਾਰਣ ਵੀ ਮਰਦ ਹੀ ਹੈ। ਕਹਾਣੀ ਦੀ ਕੇਂਦਰੀ ਪਾਤਰ ਵੀ ਅਜੇਹੇ ਹੀ ਹਾਲਾਤ ਦਾ ਸ਼ਿਕਾਰ ਹੁੰਦੀ ਹੈ ਕਿ ਉਸ ਦਾ ਮਨ ਮਰਦਾਂ ਪ੍ਰਤਿ ਬੇ-ਵਿਸ਼ਵਾਸੀ ਨਾਲ ਭਰ ਜਾਂਦਾ ਹੈ।

'ਸ਼ਿਵ ਜੀ ਡੋਲ ਗਏ' ਪੰਜਾਬ ਵਿਚ ਮਜ਼ਦੂਰੀ ਕਰਨ ਆਏ ਪਰਵਾਸੀ ਮਜ਼ਦੂਰਾਂ ਨਾਲ ਸੰਬੰਧਿਤ ਹੈ। ਪੰਜਾਬ ਦੀ ਖੇਤੀ ਵਿਚ ਇਨ੍ਹਾਂ ਦਾ ਵੱਡਾ ਹੱਥ ਹੈ। ਇਸੇ ਕਰਕੇ ਪਰਵਾਸੀ ਮਜ਼ਦੂਰਾਂ ਤੇ ਕਿਸਾਨੀ ਦੀਆਂ ਔਰਤਾਂ ਵਿਚ ਸੰਬੰਧ ਸਥਾਪਿਤ ਹੋ ਜਾਣੇ ਕੋਈ ਅਲੋਕਾਰ ਵਰਤਾਰਾ ਨਹੀਂ। ਪਰ ਜਦੋਂ ਉਹ ਸੰਬੰਧ ਵਿਆਹ ਤੱਕ ਪਹੁੰਚਦੇ ਹਨ ਤਾਂ ਨਿਸ਼ਚੇ ਹੀ ਇਕ ਇਕ ਸਮਾਜਕ ਮਸਲਾ ਬਣ ਜਾਂਦੇ ਹਨ। ਲੇਖਕ ਨੇ ਜਿਸ ਢੰਗ ਨਾਲ ਇਸ ਮਸਲੇ ਨੂੰ ਕਹਾਣੀ ਵਿਚ ਨਜਿੱਠਿਆ ਹੈ। ਉਹ ਲੇਖਕ ਦੀ ਆਦਰਸ਼ਵਾਦੀ ਭਾਵਨਾ ਦਾ ਪ੍ਰਤੀਕ ਹੋ ਸਕਦਾ ਹੈ। ਪਰ ਲੇਖਕ ਨੇ ਇਕ ਗੁੰਝਲਦਾਰ ਮਸਲੇ ਨੂੰ ਉਭਾਰਣ ਦਾ ਯਤਨ ਜ਼ਰੂਰ ਕੀਤਾ ਹੈ। 'ਅੱਖਾਂ 'ਚੋਂ ਡਿੱਗਦਾ ਹੰਝੂ' ਰਿਸ਼ਤਿਆਂ ਦੀ ਤਹਿ ਹੇਠ ਕੰਮ ਕਰਦੀ ਆਰਥਿਕਤਾ ਨਾਲ ਸੰਬੰਧਿਤ ਕਹਾਣੀ ਹੈ। ਕਹਾਣੀ ਦਾ ਕੇਂਦਰੀ ਪਾਤਰ ਅਮੀਰ ਰਿਸ਼ਤੇਦਾਰਾਂ ਦੀ ਜ਼ਲਾਲਤ ਤੇ ਸ਼ੋਸ਼ਣ ਤੋਂ ਬਾਗੀ ਹੋ ਕੇ ਆਪਣੇ ਪੈਰਾਂ 'ਤੇ ਖੜੇ ਹੋਣ ਦਾ ਫ਼ੈਸਲਾ ਕਰਦਾ ਹੈ ਤੇ ਆਪਣੀ ਜ਼ਿੰਦਗੀ ਦਾ ਮਾਲਕ ਖ਼ੁਦ ਬਣਨ ਦਾ ਸੀ।

'ਕਥਾ ਇਕ ਪੁਸ਼ਪ ਦੀ' ਅਤੇ 'ਮਾਸਟਰ ਜ਼ੈੱਡ' ਅਜੋਕੇ ਵਿਦਿਅਕ-ਪ੍ਰਬੰਧ ਤੇ

ਅਧਿਆਪਕਾਂ ਦੇ ਕਿਰਦਾਰ ਦੇ ਦੋ ਵਿਰੋਧੀ ਪੱਖਾਂ ਨੂੰ ਉਭਾਰਦੀਆਂ ਕਹਾਣੀਆਂ ਹਨ। ਟੋਟੋ ਟੋਟੇ ਰੂਸ ਖੱਬੇ ਪੱਖੀ ਲਹਿਰ ਵਿਚ ਆਏ ਨਿਘਾਰ ਨੂੰ ਇਸ ਵਿਚ ਸ਼ਾਮਲ ਵਿਅਕਤੀਆਂ ਦੇ ਕਿਰਦਾਰ ਨਾਲ ਜੋੜ ਕੇ ਪੇਸ਼ ਕਰਦੀ ਹੈ।

'ਖ਼ੁਦ ਨੂੰ ਸਮਝੇ ਸਾਨ੍ਹ ਜੋ', 'ਸੰਮਾਂ ਵਾਲੀ ਡਾਂਗ', 'ਸ਼ਾਂਤੀ ਸ਼ਾਂਤੀ ਸ਼ਾਂਤੀ', 'ਮੱਛਰ', 'ਉੱਡਣਾ ਸੱਪ' 'ਜਿੱਤ ਜਿਹੀ ਇਹ ਹਾਰ', 'ਬੰਦਾ ਕ੍ਰਿਕਿਟ ਅਤੇ ਦਰਸ਼ਕ', 'ਖੁਰਦਰੇ ਹੱਥਾਂ ਦੀ ਜ਼ੁਬਾਨ' ਸਾਧਾਰਣ ਪੱਧਰ ਦੀਆਂ ਕਹਾਣੀਆਂ ਹਨ। 'ਬੰਦਾ ਸਮੁੰਦਰ ਨਹੀਂ ਹੁੰਦਾ' ਕਹਾਣੀ ਨਾਲੋਂ ਵਧੇਰੇ ਇਕ ਅਜਿਹੇ ਵਿਅਕਤੀ ਦਾ ਸ਼ਬਦਾ ਚਿੱਤਰ ਹੈ, ਜੋ ਇਸ ਪਦਾਰਥਕ ਦੌੜ ਵਾਲੇ ਸਮਾਜ ਵਿਚ ਸਵੈ-ਸੰਤੁਸ਼ਟੀ ਦੇ ਅਹਿਸਾਸ ਨਾਲ ਭਰਿਆ ਹੋਇਆ ਹੈ। ਮੂਲ ਰੂਪ ਵਿਚ ਇਹ ਇਕ ਸਾਧਾਰਣ ਪੱਧਰ ਦਾ ਕਹਾਣੀ-ਸੰਗ੍ਰਹਿ ਹੈ।

**ਹਨੇਰੇ ਰਾਹ (ਨਾਵਲ) ਲੇਖਕ: ਹਰਪ੍ਰੀਤ ਸੇਖਾ**

**ਗਰੇਸ਼ੀਅਸ ਬੁਕਸ, ਪਟਿਆਲਾ, 2020 ਪੰਨੇ 198, ਕੀਮਤ 350 ਰੁਪਏ**


ਹਰਪ੍ਰੀਤ ਪੰਜਾਬੀ ਦਾ ਜਾਣਿਆ-ਪਛਾਣਿਆ ਕਹਾਣੀਕਾਰ ਹੈ। ਜਿਸ ਨੇ ਪਰਵਾਸੀ ਜੀਵਨ ਦੇ ਵਿਭਿੰਨ ਮਸਲਿਆਂ ਨੂੰ ਆਪਣੀਆਂ ਕਹਾਣੀਆਂ ਵਿਚ ਚਿਤਰਿਆ ਹੈ। ਉਸ ਨੇ ਹੁਣ ਤੱਕ ਦੋ ਕਹਾਣੀ-ਸੰਗ੍ਰਹਿ। ਇਕ ਵਾਰਤਕ ਪੁਸਤਕ ਤੇ ਇਕ ਅੰਗਰੇਜ਼ੀ ਪੁਸਤਕ ਦਾ ਪੰਜਾਬੀ ਵਿਚ ਤਰਜਮਾ ਕੀਤਾ ਹੈ। ਉਸ ਨੇ ਆਪਣੀਆਂ ਕਹਾਣੀਆਂ ਵਿਚ ਪਰਵਾਸੀ ਪੰਜਾਬੀ ਭਾਈਚਾਰੇ ਦੇ ਜੀਵਨ ਨੂੰ ਬਹੁਤ ਹੀ ਯਥਾਰਥਕ ਤੇ ਕਲਾਤਮਿਕ ਢੰਗ ਨਾਲ ਚਿਤਰਿਆ ਹੈ। ਪੰਜਾਬੀ ਕਹਾਣੀ ਵਿਚ ਉਸਦਾ ਜ਼ਿਕਰ ਇਕ ਚੰਗੇ ਤੇ ਮਿਆਰੀ ਕਹਾਣੀਆਂ ਲਿਖਣ ਵਾਲੇ ਲੇਖਕ ਦੇ ਤੌਰ 'ਤੇ ਕੀਤਾ ਜਾਂਦਾ ਹੈ। ਪਰ ਇਸ ਵਿਧਾ ਦੀਆਂ ਆਪਣੀਆਂ ਸੀਮਾਵਾਂ ਵੀ ਹਨ ਤੇ ਇਨ੍ਹਾਂ ਬਾਰੇ ਸੁਚੇਤ ਹੋਣ ਕਰਕੇ ਉਹ ਪਰਵਾਸੀ ਜੀਵਨ ਦੇ ਸਮੁੱਚੇ ਪੱਖਾਂ ਨੂੰ ਚਿਤਰਣ ਲਈ ਨਾਵਲ ਦੀ ਵਿਧਾ ਨੂੰ ਅਪਣਾਉਂਦਾ ਹੈ। ਪਿਛਲੇ ਸਮੇਂ ਵਿਚ ਪੰਜਾਬੀ ਕਹਾਣੀ ਵਿਚ ਇਹ ਵਰਤਾਰਾ ਵੱਡੇ ਰੂਪ ਵਿਚ ਵਾਪਰਦਾ ਨਜ਼ਰ ਆਉਂਦਾ ਹੈ ਕਿ ਸਾਡੇ ਚੌਥੀ ਪੀੜ੍ਹੀ ਦੇ ਕਹਾਣੀਕਾਰ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦੇ ਹਨ। ਜਤਿੰਦਰ ਹਾਂਸ, ਜਸਬੀਰ ਰਾਣਾ, ਭਗਵੰਤ ਰਸੂਲਪੁਰੀ, ਗੁਰਮੀਤ ਕੜਿਆਲਵੀ ਤੇ ਹੁਣ ਹਰਪ੍ਰੀਤ ਸੇਖਾ।

ਹਰਪ੍ਰੀਤ ਸੇਖਾ ਦਾ ਨਾਵਲ 'ਹਨੇਰੇ ਰਾਹ' ਕੈਨੇਡਾ ਵਿਚਲੇ ਪੰਜਾਬੀ ਭਾਈਚਾਰੇ ਦੇ ਜੀਵਨ ਨੂੰ ਪੇਸ਼ ਕਰਦਾ ਹੈ। ਪਿਛਲੇ ਕੁਝ ਦਹਾਕਿਆਂ ਤੋਂ ਕੈਨੇਡਾ ਪੰਜਾਬੀਆਂ ਦੇ ਸੁਪਨਿਆਂ ਦਾ ਮੁਲਕ ਬਣਿਆ ਹੋਇਆ ਹੈ। ਕਿਸੇ ਨਾ ਕਿਸੇ ਰੂਪ ਵਿਚ ਪੰਜਾਬੀਆਂ ਦਾ ਕੈਨੇਡਾ ਵੱਲ ਪਰਵਾਸ ਨਿਰੰਤਰ ਜਾਰੀ ਹੈ। ਚਾਹੇ ਸਥਿਤੀ ਕਿੰਨੀ ਵੀ ਦੁਖਦਾਈ ਕਿਉਂ ਨਾ ਹੋਵੇ। ਜੇ ਉਹ ਕੈਨੇਡਾ ਪਹੁੰਚਣ ਦਾ ਸਬੱਬ ਬਣ ਸਕਦੀ ਹੋਵੇ ਤਾਂ ਵਧੇਰੇ ਪੰਜਾਬੀ ਉਸ ਨੂੰ ਇਕ ਮੌਕੇ ਦੇ ਰੂਪ 'ਚ ਹੀ ਵੇਖਦੇ ਹਨ। ਇਹ ਨਾਵਲ ਵੀ ਅਜੇਹੀਆਂ ਹੀ ਸਥਿਤੀਆਂ ਦੁਆਲੇ ਉਸਰਿਆ ਹੈ। ਕੈਨੇਡਾ ਵਿਚ ਟਰੱਕ ਚਲਾਉਂਦੇ ਜਵਾਨ ਭਣਵੱਈਏ ਦੀ ਦੁਰਘਟਨਾ ਵਿਚ ਮੌਤ ਜਿੱਥੇ ਪੰਜਾਬ ਵੱਸਦੇ ਪਰਿਵਾਰ ਲਈ ਵੱਡਾ ਦੁਖਾਂਤ ਹੈ, ਉੱਥੇ ਨਾਲ ਹੀ ਬਲਬੀਰ ਤੇ ਗੁਰਸੀਰ ਦੋਹਾਂ ਭਰਾਵਾਂ ਲਈ ਅੰਤਿਮ ਰਸਮਾਂ ਬਹਾਨੇ ਕੈਨੇਡਾ ਪਹੁੰਚਣ ਲਈ ਇਕ ਮੁਕਾਬਲਾ ਵੀ ਬਣ ਜਾਂਦਾ ਹੈ। ਗੁਰਸੀਰ, ਜੋ ਪਹਿਲਾਂ ਹੀ ਦੁਬਈ 'ਚ ਟਰੱਕ ਚਲਾਉਂਦਾ ਸੀ, ਇਸ ਬਹਾਨੇ ਕੈਨੇਡਾ ਪਹੁੰਚਣ ਵਿਚ ਸਫਲ ਹੋ ਜਾਂਦਾ ਹੈ।

ਇਸ ਤੋਂ ਅੱਗੇ ਨਾਵਲ ਦਾ ਸਮੁੱਚਾ ਬਿਰਤਾਂਤ ਉੱਥੇ ਵਰਕ ਪਰਮਿਟ ਲੈ ਕੇ ਪੱਕੇ ਹੋਣ ਦੇ ਸੰਘਰਸ਼ ਦਾ ਬਿਰਤਾਂਤ ਹੈ। ਭਾਵੇਂ ਇਹ ਨਾਵਲ ਸਿਰਫ਼ ਟਰਾਂਸਪੋਰਟ (ਟਰੱਕਿੰਗ ਇੰਡਸਟਰੀ) ਦੁਆਲੇ ਘੁੰਮਦਾ ਹੈ। ਪਰ ਇਸ ਵਿਚੋਂ ਬਹੁਤ ਸਾਰੇ ਵੇਰਵੇ ਪਰਵਾਸੀ ਜੀਵਨ ਤੇ ਉੱਥੇ ਜਾ ਕੇ ਸੈਟਲ ਹੋਣ ਬਾਰੇ ਵੀ ਮਿਲ ਜਾਂਦੇ ਹਨ, ਜੋ ਇਸ ਦੇ ਸਮੁੱਚੇ ਘੇਰੇ ਨੂੰ ਵਿਸ਼ਾਲ ਕਰਦੇ ਹਨ ਤੇ ਨਾਵਲ ਸਿਰਫ਼ ਇਕ ਧੰਦੇ ਤੱਕ ਸੀਮਤ ਨਾ ਰਹਿ ਕੇ ਉੱਥੋਂ ਦੇ ਵਿਦਿਆਰਥੀ ਜਾਂ ਹੋਰ ਕਿਸੇ ਬਹਾਨੇ ਕੈਨੇਡਾ ਪਹੁੰਚੇ ਪੰਜਾਬੀਆਂ ਦੇ ਸੰਘਰਸ਼ ਦਾ ਬਿਰਤਾਂਤ ਬਣ ਜਾਂਦਾ ਹੈ। ਗੁਰਸੀਰ, ਅੰਮ੍ਰਿਤ, ਕਰਨਬੀਰ, ਜੀਤੀ ਅਜਿਹੇ ਪਾਤਰ ਹਨ। ਜੋ ਇਸ ਨਾਵਲ ਦੇ ਕੇਂਦਰੀ ਪਾਤਰ ਕਹੇ ਜਾ ਸਕਦੇ ਹਨ। ਇਹ ਸਾਰੇ ਹੀ ਆਪਣੇ ਹੀ ਪੰਜਾਬੀ ਭਾਈਚਾਰੇ ਦੇ ਉੱਥੇ ਸਥਾਪਿਤ ਹੋ ਚੁੱਕੇ ਕਾਰੋਬਾਰੀਆਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ। ਇਹ ਵੀ ਪੰਜਾਬੀ ਭਾਈਚਾਰੇ ਦਾ ਦਵੰਦ ਹੀ ਕਿਹਾ ਜਾ ਸਕਦਾ ਹੈ ਕਿ ਇਕ ਪਾਸੇ ਉਹ ਬਾਹਰ ਜਾ ਕੇ ਭਾਈਚਾਰਕ ਸਾਂਝ ਵਿਚ ਬੱਝਦੇ ਵੀ ਹਨ। ਪਰ ਉੱਥੇ ਹੀ ਭਾਈਚਾਰੇ ਵਾਲਾ ਵਪਾਰੀ ਜਾਂ ਮਾਲਕ ਵਰਗ ਇਸ ਸਾਂਝ ਦੀ ਆੜ ਹੇਠ ਉਨ੍ਹਾਂ ਦਾ ਸ਼ੋਸ਼ਣ ਵੀ ਸਭ ਤੋਂ ਵਧੇਰੇ ਕਰਦਾ ਹੈ। ਨਾਵਲ ਦੀ ਖ਼ੂਬਸੂਰਤੀ ਇਕਹਿਰਾ ਬਿਰਤਾਂਤ ਹੋਣ ਦੇ ਬਾਵਜੂਦ ਮਾਨਵੀ ਭਾਵਨਾਵਾਂ ਨੂੰ ਕੇਂਦਰ ਵਿਚ ਰੱਖ ਕੇ ਪੰਜਾਬੀ ਭਾਈਚਾਰੇ ਦੀ ਇੱਕ ਸਮੁੱਚੀ ਦਿੱਖ ਪੇਸ਼ ਕਰਨ ਵਿਚ ਹੈ, ਜਿਸ ਦੀਆਂ ਆਪਣੀਆਂ ਬੁਰਾਈਆਂ ਵੀ ਹਨ ਤੇ ਚੰਗਿਆਈਆਂ ਵੀ। ਸੇਖਾ ਕੋਲ ਆਪਣੀ ਗੱਲ ਨੂੰ ਕਹਿ ਸਕਣ ਦਾ ਪਰਿਪੱਕ ਹੁਨਰ ਹੈ ਜੋ ਉਸਦੀਆਂ ਵਡੇਰੀਆਂ ਪ੍ਰਾਪਤੀਆਂ ਪ੍ਰਤਿ ਇਕ ਆਸ ਪੈਦਾ ਕਰਦਾ ਹੈ।

***


ਇਸ ਪੁਸਤਕ ਵਿਚ ਸ਼ਾਮਲ ਆਲੋਚਨਾਤਮਕ ਲੇਖ ਡਾ. ਪਰਮਜੀਤ ਕੌਰ ਸਿੱਧੂ ਦੇ ਨਾਵਲ ਆਲੋਚਨਾ ਦੇ ਸਮਰੱਥ ਚਿੰਤਕ ਹੋਣ ਦੀ ਭਰਵੀਂ ਮਿਸਾਲ ਹਨ। ਉਸ ਦਾ ਵਿਸ਼ਲੇਸ਼ਣੀ ਸੂਝ ਮਾਡਲ, ਇਕਹਿਰਾ ਨਹੀਂ ਬਹੁਪਾਸਾਰੀ ਹੈ। ਜੇ ਇਸ ਦਾ ਇਕ ਧਰਾਤਲ ਨਾਵਲ ਦੀ ਪ੍ਰਮਾਣਕ ਸਿਧਾਂਤਕ ਸੂਝ ਨੂੰ ਸਥਾਪਤ ਕਰਦਾ ਹੈ ਤਾਂ ਦੂਸਰਾ ਉਸਦੀ ਪੜਚੋਲਵੀਂ ਇਤਿਹਾਸਕ ਦ੍ਰਿਸ਼ਟੀ ਨੂੰ ਪ੍ਰਮਾਣਿਤ ਕਰਦਾ ਹੈ ਅਤੇ ਤੀਸਰਾ ਉਸਦੇ ਨਿਕਟ ਪਾਠ-ਮੂਲਕ ਅਧਿਐਨ ਮਾਡਲ ਦੀ ਪ੍ਰਬੁੱਧ ਸਮਰੱਥਾ ਦਾ ਪ੍ਰਮਾਣ ਹੈ। ਇਹ ਪੁਸਤਕ ਪੰਜਾਬੀ ਪਾਠਕਾਂ ਅਤੇ ਖੋਜਾਰਥੀਆਂ ਲਈ ਲਾਹੇਵੰਦ ਸਾਬਤ ਹੋਵੇਗੀ। -ਡਾ. ਜਸਵਿੰਦਰ ਸਿੰਘ




**ਪੰਜਾਬੀ ਨਾਵਲ ਸਿਧਾਂਤ ਤੇ ਸਮੀਖਿਆ**
**ਡਾ. ਪਰਮਜੀਤ ਕੌਰ ਸਿੱਧੂ, ਮੁੱਲ: 250, ਪੰਨੇ: 168**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

## ਪਾਠਕ ਪ੍ਰਕਿਰਿਆ

ਪ੍ਰਵਚਨ-82 ਪੜ੍ਹਦਿਆਂ ਹੀ ਸੰਪਾਦਕੀ ਮੰਡਲ ਲਈ ਮੂੰਹੋਂ ਨਿਕਲਿਆ ਧੰਨ ਹੋ। ਕਰੋਨਾ ਮਹਾਂਮਾਰੀ ਦੌਰਾਨ ਲਹਿੰਦੇ ਪੰਜਾਬ ਦੀ ਕਹਾਣੀ ਬਾਰੇ ਕੀਤੀ ਇਹ ਗੋਸ਼ਟੀ ਕਿਸੇ ਸਾਹਿਤਕ ਕ੍ਰਾਂਤੀ ਤੋਂ ਘੱਟ ਨਹੀਂ ਹੈ। ਕਹਾਣੀ ਪਾਠ ਕਰਦਿਆਂ ਲਹਿੰਦੇ ਪੰਜਾਬ ਦੇ ਲੇਖਕਾਂ ਨੂੰ ਵੀ ਸਲਾਮ ਕੀਤਾ, ਜਿਹੜੇ ਪਾਕਿ-ਸਟੇਟ ਦੀਆਂ ਧੱਕੇਸ਼ਾਹੀਆਂ ਨੂੰ ਸੰਕੇਤਾਂ ਰਾਹੀਂ ਪ੍ਰਗਟਾਕੇ ਆਪਣੀ ਸਾਹਿਤਕ ਜ਼ਿੰਮੇਵਾਰੀ ਪੂਰੀ ਕਰਨ ਦਾ ਕਾਰਜ ਕੀਤਾ ਹੈ।ਕੁੱਲ ਮਿਲਾਕੇ ਇਹ ਅੰਕ ਪੜ੍ਹਣ ਤੇ ਸਾਂਭਣਯੋਗ ਹੈ।

'ਅੰਗੂਠਾ' ਨਸੀਰ ਅਹਿਮਦ ਦੀ ਕਹਾਣੀ ਦਰਸ਼ਨ ਸ਼ਾਸਤਰ ਵਾਲੀ ਸਮਝ ਤੇ ਵਾਰਤਾ ਭਰਪੂਰ ਹੈ। ਸ਼ੁਰੂ ਬੋਝਲ ਪਰ ਅੰਤ ਸਪੱਸ਼ਟ। ਇਕ ਲਾਚਾਰ ਆਦਮੀ ਪ੍ਰਤੀ ਪੂਰੇ ਸਿਸਟਮ ਦੀ ਤਰਾਸਦੀ ਤੇ ਮਰ ਰਹੀ ਮਾਨਸਿਕਤਾ ਨੂੰ ਵੇਖਕੇ ਕਚਿਆਣ ਆਉਂਦੀ ਹੈ। ਗਰੀਬ ਨੂੰ ਬਚਾਉਣ ਲਈ ਦਵਾ ਤਾਂ ਕੀ ਦੇਣੀ ਹੈ, ਸਗੋਂ ਉਸਦੇ ਮਰਨ ਦੀ ਉਡੀਕ ਕੀਤੀ ਜਾਂਦੀ ਹੈ। ਸਿੱਤਮ ਹੈ ਕਿ ਗਰੀਬ ਬੰਦੇ ਦੀ ਲਾਸ਼ ਦੇ ਪੈਰਾਂ ਦੇ ਅੰਗੂਠੇ ਬੰਨਣ ਲਈ ਸਿਸਟਮ ਪੱਲਿਓਂ ਇਕ ਲੀਰ ਵੀ ਨਹੀਂ ਲਾ ਸਕਦਾ ਸਗੋਂ ਮਰ ਰਹੇ ਪਾਸੋਂ ਵੀ ਕੁਝ ਭਾਲਦਾ ਹੈ। ਆਹ...।

'ਬੇਖ਼ਬਰ' ਕਰਾਮਾਤ ਮੁਗ਼ਲ ਦੀ ਕਹਾਣੀ। ਕਹਾਣੀ ਕਹਿਣ ਦਾ ਅੰਦਾਜ਼ ਜਿੰਨ੍ਹਾਂ ਖ਼ੂਬਸੂਰਤ ਹੈ ਪ੍ਰਭਾਵ ਉਨ੍ਹਾਂ ਹੀ ਢਿੱਲਾ। ਪਤਾ ਨਹੀਂ ਇਹ ਕਹਾਣੀ ਕਿਵੇਂ ਲਹਿੰਦੇ ਪੰਜਾਬ ਦੀ ਤਰਜ਼ਮਾਨ ਕਹਾਣੀ ਵਜੋਂ ਚੁਣੀ ਗਈ। ਅਸਲ ਵਿੱਚ ਇਸ ਕਹਾਣੀ ਦਾ ਬਾਖੂਬ ਜਵਾਬ ਰਾਮ ਸਰੂਪ ਅਣਖੀ ਦੀ ਕਹਾਣੀ 'ਸੁੱਤਾ ਨਾਗ' ਹੈ।

'ਔਂਤਰਿਆਂ ਦੀ ਖੱਟੀ (ਕੁੱਤੇ ਗਏ ਗੁਆ)' ਸਾਬਰ ਅਲੀ ਸਾਬਰ ਦੀ ਕਹਾਣੀ ਹੈ। ਕਹਾਣੀਆਂ ਦੀਆਂ ਕੁਝ ਸੱਤਰਾਂ ਕੱਟੀਆਂ ਗਈਆਂ ਜਾਂ ਡੰਡੀ-ਕਾਮੇ ਨਾ ਲੱਗੇ ਹੋਣ ਕਰਕੇ ਪਕੜ ਵਿੱਚ ਨਹੀਂ ਆਈਆਂ। ਕਹਾਣੀ ਉਸ ਇਨਸਾਨ ਦੀ ਬਾਤ ਪਾਉਂਦੀ ਹੈ, ਜਿਸਨੂੰ ਸਮਾਜ ਬਿਨ ਕਸੂਰੋਂ ਸਜ਼ਾ ਦਿੰਦਾ ਹੈ। ਮੁੱਖ ਪਾਤਰ ਦੀ ਲਿੰਗਕ ਸਮੱਸਿਆ ਹੈ ਪਰ ਉਹ ਪਰਦਾਪੋਸ਼ੀ ਨਹੀਂ ਕਰਦਾ। ਜਿਹੋ ਜਿਹਾ ਹੈ ਉਹੋ ਜਿਹਾ ਹੀ ਵਿਖਦਾ ਹੈ। ਤੇ ਇਹੀ ਸਾਫਗੋਈ ਉਸਦਾ ਕਸੂਰ ਬਣ ਜਾਂਦੀ ਹੈ। ਪਰ ਮੈਨੂੰ ਇਹ ਵੀ ਜਾਪਦਾ ਹੈ ਕਿ ਸਾਬਰ ਨੇ ਪਾਤਰ ਦੀ ਮਾਨਸਿਕਤਾ ਦੇ ਗੁੱਝੇ ਤੱਤ ਜਾਹਿਰ ਕਰਨ ਵਿੱਚ ਉਸ ਨਾਲ ਸਮਾਜ ਨਾਲੋਂ ਵੀ ਵੱਧ ਜ਼ਿਆਦਤੀ ਕੀਤੀ ਹੈ। ਲੇਖਕ ਪਾਤਰ ਦੀ ਵਲੂੰਧਰੀ ਰੂਹ ਤੱਕ ਨਹੀਂ ਪੁੱਜ ਸਕਿਆ। ਕਹਾਣੀ ਦਾ ਟਾਈਟਲ 'ਔਂਤਰਿਆਂ ਦੀ ਖੱਟੀ (ਕੁੱਤੇ ਗਏ ਗੁਆ)' ਵੀ ਗਾਹਲ ਜਿਹਾ ਲੱਗਦਾ ਹੈ ਜਿਹੜੀ ਇਕ ਬੇਕਸੂਰ ਨੂੰ ਧਿੰਗੋਜ਼ੋਰੀਂ ਕੱਢੀ ਗਈ ਹੋਵੇ।

'ਗੋਗੋ' ਅਲੀ ਉਸਮਾਨ ਬਾਜਵਾ ਦੀ ਕਹਾਣੀ ਹੈ। ਡਾਢੀ ਖ਼ੂਬਸੂਰਤ ਕਹਾਣੀ। ਇਕ ਧਾਕੜ ਔਰਤ ਦੀ ਕਹਾਣੀ ਜਿਹੜੀ ਆਪਣਿਆਂ ਤੇ ਸਮਾਜ ਦੀ ਜ਼ਿਆਦਤੀ ਕਾਰਣ 'ਸੁਖਜੀਤ' ਦੀ ਕਹਾਣੀ 'ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ' ਵਾਂਗ ਇਸ ਸਿਸਟਮ ਦੀ ਧੱਕੇਸ਼ਾਹੀ ਨੂੰ ਹੀ ਇੰਜੁਆਏ ਕਰਨ ਲੱਗ ਪਈ। ਪੜ੍ਹਕੇ ਰੱਜ ਆ ਗਿਆ। ਗੋਗੋ ਵਿੱਚ ਟਕਰਾ, ਨਫ਼ਰਤ, ਸਹਿਣਸ਼ੀਲਤਾ, ਕਰੂਰਤਾ, ਜ਼ਹਾਲਤਾ, ਸਹਿਜਤਾ... ਦੀ ਇੰਤਹਾ ਵਿਖਾਈ ਦਿੰਦੀ ਹੈ। ਉਹ

ਨਾਬਰ ਵੀ ਹੈ ਤੇ ਮਾਸੂਮ ਵੀ। ਯੋਧਾ ਵੀ। 'ਬੈਡਿੰਗ ਕੁਈਨ' ਸਾਕਸ਼ਾਰ ਹੋ ਗਈ। ਵੱਡੇ ਖਿਲਾਰੇ 'ਚ ਇਹ ਸਮਾਜ ਦੀ ਦਸ਼ਾ ਵੀ ਦੱਸਦੀ ਹੈ। ਸਮਾਜ ਦੀ ਕਰੂਰਤ ਹੀ ਮੁਲਜ਼ਮ ਪੈਦਾ ਕਰਦੀ ਹੈ।

'ਫਰਿੱਜ ਵਿਚ ਪਿਆ ਟਮਾਟਰ' ਮਖ਼ਦੂਮ ਟੀਲੂ ਸਲਮਾਨ ਦੀ ਕਹਾਣੀ ਹੈ। ਅਜਮੇਰ ਸਿੱਧੂ ਦੇ ਸਟਾਇਲ 'ਚ ਲਿਖੀ ਬਹੁਤ ਮਾਰਮਿਕ ਪੇਸ਼ਕਾਰੀ ਵਾਲੀ ਕਹਾਣੀ ਹੈ। ਇੰਨ੍ਹੀ ਛੋਟੀ ਤੇ ਖ਼ੂਬਸੂਰਤ ਕਹਾਣੀ, ਕਮਾਲ ਹੈ। ਬੇਰੁਜ਼ਗਾਰੀ ਦੇ ਸ਼ਿਕਾਰ ਵਿਅਕਤੀ ਦੀ ਤਰਾਸਦੀ ਤੇ ਸਮਾਜ ਦੇ ਮੀਸਣੇਪਨ ਦੀ ਕਹਾਣੀ ਹੈ ਇਹ। ਕਹਾਣੀਕਾਰ ਦਾ ਇਹ ਕਮਾਲ ਹੈ ਕਿ ਸਟੇਟ 'ਤੇ ਸਿੱਧਾ ਕਟਾਖਿਸ਼ ਸੰਕੇਤਾਂ ਰਾਹੀਂ ਕੀਤਾ ਹੈ। ਜੇਕਰ ਇਧਰਲੇ ਪੰਜਾਬ ਵਿੱਚ ਇਹ ਕਹਾਣੀ ਲਿਖੀ ਜਾਂਦੀ ਤਾਂ ਸਟੇਟ 'ਤੇ ਸਿੱਧੇ ਵਾਰ ਹੋਣੇ ਸੀ। ਭਾਰਤ ਤੇ ਪਾਕਿਸਤਾਨ 'ਚ ਕਹਾਣੀ ਕਹਿਣ ਦਾ ਅੰਦਾਜ਼ ਬਦਲ ਜਾਂਦਾ ਹੈ।

'ਗੀਟੀਆਂ' ਅੰਜੁਮ ਕੁਰੈਸ਼ ਦੀ ਕਹਾਣੀ ਹੈ। ਖ਼ੂਬਸੂਰਤ, ਸਹਿਜ, ਸ਼ਾਇਸਤੀ ਤੋਰ ਵਾਲੀ। ਕਹਾਣੀ ਦੱਸਦੀ ਹੈ ਕਿ ਪੁਰਸ਼ ਔਰਤ ਨੂੰ ਸਿਰਫ ਆਪਣੇ ਭੋਗ ਦੀ ਵਸਤ ਮੰਨਦਾ ਹੈ। ਜੀਅ ਕੀਤਾ ਤਾਂ ਖੇਡ ਲਿਆ, ਜੇ ਜੀਅ ਕੀਤਾ ਤਾਂ ਖਿਡੌਣਾ ਸਮਝ ਕੇ ਪਾਸੇ ਰੱਖ ਦਿੱਤਾ। ਜੇ ਕਹਾਣੀਕਾਰ ਰਹੱਸ ਬਰਕਰਾਰ ਰੱਖੀ ਰੱਖਦਾ ਤਾਂ ਸੁਆਦ ਹੋਰ ਵੱਧ ਆਉਣਾ ਸੀ। ਮੈਨੂੰ ਇਹ ਕਹਾਣੀ ਕੁਲਵੰਤ ਗਿੱਲ ਦੀ 'ਦਾਦੇ ਮਗਾਉਣਾ' ਤੋਂ ਅਗਲਾ ਕਦਮ ਜਾਪਦੀ ਹੈ।

'ਇੱਸੇ ਭਿਣ ਭਿਣ ਤੋਂ ਛੁੱਟਿਆ ਸੀ' ਪਰਵੀਨ ਮਲਿਕ ਦੀ ਕਹਾਣੀ ਹੈ। ਦੁਨੀਆ ਦਾ ਕੋਈ ਮੁਲਕ ਹੋਵੇ, ਆਮ ਆਦਮੀ ਲਈ ਬੇਰੁਜ਼ਗਾਰੀ ਤੇ ਅੱਤਵਾਦ ਇੱਕੋ ਜਿਹਾ ਹੀ ਕਰੂਰ ਹੈ। ਲੱਖ ਮਿਹਨਤ, ਇਮਾਨਦਾਰੀ, ਦਿਆਨਤਦਾਰੀ ਤੇ ਸ਼ਰਾਫ਼ਤ ਵੀ ਬੇਰੁਜ਼ਗਾਰੀ ਤੇ ਅੱਤਵਾਦ ਨੂੰ ਮਾਤ ਨਹੀਂ ਦੇ ਸਕਦੀ। ਕਹਾਣੀ ਪੜ੍ਹਕੇ ਆਮ ਲੋਕਾਂ ਦੀ ਦੁਰਦਸ਼ਾ ਜਾਹਿਰ ਹੋ ਜਾਂਦੀ ਹੈ।

**ਗੁਰਸੇਵਕ ਪ੍ਰੀਤ**

ਸੰਪਾਦਕ ਜੀ, ਮੈਂ ਸਾਰੇ ਗੋਸ਼ਟੀ ਅੰਕਾਂ ਦੀ ਫਾਇਲ ਬਣਾਈ ਹੋਈ ਹੈ। ਸਾਰੇ ਅੰਕ ਵਾਰ ਵਾਰ ਪੜ੍ਹਨਯੋਗ ਹਨ। ਇਸ ਵਾਰ ਤੁਸੀਂ ਪਾਕਿਸਤਾਨ ਵਿਚ ਲਿਖੀ ਜਾ ਰਹੀ ਕਹਾਣੀ ਨਾਲ ਪਛਾਨ ਕਰਾਂ ਦਿੱਤੀ। ਇਸ ਲਈ ਇਹ ਅੰਕ ਹੋਰ ਵੀ ਮਹੱਤਵਪੂਰਨ ਹੈ। ਦੋਵੇਂ ਲੇਖ ਅਤੇ ਸੱਤੇ ਕਹਾਣੀਆਂ ਚੰਗੀਆਂ ਲੱਗੀਆਂ। ਚਰਚਾਂ ਨੇ ਸਭ ਕੁਝ ਖੋਹਲ ਕੇ ਸਾਹਮਣੇ ਰੱਖ ਦਿੱਤਾ। ਅਜਿਹੇ ਅੰਕ ਲਈ ਇਕ ਵਾਰ ਫਿਰ ਮੁਬਾਰਕ।

**ਅਮਨ ਗੁਲਾਟੀ**
**ਮੰਡੀ ਗੋਬਿੰਦਗੜ੍ਹ**

ਸੰਪਾਦਕ ਜੀ, ਪ੍ਰਵਚਨ ਦਾ ਸੋਲਵਾਂ ਗੋਸ਼ਟੀ ਅੰਕ ਸਾਹਮਣੇ ਹੈ। ਉਂਝ ਤਾਂ ਹਰ ਗੋਸ਼ਟੀ ਅੰਕ ਹੀ ਕਮਾਲ ਹੁੰਦਾ ਹੈ ਪਰੰਤੂ ਇਹ ਅੰਕ ਪਾਕਿਸਤਾਨੀ ਪੰਜਾਬੀ ਕਹਾਣੀ ਕਰਕੇ ਵੱਖਰਾ ਹੈ। ਉਧਰਲਾ ਪੰਜਾਬ ਸਾਡਾ ਅੱਧਾ ਹਿੱਸਾ ਹੈ। ਲਿਪੀ ਦੀ ਵੱਖਰਤਾ ਅਤੇ ਨਵੇਂ ਲਿਖੇ ਜਾ ਰਹੇ ਸਾਹਿਤ ਤਕ ਪਹੁੰਚ ਨਾ ਹੋਣ ਕਰਕੇ ਪੜ੍ਹਨ ਤੋਂ ਰਹਿ ਜਾਂਦੇ ਹਨ। ਤੁਸੀਂ ਹਿੰਮਤ ਕਰਕੇ ਉਪਰ ਲਿਖੀ ਜਾ ਰਹੀ ਕਹਾਣੀ ਨਾਲ ਸਾਂਝ ਪੁਆਂ ਦਿੱਤੀ। ਤੁਹਾਡੀ ਸੰਪਾਦਕੀ ਤਾਂ ਹਰ ਵਾਰ ਵਾਂਗ ਹੁੰਦੀ ਹੀ ਵਿਚਾਰਨਯੋਗ ਹੈ ਪਰੰਤੂ ਪਰਮਜੀਤ ਮੀਸ਼ਾ ਦਾ ਲੇਖ ਵੀ ਵਧੀਆਂ ਹੈ। ਨਸੀਰ ਅਹਿਮਦ ਦੀ ਕਹਾਣੀ 'ਅਗੂੰਠਾ' ਅਤੇ ਮਖ਼ਦੂਮ ਦੀਪੂ ਸੁਲਤਾਨ ਦੀ 'ਫਰਿਜ ਵਿਚ ਪਿਆ ਟਮਾਟਰ', ਪ੍ਰਤੀਕਮਈ ਸ਼ੈਲੀ ਵਿਚ ਲਿਖੀਆਂ ਹੋਣ ਕਰਨ ਪੜ੍ਹਨੀਆਂ ਔਖੀਆਂ ਹਨ। ਕਰਾਮਤ ਮੁਗਲ

ਦੀ 'ਬੇਖ਼ਬਰ', ਅਲੀ ਓਸਮਾਨ ਬਾਜਵਾ ਦੀ 'ਗੋਗੋ' ਤੇ ਪ੍ਰਵੀਨ ਮਲਿਕ ਦੀਆਂ ਕਹਾਣੀਆਂ ਬਹੁਤ ਵਧੀਆ ਹਨ। ਅੰਜ਼ਮ ਕੁਰੇਸ਼ੀ ਦੀ ਕਹਾਣੀ 'ਗੀਟੀਆਂ' ਮਨ ਨੂੰ ਮੋਹ ਗਈ। ਬਹਿਸ ਵਿਚ ਭਾਗ ਲੈਣ ਵਾਲੇ ਵਿਦਵਾਨਾਂ ਨੇ ਕਹਾਣੀਆਂ ਸਮਝਾਉਣ ਵਿਚ ਕੋਈ ਕਸਰ ਨਹੀਂ ਛੱਡੀ, ਡਾ. ਜਸਵਿੰਦਰ, ਕੁਲਵੰਤ ਸੰਧੂ, ਭਗਵੰਤ ਰਸੂਲਪੁਰੀ, ਰਮਨਪ੍ਰੀਤ ਚੌਹਾਨ ਅਤੇ ਸ਼ਰਨਜੀਤ ਦੀਆਂ ਟਿੱਪਣੀਆਂ ਸਟੀਕ ਹਨ। ਅਜਿਹੇ ਨਿਆਰੇ ਅਤੇ ਪਿਆਰੇ ਅੰਕ ਲਈ ਮੁਬਾਰਕਾਂ।

**ਸ਼ਿਵਦਿਆਲ ਸਿੰਘ**

**ਤਰਨਤਾਰਨ**

ਪਿਆਰੇ ਰਜਨੀਸ਼, ਅੰਕ ਪਹੁੰਚ ਗਿਆ ਅਤੇ ਇੱਕ ਸਾਹੇ ਇਕੋ ਬੈਠਕ ਵਿਚ ਪੜ੍ਹ ਲਿਆ। ਇਹ ਯਾਦਗਾਰੀ ਅੰਕ ਹੈ। ਉਂਝ ਪਾਕਿਸਤਾਨੀ ਪੰਜਾਬੀ ਕਹਾਣੀ ਸਾਡੀ ਕਹਾਣੀ ਤੋਂ ਪਿੱਛੇ ਹੈ। ਅਲੋਚਕਾਂ ਦੀ ਨਵੀਂ ਪੀੜ੍ਹੀ ਦੇ ਵਿਚਾਰ ਪੜ੍ਹ ਕੇ ਖ਼ੁਸ਼ੀ ਹੋਈ ਮੁਨੀਸ਼ ਕੁਮਾਰ, ਗੁਰਪ੍ਰੀਤ ਕੌਰ, ਰਮਨਪ੍ਰੀਤ ਚੌਹਾਨ, ਸ਼ਰਨਜੀਤ ਕੌਰ ਅਸਲੋਂ ਨਵੇਂ ਨਾਂਵ ਹਨ ਇਹਨਾਂ ਵਿਚ ਸੰਭਾਵਨਾਵਾਂ ਬਹੁਤ ਹਨ। ਤੁਹਾਡੀ ਸਮੁੱਚੀ ਟੀਮ ਨੂੰ ਵਧਾਈ।

**ਗੁਰਤੇਜ ਸਿੰਘ**

**ਢਾਂਗੂ ਰੋਡ, ਪਠਾਨਕੋਟ**

ਸੰਪਾਦਕ ਸਾਹਿਬ, ਪਾਕਿਸਤਾਨੀ ਪੰਜਾਬੀ ਗੋਸ਼ਟੀ ਅੰਕ ਪੜ੍ਹਨਯੋਗ ਹੈ। ਬਹਿਸ ਵਿਚੋਂ ਬਹੁਤ ਵਧੀਆ ਨੁਕਤੇ ਉਭਰੇ ਹਨ। ਅੰਜ਼ੁਮ ਕੁਰੇਸ਼ੀ ਦੀ ਕਹਾਣੀ 'ਗੀਟੀਆਂ' ਔਰਤ ਦੀ ਦਸ਼ਾ ਨੂੰ ਮਾਰਮਿਕ ਢੰਗ ਨਾਲ ਬਿਆਨ ਕਰਦੀ ਹੈ। ਓਸਮਾਨ ਬਾਜਵਾ ਦੀ ਗੋਗੋ ਵੀ ਔਰਤ ਦਾ ਵੱਖਰਾ ਰੂਪ ਪੇਸ਼ ਕਰਦੀ ਹੈ। ਪਾਕਿਸਤਾਨੀ ਪੰਜਾਬੀ ਕਹਾਣੀ ਨਾਲ ਸਾਂਝ ਪੁਆਉਣ ਲਈ ਧੰਨਵਾਦ।

**ਨੀਲਮ ਸ਼ਰਮਾ**

**ਰਾਜਪੁਰਾ ਕਲੋਨੀ, ਪਟਿਆਲਾ।**


ਪੁਸਤਕ **ਲੰਮੇ ਪੈਂਡਿਆਂ ਦਾ ਪਾਂਧੀ**:ਜਗਜੀਤ ਸਿੰਘ ਆਨੰਦ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਦਾ ਭਰਪੂਰ ਲੇਖਾ-ਜੋਖਾ ਹੈ। ਇਨ੍ਹਾਂ ਕੰਮਾਂ ਵਿਚ ਉਨ੍ਹਾਂ ਦਾ ਅਨੁਵਾਦ, ਸਾਹਿਤ ਸਿਰਜਣਾ ਅਤੇ ਪੱਤਰਕਾਰੀ ਸ਼ਾਮਲ ਹੈ। ਉਨ੍ਹਾਂ ਦੇ ਜੀਵਨ ਪਾਸਾਰਾਂ ਵਿਚ ਉਨ੍ਹਾਂ ਦੀ ਰਾਜਸੀ ਸੂਝ ਦੀਆਂ ਵੱਖੋ-ਵੱਖਰੀਆਂ ਪਰਤਾਂ ਬਾਰੇ ਜਾਣਕਾਰੀ ਇਸ ਦਸਤਾਵੇਜ਼ ਦੇ ਆਰ-ਪਾਰ ਫੈਲੀ ਹੋਈ ਹੈ।

**- ਪ੍ਰਕਾਸ਼ਕ**

**ਲੰਮੇ ਪੈਂਡਿਆਂ ਦਾ ਪਾਂਧੀ: ਜਗਜੀਤ ਸਿੰਘ ਆਨੰਦ**

**ਸੰਪਾਦਕ: ਰਜਨੀਸ਼ ਬਹਾਦਰ ਸਿੰਘ**

**ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ**

ਪੰਨੇ: 320 ਮੁੱਲ: 280/-